ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 18 October, 2024 ੦੨ ਕੱਤਕ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes



New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4


# ਭਾਰਤ ਅਤੇ ਕੈਨੇਡਾ ਦਰਮਿਆਨ ਤਣਾਅ ਵਧਿਆ

## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ 'ਤੇ ਲਗਾਏ ਵਿਦੇਸ਼ੀ ਦਖਲਅੰਦਾਜ਼ੀ 'ਚ ਸ਼ਾਮਲ ਹੋਣ ਦੇ ਦੋਸ਼




ਸਰੀ, (ਸਿਮਰਨਜੀਤ ਸਿੰਘ): ਬੁੱਧਵਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡੀਅਨ ਖੁਫੀਆ ਏਜੰਸੀਆਂ ਕੋਲ ਇਹ ਜਾਣਕਾਰੀ ਹੈ ਕਿ ਕਈ ਕੰਜ਼ਰਵੇਟਿਵ ਸਿਆਸਤਦਾਨ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ 'ਚ ਸ਼ਾਮਲ ਹਨ ਜਾਂ ਇਸ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। ਇਸ ਦੇ ਨਾਲ ਹੀ ਟਰੂਡੋ ਨੇ ਨੈਸ਼ਨਲ ਸਕਿਊਰਟੀ ਦੇ ਜਾਂਚ ਦਲ ਨੂੰ ਦੱਸਿਆ ਕਿ ਇਸ ਸੂਚੀ ਵਿੱਚ ਕੰਜ਼ਰਵੇਟਿਵ ਪਾਰਟੀ ਅਤੇ ਹੋਰ ਪਾਰਟੀਆਂ ਦੇ ਮੌਜੂਦਾ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਮੈਂਬਰਾਂ ਦੇ ਨਾਮ ਵੀ ਸ਼ਾਮਲ ਹਨ ਪਰ ਉਨ੍ਹਾਂ ਨੇ ਇਸ ਬਾਰੇ ਕੋਈ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ।

ਜਸਟਿਨ ਟਰੂਡੋ ਦਾ ਇਹ ਬਿਆਨ ਇਹ ਖੁਲਾਸਾ ਵਿਦੇਸ਼ੀ ਦਖਲਅੰਦਾਜ਼ੀ ਕਮਿਸ਼ਨ ਵਿਚ ਟਰੂਡੋ ਦੀ ਗਵਾਹੀ ਤੋਂ ਬਾਅਦ ਸਾਹਮਣੇ ਆਇਆ ਹੈ। ਟਰੂਡੋ ਨੇ ਕੰਜ਼ਰਵੇਟਿਵ ਆਗੂ ਪੀਅਰ ਪੋਲੀਐਵ ਦੀ ਇਸ ਗੱਲ 'ਤੇ ਆਲੋਚਨਾ ਕੀਤੀ ਕਿ ਉਹ ਮੁੱਖ ਖੁਫੀਆ ਜਾਣਕਾਰੀ ਨਹੀਂ ਲੈ ਰਹੇ, ਜਿਸ ਨਾਲ ਉਨ੍ਹਾਂ ਦੀ ਆਪਣੀ ਪਾਰਟੀ 'ਤੇ ਖਤਰਾ ਹੈ। ਟਰੂਡੋ ਨੇ ਕਿਹਾ, "ਮੈਂ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਕਈ ਪਾਰਲੀਮੈਂਟ ਮੈਂਬਰਾਂ ਦੇ ਨਾਮਾਂ ਨੂੰ ਜਾਣਦਾ ਹਾਂ ਜੋ ਕਿ ਵਿਦੇਸ਼ੀ ਦਖਲਅੰਦਾਜ਼ੀ ਨਾਲ ਜੁੜੇ ਹੋ ਸਕਦੇ ਹਨ। ਮੈਂ ਸੀਸਿਸ (CSIS) ਨੂੰ ਕਿਹਾ ਕਿ ਉਹ ਕੰਜ਼ਰਵੇਟਿਵ ਪਾਰਟੀ ਦੇ ਆਗੂ ਨੂੰ ਇਸ ਬਾਰੇ ਜਾਣਕਾਰੀ ਦੇਣ। ਪਰ ਪੀਅਰ ਪੌਲੀਐਵ ਇਸ ਬ੍ਰੀਫਿੰਗ ਤੋਂ ਇਨਕਾਰ ਕਰ ਰਹੇ ਹਨ।" ਪੀਅਰ ਪੌਲੀਐਵ ਨੇ ਟਰੂਡੋ ਦੇ ਇਲਜ਼ਾਮਾਂ ਨੂੰ

☛ ਬਾਕੀ ਸਫ਼ਾ 30 'ਤੇ

### ਪੌਲੀਐਵ ਨੇ ਟਰੂਡੋ 'ਤੇ ਝੂਠ ਬੋਲਣ ਦਾ ਦੋਸ਼ ਲਾਇਆ



ਪੌਲੀਐਵ ਨੇ ਟਰੂਡੋ 'ਤੇ ਦੋਸ਼ ਲਗਾਇਆ ਕਿ ਉਹ ਝੂਠ ਬੋਲ ਰਹੇ ਹਨ ਅਤੇ ਉਹਨਾਂ ਨੂੰ ਇਹ ਦੱਸਣ ਦੀ ਮੰਗ ਕੀਤੀ ਕਿ ਉਹਨਾਂ ਦੇ ਪਾਸ ਸਪੱਸ਼ਟ ਦੋਸ਼ ਲਗਾਉਣ ਵਾਲੇ ਨਾਮ ਹਨ ਤਾਂ ਉਹ ਜਨਤਕ ਕੀਤੇ ਜਾਣ। ਪੌਲੀਐਵ ਨੇ ਇਹ ਵੀ ਦੱਸਿਆ ਕਿ ਭਾਰਤ ਤੋਂ ਦਖਲਅੰਦਾਜ਼ੀ ਬਾਰੇ ਉਨ੍ਹਾਂ ਨੂੰ 14 ਅਕਤੂਬਰ ਨੂੰ ਜਾਣੂ ਕਰਵਾਇਆ ਗਿਆ ਸੀ, ਪਰ ਸਰਕਾਰ ਨੇ ਕਦੇ ਵੀ ਉਨ੍ਹਾਂ ਨੂੰ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ।

ਇਸ ਸਾਰੀ ਜਾਂਚ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਮੀਡੀਆ ਰਿਪੋਰਟਾਂ ਵਿੱਚ ਚੀਨ 'ਤੇ 2019 ਅਤੇ 2021 ਦੀਆਂ ਚੋਣਾਂ 'ਤੇ ਦਖਲ ਦੇਣ ਦੇ ਦੋਸ਼ ਲਗਾਏ ਗਏ ਸਨ। ਜਾਂਚ ਕਮੀਸ਼ਨ ਦੀਆਂ ਅੰਤਿਮ ਸੁਣਵਾਈਆਂ 21 ਤੋਂ 25 ਅਕਤੂਬਰ ਤੱਕ ਹੋਣਗੀਆਂ, ਜਿੱਥੇ ਅਧਿਕਾਰੀਆਂ ਅਤੇ ਮਾਹਿਰਾਂ ਦੀ ਗਵਾਹੀ ਤੋਂ ਬਾਅਦ ਹੱਲ ਲੱਭਣ ਦੀ ਕੋਸ਼ਿਸ਼ ਕੀਤੀ

☛ ਬਾਕੀ ਸਫ਼ਾ 30 'ਤੇ

### ਆਰ.ਸੀ.ਐਮ.ਪੀ. ਦੇ ਖੁਲਾਸਿਆਂ ਪਿਛੋਂ ਐਮਰਜੈਂਸੀ ਮੀਟਿੰਗ ਸੱਦਣ ਦਾ ਐਲਾਨ

ਐਮ.ਪੀ. ਅਲਿਸਟੇਅਰ ਮੈਕਗ੍ਰੇਗਰ ਨੇ ਕੈਨੇਡਾ ਵਿੱਚ ਭਾਰਤ ਸਰਕਾਰ ਦੇ ਕਥਿਤ ਗੁਪਤ ਕਾਰਜਾਂ ਦੀ ਜਾਂਚ ਲਈ ਸਰਬਸੰਮਤੀ ਨਾਲ ਪਬਲਿਕ ਸੇਫਟੀ ਅਤੇ ਰਾਸ਼ਟਰੀ ਸੁਰੱਖਿਆ ਬਾਰੇ ਫ਼ੈਡਰਲ ਸਟੈਂਡਿੰਗ ਕਮੇਟੀ ਦੀ ਐਮਰਜੈਂਸੀ ਮੀਟਿੰਗ ਸੱਦਣ ਦਾ ਐਲਾਨ ਕੀਤਾ ਹੈ। ਇਸ ਮੀਟਿੰਗ ਨੂੰ ਦੇਖਦਿਆਂ, ਕਮੇਟੀ ਦੇ ਬੁਲਾਰੇ ਨੇ ਬੁੱਧਵਾਰ ਨੂੰ ਇਕ ਈਮੇਲ ਵਿੱਚ ਕਿਹਾ ਕਿ ਇਹ ਮੀਟਿੰਗ ਸ਼ੁੱਕਰਵਾਰ ਸਵੇਰੇ ਆਯੋਜਿਤ ਹੋਵੇਗੀ। ਮੀਟਿੰਗ ਦੇ ਮੁੱਖ ਮੁੱਦੇ ਵਿੱਚ ਆਰ.ਸੀ.ਐਮ.ਪੀ. ਵੱਲੋਂ ਕੀਤੇ ਗਏ ਖੁਲਾਸੇ ਹਨ, ਜੋ ਕਿ ਕਾਫ਼ੀ ਚਿੰਤਾਜਨਕ ਮੰਨੇ ਜਾ ਰਹੇ ਹਨ।

ਆਰ.ਸੀ.ਐਮ.ਪੀ.ਨੇ ਕਈ ਗੰਭੀਰ ਦਾਅਵੇ ਕੀਤੇ ਹਨ। ਆਰ.ਸੀ.ਐਮ.ਪੀ. ਦੇ ਕਮਿਸ਼ਨਰ ਮਾਈਕ ਡੂਹੇਮ ਨੇ ਦੋਸ਼ ਲਗਾਏ ਕਿ ਭਾਰਤ ਸਰਕਾਰ ਦੇ ਏਜੰਟਾਂ ਦਾ ਕੈਨੇਡਾ ਵਿੱਚ ਇੰਡੋ-ਕੈਨੇਡੀਅਨ ਭਾਈਚਾਰੇ, ਖ਼ਾਸ ਤੌਰ 'ਤੇ ਸਿੱਖ ਭਾਈਚਾਰੇ ਦੇ ਲੋਕਾਂ ਉੱਤੇ ਹਿੰਸਾ, ਜਬਰਨ ਵਸੂਲੀ, ਕਤਲ ਅਤੇ ਧੱਕੇਸ਼ਾਹੀ ਵਾਂਗੂੰ ਅਪਰਾਧਿਕ ਗਤੀਵਿਧੀਆਂ ਨਾਲ ਸੰਬੰਧ ਹੈ। ਇਹ ਦੋਸ਼ ਕੈਨੇਡੀਅਨ ਰਾਜਨੀਤਕ ਪਾਰਟੀਆਂ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਜਿਸ ਕਰਕੇ ਕਮੇਟੀ ਨੇ ਮੀਟਿੰਗ ਕਰਕੇ ਸਰਕਾਰ

☛ ਬਾਕੀ ਸਫ਼ਾ 30 'ਤੇ


ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, MANPREET : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਬ੍ਰਿਟਿਸ਼ ਕੋਲੰਬੀਆ ਚੋਣਾਂ ਵਿੱਚ 40 ਆਜ਼ਾਦ ਉਮੀਦਵਾਰ ਬਦਲਣਗੇ ਸਮੀਕਰਨ ?

ਸਰੀ, (ਸਿਮਰਨਜੀਤ ਸਿੰਘ):ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਚੋਣਾਂ ਵੋਟਿੰਗ ਕੱਲ੍ਹ ਨੂੰ ਹੋਣ ਜਾ ਰਹੀ ਹੈ ਪਰ ਇਸ ਵਾਰ ਦੀਆਂ ਚੋਣਾਂ 'ਚ ਬਹੁਤ ਕੁਝ ਵੱਖਰਾ ਵੇਖਣ ਨੂੰ ਮਿਲ ਰਿਹਾ ਹੈ ਜਿਵੇਂ ਕਿ ਪਹਿਲਾਂ ਬੀ.ਸੀ. ਯੂਨਾਇਟਡ (ਬੀ.ਸੀ.ਲਿਬਰਲ ਪਾਰਟੀ) ਵਲੋਂ ਆਪਣਾ ਸਮਰਥਣ ਬੀ.ਸੀ. ਕੰਜ਼ਰਵੇਟਿਵ ਪਾਰਟੀ ਨੂੰ ਦਿੱਤਾ ਜਾਣਾ ਅਤੇ ਉਸ ਤੋਂ ਬਾਅਦ ਇਨ੍ਹਾਂ ਚੋਣਾਂ 'ਚ ਇਹ ਵੀ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ ਕਿ ਸੂਬਾਈ ਚੋਣਾਂ 'ਚ 40 ਦੇ ਕਰੀਬ ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ੍ਹ ਰਹੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਇਹ ਆਜ਼ਾਦ ਉਮੀਦ ਵਾਰ ਚੋਣਾਂ ਦੇ ਸਮੀਕਰਨ 'ਤੇ ਵੱਡਾ ਪ੍ਰਭਾਵ ਪਾ ਸਕਦੇ ਹਨ ਅਤੇ ਚੋਣਾਂ ਦੌਰਾਨ ਵੱਖ ਵੱਖ ਉਮਦਵਾਰਾਂ 'ਚ ਸਖਤ ਮੁਕਾਬਲੇਬਾਜ਼ੀ ਵੇਖਣ ਨੂੰ ਮਿਲੇਗੀ।




ਬੀਸੀ ਐਨਡੀਪੀ ਅਤੇ ਬੀਸੀ ਕੰਨਜ਼ਵੇਟਿਵ ਪਾਰਟੀਆਂ ਵਿਚਕਾਰ ਸਿੱਧੀ ਟੱਕਰ ਹੋਵੇਗੀ ਪਰ ਇਸੇ ਦੇ ਨਾਲ ਨਾਲ ਸੁਤੰਤਰ ਉਮੀਦਵਾਰ ਚੋਣਾਂ ਦੇ ਨਤੀਜਿਆਂ 'ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੇ ਹਨ। ਬੀਸੀ ਯੂਨਾਇਟ ਦੇ ਪੁਰਾਣੇ ਉਮੀਦਵਾਰ ਮਾਈਕ ਬੇਰਨੀਅਰ, ਡੈਨ ਡੇਵੀਜ਼, ਟੌਮ ਸ਼ਪੀਟਕਾ ਅਤੇ ਕੋਰਾਲੀ ਓਕਸ ਸਮੇਤ ਕਈ ਵੱਡੇ ਸਿਆਸਦਾਨ ਹੁਣ ਬਿਨਾਂ ਪਾਰਟੀ ਦੇ ਆਜ਼ਾਦ ਉਮੀਦਵਾਰ ਵਜੋਂ ਲੜ ਰਹੇ ਹਨ।

ਆਜ਼ਾਦ ਉਮੀਦਵਾਰਾਂ ਵਿੱਚੋਂ ਜੈਕੀ ਲੀ, ਜੋ ਰਿਚਮੰਡ-ਸਟਿਵੇਸਟਨ ਤੋਂ ਲੜ ਰਹੀ ਹੈ ਪਹਿਲਾਂ ਬੀ.ਸੀ. ਯੂਨਾਇਟ ਦੀ ਉਮੀਦਵਾਰ ਸਨ, ਹੁਣ ਉਨ੍ਹਾਂ ਪਾਰਟੀ ਦੇ ਬਿਨਾਂ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਲੀ ਨੇ ਦਰਵਾਜ਼ਿਆਂ 'ਤੇ ਜਾ ਕੇ ਲੋਕਾਂ ਦੇ ਸੰਦਰਭ ਵਿੱਚ ਸੁਣਨ ਦਾ ਜ਼ਿਕਰ ਕੀਤਾ। ਲੀ ਦਾ ਕਹਿਣਾ ਹੈ ਕਿ "ਉਨ੍ਹਾਂ ਨੂੰ ਨਵਾਂ ਉਮੀਦਵਾਰ ਚਾਹੀਦਾ ਹੈ"

ਯੂਨੀਵਰਸਿਟੀ ਆਫ਼ ਫ੍ਰੇਜ਼ਰ ਵੈਲੀ ਦੇ ਰਾਜਨੀਤੀ ਵਿਗਿਆਨੀ ਹੇਮਿਸ਼ ਟੈਲਫੋਰਡ ਨੇ ਕਿਹਾ ਕਿ ਇਸ ਵਾਰ ਦੇ ਸੁਤੰਤਰ ਉਮੀਦਵਾਰਾਂ ਦਾ ਅਲੱਗ ਹੀ ਪੱਖ ਹੈ।

ਇਨ੍ਹਾਂ ਚੋਣਾਂ 'ਚ ਜਿੱਤਣ ਵਾਲੇ ਸੁਤੰਤਰ ਉਮੀਦਵਾਰ ਕਿਸੇ ਵੀ ਸਥਾਨ 'ਤੇ ਇੱਕ ਅਹਿਮ ਭੂਮਿਕਾ ਨਿਭਾਉਣਗੇ, ਜਿਸ ਦਾ ਨਤੀਜਾ ਆਉਣ ਵਾਲੇ ਦਿਨਾਂ ਵਿੱਚ ਮਿਤੀ ਦੇ ਨਾਲ ਇੱਕ ਸ਼ਾਂਤੀਪੂਰਕ ਢੰਗ ਨਾਲ ਰਾਜਨੀਤੀ ਵਿੱਚ ਸਥਿਰਤਾ ਦੀ ਲੋੜ ਬਣੇਗਾ।This report was written by Simranjit Singh as part of the Local Journalism Initiative.

# ਰੁਸਟੈੱਡ ਨੇ 'ਕੈਨੇਡਾ ਹੈਲਥ ਐਕਟ' ਸਬੰਧੀ ਸਿਹਤ ਸੇਵਾਵਾਂ ਦੇ ਦੋਸ਼ਾਂ ਨੂੰ ਨਕਾਰਿਆ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਚੋਣ ਪ੍ਰਚਾਰ ਦੇ ਅੰਤਲੇ ਦਿਨਾਂ ਵਿੱਚ, ਬੀਸੀ ਕੰਜ਼ਰਵੇਟਿਵ ਨੇਤਾ ਜੌਨ ਰੁਸਟੈੱਡ ਨੇ ਨਿਜੀ ਸਿਹਤ ਸੇਵਾਵਾਂ ਬਾਰੇ ਐਨ.ਡੀ.ਪੀ. ਦੇ ਦੋਸ਼ਾਂ ਨੂੰ ਸਿਰੇ ਨਕਾਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ। ਇਹ ਬਹਿਸ ਉਸ ਸਮੇਂ ਛਿੜੀ, ਜਦੋਂ ਐਨ.ਡੀ.ਪੀ. ਨੇ ਰੁਸਟੈੱਡ ਦੀ ਇੱਕ ਰਿਕਾਰਡਿੰਗ ਜਾਰੀ ਕੀਤੀ, ਜਿਸ ਵਿੱਚ ਉਸਨੇ ਕੈਨੇਡਾ ਹੈਲਥ ਐਕਟ ਨੂੰ ਬਦਲ ਬਾਰੇ ਕਿਹਾ ਸੀ।

ਰੁਸਟੈੱਡ ਨੇ ਨੌਨਾਇਮੋ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਐਨ.ਡੀ.ਪੀ. ਦੇ ਦੋਸ਼ਾਂ ਨੂੰ "ਝੂਠ" ਕਰਾਰ ਦਿੰਦੇ ਹੋਏ ਕਿਹਾ, "ਅਸੀਂ ਕਦੇ ਵੀ ਇਸਦੀ ਗੱਲ ਨਹੀਂ ਕੀਤੀ। ਇਹ ਕੈਨੇਡਾ ਹੈਲਥ ਐਕਟ ਦੇ ਖਿਲਾਫ ਹੋਵੇਗਾ, ਅਤੇ ਅਸੀਂ ਇਸਦੀ ਚਰਚਾ ਨਹੀਂ ਕੀਤੀ।"




ਐਨ.ਡੀ.ਪੀ. ਨੇਤਾ ਡੇਵਿਡ ਈਬੀ ਨੇ ਕਿਹਾ ਸੀ ਕਿ ਰੁਸਟੈੱਡ ਇੱਕ "ਅਮਰੀਕੀ ਮਾਡਲ" ਦੀ ਯੋਜਨਾ ਲਿਆਉਣਗੇ, ਜਿਸ ਵਿੱਚ ਜੋ ਲੋਕ ਵੱਧ ਪੈਸੇ ਦੇਣਗੇ ਉਨ੍ਹਾਂ ਦਾ ਇਲਾਜ ਪਹਿਲਾਂ ਕੀਤਾ ਜਾ ਸਕੇਗਾ। ਰਿਕਾਰਡਿੰਗ ਵਿੱਚ ਰੁਸਟੈੱਡ ਕਹਿੰਦੇ ਸੁਣੇ ਗਏ ਕਿ "ਇੱਕ ਦਿਨ ਉਮੀਦ ਹੈ ਕਿ ਇਸ ਵਿਚ ਬਦਲਾਅ ਆਏਗਾ।"

ਰੁਸਟੈੱਡ ਨੇ ਆਪਣੇ ਪਾਰਟੀ ਦੇ ਮੰਚ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਉਹ ਸਿਰਫ਼ ਇੱਕ ਸਿੰਗਲ-ਪੇਅਰ ਸਿਸਟਮ ਦੀ ਯੋਜਨਾ ਲੈ ਕੇ ਆ ਰਹੇ ਹਨ, ਜੋ ਸੇਵਾਵਾਂ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਸੁਤੰਤਰ ਸੰਗਠਨਾਂ ਰਾਹੀਂ ਮੁਹੱਈਆ ਕਰਵਾਏਗਾ। ਉਸਨੇ ਕਿਹਾ, "ਇਹ ਯੂਨੀਵਰਸਲ ਸਿਹਤ ਸੇਵਾ ਹੈ, ਪਰ ਇਹ ਦੋਵੇਂ ਤਰੀਕੇ ਨਾਲ ਮੁਹੱਈਆ ਕੀਤੀ ਜਾਏਗੀ, ਜਿਸ ਨਾਲ ਸਾਡੇ ਸਿਸਟਮ ਵਿੱਚ ਕੁਸ਼ਲਤਾ ਅਤੇ ਸਿਹਤ ਮਾਹਿਰਾਂ ਨੂੰ ਆਕਰਸ਼ਤ ਕਰਨ ਲਈ ਮਦਦ ਮਿਲੇਗੀ।"

ਰੁਸਟੈੱਡ ਨੇ ਨੌਨਾਇਮੋ ਵਿੱਚ ਇੱਕ ਨਵਾਂ ਹੈਲਥ ਟਾਵਰ ਅਤੇ ਕੈਥੀਟਰਾਈਜ਼ੇਸ਼ਨ ਲੈਬ ਬਣਾਉਣ ਲਈ ਯੋਜਨਾ ਦੀ ਘੋਸ਼ਣਾ ਕੀਤੀ, ਜਿਸ ਨਾਲ ਦਿਲ ਦੇ ਮਰੀਜ਼ਾਂ ਦੀ ਦੇਖਭਾਲ ਵਿੱਚ ਸੁਧਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਤਜਰਬਾ ਬੀਸੀ ਦੇ ਹੋਰ ਹਿਸਿਆਂ ਵਿੱਚ ਵੀ ਲਾਗੂ ਕੀਤਾ ਜਾਵੇਗਾ। This report was written by Simranjit Singh as part of the Local Journalism Initiative.

# ਸਰੀ ਵਿੱਚ ਛੁਰੇਬਾਜ਼ੀ ਕਰਨ ਵਾਲੀਆਂ ਤਿੰਨ ਔਰਤਾਂ ਦੀ ਭਾਲ, ਪੁਲਿਸ ਵਲੋਂ ਵੀਡੀਓ ਜਾਰੀ



ਸਰੀ : ਬੀ.ਸੀ. ਵਿੱਚ ਪੁਲਿਸ ਤਿੰਨ ਔਰਤਾਂ ਦੀ ਭਾਲ ਕਰ ਰਹੀ ਜੋ ਮਾਮੂਲੀ ਝਗੜੇ 'ਚ ਸ਼ਾਮਲ ਹੋ ਕੇ ਛੁਰੇਬਾਜ਼ੀ ਦੀ ਘਟਨਾ ਲਈ ਜ਼ਿੰਮੇਵਾਰ ਮੰਨੀਆਂ ਜਾ ਰਹੀਆਂ ਹਨ। ਇਹ ਘਟਨਾ ਵੇਲੀ ਖੇਤਰ ਵਿੱਚ ਹੋਈ। ਸਰੀ ਆਰ.ਸੀ.ਐਮ.ਪੀ. ਨੂੰ ਬੀਤੇ ਦਿਨੀਂ ਯੂਨੀਵਰਸਿਟੀ ਡਰਾਈਵ ਨੇੜੇ 102 ਐਵੇਨਿਊ 'ਤੇ ਇੱਕ ਔਰਤ 'ਤੇ ਹਮਲੇ ਦੀ ਸੂਚਨਾ ਮਿਲੀ।

ਪੁਲਿਸ ਦੇ ਮੌਕੇ 'ਤੇ ਪਹੁੰਚਣ 'ਤੇ ਪਤਾ ਲੱਗਾ ਕਿ ਮੌਕੇ 'ਤੇ ਮੌਜੂਦ ਇੱਕ ਵਿਅਕਤੀ ਨੇ ਛੁਰੇਬਾਜ਼ੀ 'ਚ ਗੰਭੀਰ ਜ਼ਖ਼ਮੀ ਔਰਤ ਨੂੰ ਹਸਪਤਾਲ ਪਹੁੰਚਾ ਦਿੱਤਾ ਸੀ। ਪੁਲਿਸ ਦਾ ਕਹਿਣਾ ਹੈ ਕਿ ਹਮਲਾ ਘਰ ਸਾਹਮਣੇ ਵਾਲੇ ਫੁਟਪਾਥ 'ਤੇ ਹੋਇਆ ਸੀ।

ਸਰੀ ਆਰ.ਸੀ.ਐਮ.ਪੀ. ਮੁਤਾਬਕ, ਇਹ ਹਮਲਾ ਕਰਨ ਵਾਲੀਆਂ ਤਿੰਨ ਜਵਾਨ ਔਰਤਾਂ ਨੂੰ ਪੀੜਤ ਦੇ ਨਾਲ ਕੋਈ ਜਾਣ-ਪਹਿਚਾਣ ਨਹੀਂ ਸੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਤਿੰਨੋਂ ਦੀ ਉਮਰ ਲਗਭਗ 15 ਤੋਂ 20 ਸਾਲ ਦੇ ਵਿਚਕਾਰ ਹੈ।

ਪਹਿਲੀ ਸ਼ੱਕੀ ਔਰਤ ਦੀ ਸ਼ਕਲ-ਸੂਰਤ, ਵਾਲ ਘੁੰਗਰਾਲੂ ਅਤੇ ਪੋਨੀਟੇਲ ਵਿੱਚ ਬੰਨ੍ਹੇ ਹੋਏ ਸਨ। ਉਸਦੇ ਵਾਲਾਂ ਦਾ ਉੱਪਰਲਾ ਹਿੱਸਾ ਕਾਲਾ ਅਤੇ ਹੇਠਾਂ ਦਾ ਹਿੱਸਾ ਸੁਨਿਹਰੀ ਰੰਗ ਦਾ ਸੀ। ਉਸ ਨੇ ਸਲੇਟੀ ਰੰਗ ਦੀ ਸਵੈਟਪੈਂਟਸ, ਸਲੇਟੀ ਹੂਡੀ ਅਤੇ ਚਿੱਟੇ ਬੂਟ ਪਹਿਨੇ ਹੋਏ ਸਨ। ਉਸ ਕੋਲ ਇੱਕ ਕਾਲਾ ਬੈਗ ਅਤੇ ਸਾਈਡ ਬੈਗ ਵੀ ਸੀ।

ਦੂਜੀ ਸ਼ੱਕੀ ਔਰਤ ਪਤਲੀ ਸੀ, ਜਿਸ ਨੇ ਕਾਲੀ ਯੋਗਾ ਪੈਂਟ, ਕਾਲੀ ਹੂਡੀ ਜਿਸ ਉੱਤੇ ਲਾਲ ਤੇ ਸੰਤਰੀ ਲੋਗੋ ਸੀ ਅਤੇ ਕਨਵਰਸ-ਸਟਾਈਲ ਦੇ ਜੁੱਤੇ ਪਹਿਨੇ ਸਨ। ਉਸ ਦੇ ਲੰਮੇ ਵਾਲ ਲਾਲ ਤੇ ਸੰਤਰੀ ਰੰਗ ਦੇ ਸਨ।

ਤੀਜੀ ਸ਼ੱਕੀ ਔਰਤ ਕਾਲੀ ਪੈਂਟ, ਕੈਮੋਫਲਾਜ਼ ਪੈਟਰਨ ਵਾਲੀ ਲਾਲ ਤੇ ਸੰਤਰੀ ਜ਼ਿਪ-ਅੱਪ ਹੂਡੀ ਅਤੇ ਚਿੱਟੇ ਜੁੱਤੇ ਪਹਿਨੇ ਹੋਏ ਸਨ। ਉਸ ਦੇ ਨੀਲੇ ਵਾਲ ਸਨ।

ਪੁਲਿਸ ਵਲੋਂ ਕਿਹਾ ਗਿਆ ਹੈ ਕਿ ਇਹਨਾਂ ਔਰਤਾਂ ਬਾਰੇ ਕੋਈ ਜਾਣਕਾਰੀ ਮਿਲੇ ਜਾਂ ਘਟਨਾ ਬਾਰੇ ਕੁਝ ਪਤਾ ਹੋਵੇ, ਤਾਂ ਉਸ ਨੂੰ ਤੁਰੰਤ ਸਰੀ ਆਰ.ਸੀ.ਐਮ.ਪੀ. ਨਾਲ 604-599-0502 'ਤੇ ਸੰਪਰਕ ਕਰ ਸਕਦਾ ਹੈ।

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਤਾਜ਼ਾ ਸਰਵੇਖਣਾਂ ਵਿੱਚ ਐਨ.ਡੀ.ਪੀ. ਦਾ ਪਲੜਾ ਕੰਜ਼ਰਵੇਟਿਵਾਂ ਨਾਲੋਂ ਭਾਰੀ

ਸਰੀ, (ਸਿਮਰਨਜੀਤ ਸਿੰਘ) The Angus Ried Insittute ਨੇ ਆਪਣਾ ਤਾਜ਼ਾ ਸਰਵੇਅ ਜਾਰੀ ਕੀਤਾ, ਜਿਸ ਵਿੱਚ ਐਨ.ਡੀ.ਪੀ. ਨੇ ਕੰਜ਼ਰਵੇਟਿਵ ਪਾਰਟੀ 'ਤੇ ਪੰਜ ਅੰਕਾਂ ਦੀ ਅਗਵਾਈ ਦਰਸਾਈ। ਸਰਵੇਅ ਅਨੁਸਾਰ ਐਨ.ਡੀ.ਪੀ. ਦਾ ਸਮਰਥਨ 45% ਹੈ, ਕੰਜ਼ਰਵੇਟਿਵ ਪਾਰਟੀ ਦਾ 40%, ਅਤੇ ਘਰਇਨ ਪਾਰਟੀ ਨੂੰ 12% ਫੀਸਦੀ ਵੋਟਾਂ ਦਾ ਸਮਰਥਨ ਪ੍ਰਾਪਤ ਹੋ ਰਿਹਾ ਹੈ। ਇਹ ਸਰਵੇਅ ਵੀ ਦੱਸਦਾ ਹੈ ਕਿ ਵੈਨਕੂਵਰ ਅਤੇ ਬਰਨਾਬੀ 'ਚ ਐਨ.ਡੀ.ਪੀ. ਨੂੰ 56% ਸਮਰਥਨ ਹੈ, ਜਦਕਿ ਕੰਜ਼ਰਵੇਟਿਵ ਪਾਰਟੀ ਨੂੰ 31%, ਸਰੀ ਅਤੇ ਰਿਚਮੰਡ 'ਚ ਇਹ ਅੰਕੜਾ 49% ਤੋਂ 36%










ਹੈ। ਉੱਤਰੀ ਵੈਨਕੂਵਰ ਅਤੇ ਟਰਾਈ ਸਿਟੀਜ਼ 'ਚ ਇਹ ਮੁਕਾਬਲਾ 46% ਤੋਂ 44% ਹੈ, ਜਦੋਂ ਕਿ ਫ੍ਰੇਜ਼ਰ ਵੈਲੀ ਅਤੇ ਇੰਟੀਰੀਅਰ ਵਿੱਚ ਕੰਜ਼ਰਵੇਟਿਵ ਪਾਰਟੀ ਅੱਗੇ ਹੈ। ਇਸ ਵਾਰ ਦੀਆਂ ਚੋਣਾਂ 'ਚ ਹੈਲਥਕੇਅਰ ਮੁੱਖ ਚੋਣ ਮਸਲਾ ਬਣ ਗਿਆ ਹੈ, ਜੋ ਇੱਕ ਸਾਲ ਤੋਂ ਵੱਧ ਸਮੇਂ ਤੱਕ ਮਹਿੰਗਾਈ ਦੇ ਮਸਲੇ ਤੋਂ ਬਾਅਦ ਪਹਿਲੀ ਵਾਰ ਏਜੰਡੇ 'ਤੇ ਆਇਆ ਹੈ। ਅਨਗੁਸ ਇਦ ਦੇ ਪ੍ਰਧਾਨ ਸ਼ਾਚੀ ਕੁਰਲ ਨੇ ਕਿਹਾ, "ਐਨ.ਡੀ.ਪੀ. ਲਈ ਇਹ ਚੋਣਾਂ ਦੇ ਆਖਰੀ ਦਿਨਾਂ ਵਿੱਚ ਫ਼ਾਇਦਾ ਸਾਬਤ ਹੋ ਸਕਦਾ ਹੈ।" This report was written by Simranjit Singh as part of the Local Journalism Initiative.

# ਵਿਲੀਅਮਜ਼ ਲੇਕ ਫਸਟ ਨੇਸ਼ਨ ਵਲੋਂ ਸੈਂਟ ਜੋਸਫ਼ ਮਿਸ਼ਨ ਰਿਹਾਇਸ਼ੀ ਸਕੂਲ ਵਿੱਚ 55 ਹੋਰ ਬੱਚਿਆਂ ਦੀ ਮੌਤ ਜਾਂ ਗੁੰਮਸ਼ੁਦਗੀ ਦੀ ਪੁਸ਼ਟੀ

ਸਰੀ, (ਸਿਮਰਨਜੀਤ ਸਿੰਘ) :ਬ੍ਰਿਟਿਸ਼ ਕੋਲੰਬੀਆ ਦੀ ਫਸਟ ਨੇਸ਼ਨ ਨੇ ਕਿਹਾ ਹੈ ਕਿ ਵਿਲੀਅਮਜ਼ ਲੇਕ ਨੇੜੇ ਸੈਂਟ ਜੋਸਫ਼ ਮਿਸ਼ਨ ਰਿਹਾਇਸ਼ੀ ਸਕੂਲ ਵਿੱਚ ਘੱਟੋ-ਘੱਟ 55 ਬੱਚਿਆਂ ਦੀ ਮੌਤ ਜਾਂ ਉਹ ਗੁੰਮ ਹੋਣ ਦੇ ਤੱਥ ਸਾਹਮਣੇ ਆਏ ਹਨ, ਜੋ ਕਿ ਨੇਸ਼ਨਲ ਸੈਂਟਰ ਫ਼ਾਰ ਟਰੂਥ ਐਂਡ ਰਿਕੰਸਿਲੀਏਸ਼ਨ ਦੇ ਰਿਕਾਰਡ ਕੀਤੇ ਅੰਕੜੇ ਤੋਂ ਤਿੰਨ ਗੁਣਾ ਵੱਧ ਹੈ।

ਇਹ ਨਵਾਂ ਅੰਕੜਾ ਸੈਂਟ ਜੋਸਫ਼ ਮਿਸ਼ਨ ਰਿਹਾਇਸ਼ੀ ਸਕੂਲ ਦੇ ਬਾਰੇ ਵਿਲੀਅਮਜ਼ ਲੇਕ ਫਸਟ ਨੇਸ਼ਨ ਦੀ ਇਕ ਅੰਤਰਿਮ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ, ਇਸ ਸਾਲ ਮਿੱਟੀ ਦੇ ਹੇਠਾਂ ਰਡਾਰ ਸਰਵੇ ਦਾ ਅੰਤਿਮ ਨਤੀਜਾ ਆਵੇਗਾ ਅਤੇ ਕਿਸੇ ਵੀ ਖੋਦਾਈ ਜਾਂ ਕਬਰਾਂ ਦੀ ਪਛਾਣ ਤੋਂ ਪਹਿਲਾਂ ਮੀਟਿੰਗਾਂ ਕੀਤੀਆਂ ਜਾਣਗੀਆਂ।

ਇਹ ਰਿਪੋਰਟ ਕਹਿੰਦੀ ਹੈ ਕਿ ਹਾਲੇ ਤੱਕ ਕੋਈ ਵੀ ਮਨੁੱਖੀ ਅਵਸ਼ੇਸ਼ ਨਹੀਂ ਲੱਭੇ ਗਏ, ਪਰ ਉਹਨਾਂ ਨੂੰ ਜਿਨ੍ਹਾਂ ਨੇ ਇਸ ਪੜਚੋਲ 'ਤੇ ਸਵਾਲ ਉਠਾਏ ਹਨ, ਇਹ ਕਿਹਾ ਗਿਆ ਹੈ ਕਿ " ਸਬੂਤ" ਮਿਲੇ ਹਨ ਜੋ ਵਿਗਿਆਨਕ ਢੰਗ ਨਾਲ ਇਕੱਠੇ ਕੀਤੇ ਜਾ ਰਹੇ ਹਨ।

ਇਹ ਰਿਪੋਰਟ ਕੈਨੇਡਾ ਦੇ ਕਈ ਨਾਗਰਿਕਾਂ ਨੂੰ ਸੂਚਿਤ ਕਰਦੀ ਹੈ ਕਿ ਇਹ ਅਨੁਕੂਲ ਨਹੀਂ ਲੱਗੇਗਾ ਕਿ ਰਿਹਾਇਸ਼ੀ ਸਕੂਲਾਂ ਦੇ ਖੋਜਕਾਰੀਆਂ ਨੇ ਸਾਡੇ ਅਤੀਤ ਦਾ ਮੁਲਾਂਕਨ ਕਰਨਾ ਸ਼ੁਰੂ ਕੀਤਾ ਹੈ, ਪਰ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਇਹ ਲਾਜ਼ਮੀ ਕਦਮ ਹੈ।

ਪਹਿਲਾਂ ਦੀਆਂ ਖੋਜਾਂ ਵਿੱਚ, ਮਿੱਟੀ ਹੇਠ ਮਾਰ ਕਰਨ ਵਾਲੀ ਰਡਾਰ ਦੀ



ਵਰਤੋਂ ਨਾਲ ਇਸ ਸਾਈਟ 'ਤੇ 159 ਸੰਭਾਵਿਤ ਬੇਨਾਮੀ ਕਬਰੀਆਂ ਦੀ ਪਛਾਣ ਕੀਤੀ ਗਈ ਸੀ। ਸੈਂਟ ਜੋਸਫ਼ ਮਿਸ਼ਨ ਸਕੂਲ 1891 ਤੋਂ 1981 ਤੱਕ ਚੱਲਿਆ ਅਤੇ ਇਹ ਖੇਤਰ 782 ਹੈਕਟੇਅਰ ਜ਼ਮੀਨ 'ਤੇ ਫੈਲਿਆ ਹੋਇਆ ਹੈ।

ਰਿਪੋਰਟ ਅਨੁਸਾਰ, ਨੇਸ਼ਨਲ ਸੈਂਟਰ ਫ਼ਾਰ ਟਰੂਥ ਐਂਡ ਰਿਕੰਸਿਲੀਏਸ਼ਨ ਰਜਿਸਟਰ ਮੁਤਾਬਕ ਸਿਰਫ 16 ਬੱਚਿਆਂ ਦੀ ਮੌਤ ਦਾ ਜ਼ਿਕਰ ਹੈ। ਇਹ 39 ਹੋਰ ਮੌਤਾਂ ਜਾਂ ਗੁੰਮਸ਼ੁਦਗੀ "ਅਰਕਾਈਵਲ ਦਸਤਾਵੇਜ਼ਾਂ" ਰਾਹੀਂ ਸਾਬਤ ਕੀਤੀ ਗਈ ਹੈ। ਰਿਪੋਰਟ ਕਹਿੰਦੀ ਹੈ ਕਿ ਖੋਜ ਦੌਰਾਨ 61,000 ਤੋਂ ਵੱਧ ਦਸਤਾਵੇਜ਼ ਅਤੇ ਫ਼ੋਟੋਆਂ ਪ੍ਰਾਪਤ ਕੀਤੀਆਂ ਗਈਆਂ ਹਨ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit # 105, 12568-72 Ave, Surrey



BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY
BACK LIFE
INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ



Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.


ਡੇਵਿਡ ਈਬੀ ਅਤੇ ਬੀਸੀ ਐਨਡੀਪੀ ਟੀਮ, ਤੁਹਾਡੇ ਨਾਲ ਤੁਹਾਡੇ ਲਈ!
• $1,000 ਦੀ ਰਾਹਤ ਘਰੇਲੂ ਖਰਚੇ ਵਿਚ ਮਦਦ ਕਰਨ ਲਈ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ $1000 ਦੀ ਸਾਲਾਨਾ ਟੈਕਸ ਕਟੌਤੀ - ਜੋ ਪਰਿਵਾਰਾਂ ਲਈ ਹਜ਼ਾਰਾਂ ਹੀ ਡਾਲਰ ਦੀ ਮਦਦ ਕਰੇਗੀ।
• ਬਜ਼ੁਰਗਾਂ ਲਈ ਮੁਫਤ ਬੱਸ ਪਾਸ, ਨਾਲ ਹੀ ਸਕਾਈਟ੍ਰੇਨ, ਬੱਸ ਰੈਪਿਡ ਟ੍ਰਾਂਜ਼ਿਟ ਨੂੰ ਐਕਸਪੈਂਡ ਕਰ ਰਹੇ ਹਨ।
• ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ, ਅਤੇ ਬਿਹਤਰ ਹੈਲਥ ਕੇਅਰ ਲਈ ਹੋਰ ਲੋਕਲ ਡਾਕਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਤਾਂ ਜੋ ਸਾਡੇ ਬੱਚੇ ਸਾਡੇ ਲਾਗੇ ਪੱੜ ਸਕਣ।।
• ਆਈਸੀਬੀਸੀ (ICBC) ਦੇ ਰੇਟਾਂ ਵਿਚ $500 ਦੀ ਬਚਤ--- ਰਸਟੈਡ ਦਾ ਮਹਿੰਗਾ ਅਲਬਰਟਾ - ਸਟਾਈਲ ਪਲੈਨ ਤੁਹਾਡੀ ਇੰਸ਼ੋਰਨਸ ਦੁਗਣੀ ਕਰ ਸਕਦਾ ਹੈ।
• ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ, ਸਾਰਿਆਂ ਲਈ ਬਿਹਤਰ ਹੈਲਥ ਕੇਅਰ ਨੂੰ ਯਕੀਨੀ ਬਣਾ ਰਹੇ ਹਨ।
• ਅਸੀ ਹਜ਼ਾਰਾਂ ਹੋਰ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਨ ਵਾਲੇ ਵਰਕਰਾਂ ਨੂੰ ਭਰਤੀ ਕਰ ਰਹੇ ਹਨ, ਅਤੇ ਰਸਟੈਡ ਦੇ ਹੈਲਥ ਕੇਅਰ ਵਿਚੋਂ ਖਤਰਨਾਕ $4 ਬਿਲੀਅਨ ਦੀਆਂ ਕਟੌਤੀਆਂ ਦਾ ਵਿਰੋਧ ਕਰਨਾI
• ਵਧੇਰੀ ਮਿਡਲ ਕਲਾਸ ਹਾਊਸਿੰਗ ਅਤੇ ਖਾਲੀ ਪਏ ਮਕਾਨਾਂ ਨੂੰ ਘਰਾਂ ਵਿਚ ਤਬਦੀਲ ਕਰਨ ਲਈ ਠੋਸ ਕਦਮ ਚੁੱਕ ਰਹੇ ਹਨ।
David Eby
BC NDP
ਰੀਆ ਅਰੋੜਾ
REAH ARORA
BURNABY EAST
ਰਾਜ ਚੌਹਾਨ
RAJ CHOUHAN
BURNABY-NEW WESTMINSTER
BC NDP
ਜੈਨੇਟ ਰਾਊਟਲੈਜ
JANET ROUTLEDGE
BURNABY NORTH
ਪੌਲ ਚੋਏ
PAUL CHOI
BURNABY SOUTH-METROTOWN
ਰਵੀ ਕਾਹਲੋਂ
RAVI KAHLON
DELTA NORTH
ਜੌਨ ਐਲਡੈਗ
JOHN ALDAG
LANGLEY-ABBOTSFORD
ਲਿੰਡਾ ਲੀ
LINDA LI
RICHMOND-BRIDGEPORT
ਅਮਨ ਸਿੰਘ
AMAN SINGH
RICHMOND-QUEENSBOROUGH
ਆਮਨਾ ਸ਼ਾਹ
AMNA SHAH
SURREY CITY CENTRE
ਮਾਇਕ ਸਤਾਰਚੱਕ
MIKE STARCHUK
SURREY-CLOVERDALE
ਜਗਰੂਪ ਬਰਾੜ
JAGRUP BRAR
SURREY-FLEETWOOD
ਗੈਰੀ ਬੈੱਗ
GARRY BEGG
SURREY-GUILDFORD
ਜੈਸੀ ਸੁੰਨੜ
JESSIE SUNNER
SURREY-NEWTON
ਰਚਨਾ ਸਿੰਘ
RACHNA SINGH
SURREY NORTH
ਜਿੰਨੀ ਸਿਮਸ
JINNY SIMS
SURREY-PANORAMA
ਬਲਤੇਜ ਸਿੰਘ ਢਿੱਲੋਂ
BALTEJ SINGH DHILLON
SURREY-SERPENTINE RIVER
ਹਰੂਨ ਗ਼ਫ਼ਾਰ
HAROON GHAFFAR
SURREY SOUTH
ਜੋਰਜ ਚਾਓ
GEORGE CHOW
VANCOUVER-FRASERVIEW
ਸੁਨੀਤਾ ਧੀਰ
SUNITA DHIR
VANCOUVER-LANGARA
AUTHORIZED BY KAREN COOLING, FINANCIAL AGENT, 604-430-8600

# ਕੈਨੇਡਾ 'ਚ ਮਹਿੰਗਾਈ ਦਰ ਕਾਬੂ 'ਚ ਆਉਣ ਤੋਂ ਬਾਅਦ ਵੀ ਲੋਕ ਵੀ ਵਿੱਤੀ ਦਬਾਅ ਹੇਠ



ਸਰੀ, (ਸਿਮਰਨਜੀਤ ਸਿੰਘ): ਹਾਲ ਹੀ 'ਚ ਸਤੰਬਰ ਮਹੀਨੇ ਵਿਚ ਮਹਿੰਗਾਈ ਦੀ ਦਰ ਤਿੰਨ ਸਾਲਾਂ ਦੇ ਹੇਠਲੇ ਪੱਧਰ 'ਤੇ ਆਉਣ ਦੀ ਖ਼ਬਰਾਂ ਦੇ ਬਾਵਜੂਦ, ਬਹੁਤ ਸਾਰੇ ਕਨੇਡੀਅਨ ਅਜੇ ਵੀ ਆਪਣੇ ਵਿੱਤੀ ਹਾਲਾਤਾਂ ਨਾਲ ਜੂਝ ਰਹੇ ਹਨ। ਜਿਥੇ ਕੁਝ ਲੋਕ ਆਰਥਿਕ ਤਸਵੀਰ ਦੇ ਸੁਧਰ ਰਹੇ ਹੋਣ ਦੀਆਂ ਗੱਲਾਂ ਕਰ ਰਹੇ ਹਨ, ਉੱਥੇ ਹੀ ਆਮ ਮੱਧ ਵਰਗੀ ਲੋਕ ਅਜੇ ਵੀ ਮਹਿੰਗੇ ਜੀਵਨ ਅਤੇ ਰਹਿਣ-ਸਹਿਣ ਦੀਆਂ ਵਧੀਆਂ ਲਾਗਤਾਂ ਨਾਲ ਸੰਘਰਸ਼ ਕਰ ਰਹੇ ਹਨ।

ਬੁੱਧਵਾਰ ਨੂੰ ਜਾਰੀ ਹੋਏ ਨਵੇਂ ਸਰਵੇਖਣਾਂ ਅਨੁਸਾਰ, ਬਹੁਤ ਸਾਰੇ ਲੋਕ ਮਹਿੰਗਾਈ ਦੇ ਬਾਵਜੂਦ ਬੱਚਤ ਕਰਨ ਲਈ ਵੱਖ-ਵੱਖ ਤਰੀਕਿਆਂ ਦਾ ਸਹਾਰਾ ਲੈ ਰਹੇ ਹਨ। ਐਮਐਨਪੀ ਕਨਜ਼ਿਊਮਰ ਡੈਬਟ ਇੰਡੈਕਸ, ਜੋ ਸਤੰਬਰ ਵਿੱਚ ਆਈਪਸੋਸ ਪੋਲਿੰਗ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ, ਦੀ ਰਿਪੋਰਟ ਅਨੁਸਾਰ 30 ਪ੍ਰਤੀਸ਼ਤ ਲੋਕ 'ਬਿੱਲ-ਸਪਲਿਟਿੰਗ' ਵਰਗੇ ਤਰੀਕਿਆਂ ਨਾਲ ਖਰਚਿਆਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸਦਾ ਮਤਲਬ ਹੈ ਕਿ ਉਹ ਕਾਰਪੂਲਿੰਗ, ਸੇਲਾਂ ਵਿੱਚ ਵੱਧ ਖਰੀਦਣਾ, ਸਬਸਕ੍ਰਿਪਸ਼ਨ ਸਾਂਝੇ ਕਰਨ ਅਤੇ ਹੋਰ ਲੋਕਾਂ ਨਾਲ ਰਹਿਣਾ ਆਦਿ ਕਰ ਰਹੇ ਹਨ।

ਹਾਲਾਂਕਿ ਕੁਝ ਖੇਤਰਾਂ ਵਿੱਚ ਮਹਿੰਗਾਈ ਘੱਟ ਹੋਈ ਹੈ, ਜਿਵੇਂ ਪੈਟਰੋਲ ਦੀਆਂ ਕੀਮਤਾਂ ਅਤੇ ਕੁੱਝ ਉਤਪਾਦਾਂ ਦੀਆਂ ਛੂਟਾਂ ਨੇ ਰਾਹਤ ਦਿੱਤੀ ਹੈ, ਪਰ ਕੈਨੇਡੀਅਨ ਜੀਵਨ ਦੀ ਲਾਗਤ ਕਈ ਸਾਲਾਂ ਤੋਂ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿੱਚ, ਉਪਭੋਗਤਾ ਕੀਮਤ ਸੂਚਕਾਂਕ (ਛਫੀ) 12.6 ਪ੍ਰਤੀਸ਼ਤ ਵਧ ਚੁੱਕਾ ਹੈ।

ਕਿਰਾਏ ਦੇ ਖਰਚੇ ਅਤੇ ਗ੍ਰੋਸਰੀਆਂ—ਪਿਛਲੇ ਕੁਝ ਸਾਲਾਂ ਵਿੱਚ 20 ਪ੍ਰਤੀਸ਼ਤ ਤੋਂ ਵੀ ਵੱਧ ਵਧੇ ਹਨ। ਇਸ ਨਾਲ ਸਾਫ਼ ਹੈ ਕਿ ਮਹਿੰਗਾਈ ਰੋਕਣ ਦੇ ਯਤਨ ਬਾਵਜੂਦ ਖਰਚਿਆਂ ਦਾ ਬੋਝ ਕਈ ਘਰਾਂ ਦੇ ਵਿੱਤੀ ਸੰਸਥਾਵਾਂ 'ਤੇ ਦਬਾਅ ਬਣ ਰਿਹਾ ਹੈ।

'ਇਰਦਾਂਓਲਲਏਟ ਕੈਨੇਡਾ ਦੀ ਪ੍ਰਵਕਤਾ ਸ਼ੈਨਨ ਟੈਰਲ ਕਹਿੰਦੀ ਹੈ ਕਿ ਮਾਸਿਕ ਜਾਂ ਸਾਲਾਨਾ ਮਹਿੰਗਾਈ ਦਰਾਂ 'ਤੇ ਧਿਆਨ ਦੇਣ ਨਾਲ ਕੁਝ ਵੱਡੀਆਂ ਚੁਣੌਤੀਆਂ ਤੋਂ ਨਜ਼ਰ ਹਟ ਸਕਦੀ ਹੈ। "ਹਾਲਾਂਕਿ ਅਸੀਂ ਮਹਿੰਗਾਈ ਵਿੱਚ ਸੁਧਾਰ ਦੇਖ ਰਹੇ ਹਾਂ, ਪਰ ਸੱਚਾਈ ਇਹ ਹੈ ਕਿ ਕਨੇਡੀਅਨ ਲੋਕਾਂ ਨੇ ਕਈ ਸਾਲਾਂ ਤੋਂ ਬੇਹੱਦ ਉੱਚੀਆਂ ਕੀਮਤਾਂ ਦਾ ਸਾਹਮਣਾ ਕੀਤਾ ਹੈ ਜੋ ਕਿ ਅਜੇ ਵੀ ਜਾਰੀ ਹੈ।

ਉਹਨਾਂ ਕਿਹਾ ਕਿ ਮਹਿੰਗਾਈ ਦਰ ਘਟੀ ਹੈ ਪਰ ਚੀਜ਼ਾਂ ਦੀਆਂ ਕੀਮਤਾਂ ਨਹੀਂ ਘਟੀਆਂ ਸਿਰਫ਼ ਥਮ ਗਈਆਂ ਹਨ ਜਾਂ ਕੀਮਤਾਂ 'ਚ ਵਾਧਾ ਧੀਮਾਂ ਹੋਇਆ ਹੈ।

ਮਹਿੰਗਾਈ ਨੂੰ ਵਧਾਉਣ ਵਾਲਾ ਸਭ ਤੋਂ ਵੱਡਾ ਤੱਤ ਮੌਰਟਗੇਜ ਦੇ ਵਿਆਜ਼ ਖਰਚਿਆਂ 'ਚ ਵਾਧਾ ਹੈ, ਜਿਸਦਾ ਸਿੱਧਾ ਅਸਰ ਕੈਨੇਡਾ ਬੈਂਕ ਦੀਆਂ ਤੇਜ਼ ਵਿਆਜ ਦਰ ਵਧਾਉਣ ਵਾਲੀਆਂ ਨੀਤੀਆਂ ਨਾਲ ਪਿਆ। ਹਾਲਾਂਕਿ ਕੈਨੇਡਾ ਬੈਂਕ ਨੇ ਜੂਨ ਤੋਂ ਲੈ ਕੇ ਤਿੰਨ ਵਿਆਜ ਦਰਾਂ 'ਚ ਕਟੌਤੀ ਕੀਤੀ ਹੈ, ਪਰ ਬੌਰੋਅਰਾਂ ਲਈ ਖ਼ਰਚੇ ਅਜੇ ਵੀ ਬਹੁਤ ਜ਼ਿਆਦਾ ਹਨ।

ਵੈਸ ਕੌਵਨ ਦੱਸਦੇ ਹਨ ਕਿ ਜਦ ਤੱਕ ਵਿਆਜ ਦਰਾਂ ਵਿੱਚ ਹੋਰ ਕਟੌਤੀ ਨਹੀਂ ਹੁੰਦੀ, ਲੋਕਾਂ ਨੂੰ ਅਜੇ ਵੀ ਇਸ ਬੋਝ ਦਾ ਸਾਹਮਣਾ ਕਰਨਾ ਪਵੇਗਾ।

ਇਕ ਆਂਕੜੇ ਮੁਤਾਬਕ, ਮਾਸਿਕ ਸਰਵੇਖਣ ਵਿੱਚ 31 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਉਹਨਾਂ ਨੂੰ ਲੱਗਦਾ ਹੈ ਕਿ ਇੱਕ ਸਾਲ ਬਾਅਦ ਉਹਨਾਂ ਦੀ ਕਰਜ਼ੇ ਦੀ ਸਥਿਤੀ ਸੁਧਰੇਗੀ। ਪਰ 48 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ, ਭਾਵੇਂ ਵਿਆਜ ਦਰਾਂ ਘਟਣ, ਉਹਨਾਂ ਨੂੰ ਆਪਣਾ ਕਰਜ਼ਾ ਵਾਪਸ ਕਰਨ ਬਾਰੇ ਅਜੇ ਵੀ ਚਿੰਤਾ ਹੈ। This report was written by Simranjit Singh as part of the Local Journalism Initiative.

# ਐਬਟਸਫੋਰਡ ਵਿੱਚ ਓਵਰਪਾਸ ਨਾਲ ਟਕਰਾਏ ਟਰੱਕ ਦੇ ਡਰਾਈਵਰ ਨੂੰ ਲੱਗਾ ਜੁਰਮਾਨਾ

ਸਰੀ, (ਸਿਮਰਨਜੀਤ ਸਿੰਘ): ਪਿਛਲੇ ਹਫ਼ਤੇ ਐਬਟਸਫੋਰਡ, ਬੀ.ਸੀ. ਵਿੱਚ ਇੱਕ ਓਵਰਪਾਸ ਨਾਲ ਹੋਈ ਟੱਕਰ ਵਿੱਚ ਸ਼ਾਮਲ ਟਰੱਕ ਡਰਾਈਵਰ ਨੂੰ ਜੁਰਮਾਨਾ ਅਤੇ ਟਿਕਟ ਜਾਰੀ ਕੀਤੀ ਗਈ ਹੈ।

ਇਹ ਟਰੱਕ, ਜੋ ਕਿ ਅਲਬਰਟਾ ਆਧਾਰਿਤ ਕੈਰੀਅਰ ਸੀ ਅਤੇ ਇਕ ਮੌਡਯੂਲਰ ਘਰ ਨੂੰ ਲੈ ਕੇ ਜਾ ਰਿਹਾ ਸੀ, ਐਬਟਸਫੋਰਡ ਹਾਈਵੇ 1 'ਤੇ ਪੱਛਮ ਵੱਲ ਜਾਂਦੇ ਹੋਏ ਨੰਬਰ 3 ਰੋਡ ਓਵਰਪਾਸ ਨਾਲ ਇਹ ਟਰੱਕ ਜਾ ਟਕਰਾਇਆ । ਟਰੱਕ ਦੀ ਲੋਡ ਲਾਇਸੰਸ ਵਾਲੀ ਸੀ ਪਰ ਟੱਕਰ ਕਾਰਨ ਓਵਰਪਾਸ ਨੂੰ ਨੁਕਸਾਨ ਹੋਇਆ। ਇਸ ਟੱਕਰ ਤੋਂ ਬਾਅਦ ਟਰੈਫਿਕ ਵੀ ਜਾਮ ਰਿਹਾ।

ਮੰਗਲਵਾਰ ਨੂੰ, ਬੀ.ਸੀ. ਹਾਈਵੇ ਪੈਟਰੋਲ ਨੇ ਕਿਹਾ ਕਿ ਡਰਾਈਵਰ ਨੂੰ "ਸਾਵਧਾਨੀ ਅਤੇ ਧਿਆਨ ਦੇ ਬਿਨਾ ਗੱਡੀ ਚਲਾਉਣ" ਲਈ $368 ਦੀ ਟਿਕਟ ਜਾਰੀ ਕੀਤੀ ਗਈ ਹੈ ਅਤੇ ਉਸ ਦੇ ਲਾਇਸੰਸ 'ਤੇ 6 ਪੋਇੰਟ ਵੀ ਲਗਾਏ ਗਏ ਹਨ।

ਇਸ ਮਾਮਲੇ ਦੀ ਅਗਲੀ ਜਾਂਚ ਕਮਰਸ਼ੀਅਲ ਵਹੀਕਲ ਸੇਫਟੀ ਅਤੇ ਇਨਫੋਰਸਮੈਂਟ ਵਿਭਾਗ, ਜੋ ਕਿ ਬੀ.ਸੀ. ਦੀ ਟ੍ਰਾਂਸਪੋਰਟ ਮੰਤਰਾਲੇ ਦਾ ਹਿੱਸਾ ਹੈ, ਵੱਲੋਂ ਕੀਤੀ ਜਾ ਰਹੀ ਹੈ। This report was written by Simranjit Singh as part of the Local Journalism Initiative.








# ਟੈਲਸ ਯੂਨੀਅਨ ਓਂਟਾਰੀਓ ਦਫ਼ਤਰ ਦੇ ਕਰਮਚਾਰੀਆਂ ਨੂੰ ਕਿਊਬੈਕ ਜਾਣ ਤੋਂ ਬਚਾਉਣ ਵਿੱਚ ਰਹੀ ਨਾਕਾਮ




ਸਰੀ, (ਸਿਮਰਨਜੀਤ ਸਿੰਘ): ਟੇਲਸ ਯੂਨੀਅਨ ਨੇ ਟੇਲੀਕਿਮਿਊਨੀਕੇਸ਼ਨ ਕੰਪਨੀ ਟੇਲਅਸ ਵੱਲੋਂ ਓਂਟਾਰੀਓ ਦੇ ਕਰਮਚਾਰੀਆਂ ਨੂੰ ਕਿਊਬੈਕ ਭੇਜਣ ਦੇ ਫੈਸਲੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਇਸ ਵਿੱਚ ਅਸਫ਼ਲ ਰਹੀ। ਇਸ ਦੇ ਨਤੀਜੇ ਵਜੋਂ, ਟੇਲਅਸ ਦੇ ਓਂਟਾਰੀਓ ਦਫ਼ਤਰਾਂ 'ਚ ਕੰਮ ਕਰ ਰਹੇ ਸੈਂਕੜੇ ਕਰਮਚਾਰੀ ਹਾਲੀ ਵਿੱਚ ਮਿਲੇ ਹੁਕਮਾਂ ਅਨੁਸਾਰ ਕਿਊਬੈਕ ਜਾਣ ਲਈ ਮਜ਼ਬੂਰ ਹੋਣਗੇ।

ਇਸ ਫੈਸਲੇ ਤੋਂ ਓਂਟਾਰੀਓ ਦੇ ਬਹੁਤ ਸਾਰੇ ਕਰਮਚਾਰੀ ਪ੍ਰਭਾਵਿਤ ਹੋ ਰਹੇ ਹਨ, ਜੋ ਕਈ ਸਾਲਾਂ ਤੋਂ ਆਪਣੇ ਸਥਾਨਕ ਦਫ਼ਤਰਾਂ ਵਿੱਚ ਕੰਮ ਕਰ ਰਹੇ ਸਨ। ਯੂਨੀਅਨ ਨੇ ਕੰਪਨੀ ਦੇ ਇਸ ਕਦਮ ਨੂੰ ਚੁਣੌਤੀ ਦਿੱਤੀ ਸੀ, ਕਿਹਾ ਕਿ ਇਹ ਬਦਲਾਅ ਕਰਮਚਾਰੀਆਂ ਲਈ ਅਸੁਵਿਧਾਜਨਕ ਅਤੇ ਨਾ-ਇਨਸਾਫੀ ਵਾਲਾ ਹੈ। ਯੂਨੀਅਨ ਦੀਆਂ ਕਾਨੂੰਨੀ ਦਲੀਲਾਂ ਮੰਨੀਆਂ ਨਹੀਂ ਗਈਆਂ, ਅਤੇ ਇਸ ਦੇ ਨਾਲ ਹੀ ਟੇਲਅਸ ਨੇ ਆਪਣੇ ਕਦਮ 'ਤੇ ਅਡੋਲ ਰਹਿਣ ਦਾ ਫੈਸਲਾ ਕੀਤਾ।

ਟੇਲਅਸ ਨੇ ਕਿਹਾ ਕਿ ਇਹ ਬਦਲਾਅ ਕੰਪਨੀ ਦੀ ਪ੍ਰਬੰਧਕੀ ਵਿਵਸਥਾ ਨੂੰ ਸਧਾਰਨ ਕਰਨ ਅਤੇ ਖਰਚਿਆਂ ਨੂੰ ਘਟਾਉਣ ਲਈ ਕੀਤਾ ਜਾ ਰਿਹਾ ਹੈ।

ਇਹ ਕਰਮਚਾਰੀ ਪਹਿਲਾਂ ਬੈਰੀ, ਓਂਟਾਰੀਓ ਵਿੱਚ ਸਥਿਤ ਦਫਤਰ ਵਿੱਚ ਕੰਮ ਕਰ ਰਹੇ ਸਨ, ਜੋ ਇਸ ਸਾਲ ਦੇ ਅੰਤ ਤੱਕ ਬੰਦ ਹੋ ਰਿਹਾ ਹੈ। ਯੂਨੀਅਨ ਨੇ ਇਸ ਕਦਮ ਨੂੰ ਚੁਣੌਤੀ ਦਿੱਤੀ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਅਗਸਤ ਵਿੱਚ ਟੇਲਅਸ ਦੇ ਯੋਜਨਾਵਾਂ 'ਤੇ ਅਸਥਾਈ ਰੋਕ ਲਗਾਈ ਸੀ। ਪਰ, ਤਾਜ਼ਾ ਫੈਸਲੇ ਵਿੱਚ ਅਰਬਿਟਰੇਟਰ ਨੇ ਟੇਲਅਸ ਦੇ ਹੱਕ ਵਿੱਚ ਫੈਸਲਾ ਸੁਣਾਇਆ ਹੈ।

ਇਸ ਫੈਸਲੇ ਨਾਲ ਓਂਟਾਰੀਓ ਦੇ ਬਹੁਤ ਸਾਰੇ ਕਰਮਚਾਰੀ ਪ੍ਰਭਾਵਿਤ ਹੋਣਗੇ। ਯੂਨੀਅਨ ਨੇ ਕਿਹਾ ਕਿ ਇਸ ਨਤੀਜੇ ਨਾਲ ਮੁਸ਼ਕਲਾਂ ਵੱਧਣਗੀਆਂ, ਕਿਉਂਕਿ ਬਹੁਤ ਸਾਰੇ ਕਰਮਚਾਰੀ ਮੋਂਟਰੀਅਲ ਜਾਣ ਲਈ ਰਾਜ਼ੀ ਨਹੀਂ ਹਨ। This report was written by Simranjit Singh as part of the Local Journalism Initiative.

# ਓਂਟਾਰੀਓ ਵਿੱਚ ਗੰਭੀਰ ਬਿਮਾਰੀਆਂ ਨਾਲ ਪੀੜ੍ਹਤ ਲੋਕਾਂ ਦੀ ਗਿਣਤੀ ਅਗਲੇ 20 ਸਾਲਾਂ ਦੌਰਾਨ ਦੁਗਣੀ ਹੋਣ ਦਾ ਅਨੁਮਾਨ




ਸਰੀ, (ਸਿਮਰਨਜੀਤ ਸਿੰਘ): ਯੂਨੀਵਰਸਿਟੀ ਆਫ ਟਰਾਂਟੋ ਦੇ ਸਕੂਲ ਆਫ ਪਬਲਿਕ ਹੈਲਥ ਦੀ ਇੱਕ ਨਵੀਂ ਰਿਪੋਰਟ ਮੁਤਾਬਕ, ਓਂਟਾਰੀਓ ਵਿੱਚ ਅਗਲੇ 20 ਸਾਲਾਂ ਦੌਰਾਨ ਗੰਭੀਰ ਬਿਮਾਰੀ ਨਾਲ ਪੀੜ੍ਹਤ ਲੋਕਾਂ ਦੀ ਗਿਣਤੀ ਲਗਭਗ ਦੋ ਗੁਣਾ ਹੋਣ ਦੀ ਸੰਭਾਵਨਾ ਹੈ। ਇਹ ਅਧਿਐਨ ਓਂਟਾਰੀਓ ਹਸਪਤਾਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 2040 ਤੱਕ ਬਹੁਤ ਸਾਰੇ ਓਂਟਾਰੀਓ ਵਾਸੀ ਗੰਭੀਰ ਬਿਮਾਰੀਆਂ ਨਾਲ ਪੀੜ੍ਹਤ ਹੋਣਗੇ।

ਇਸ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ 2040 ਵਿੱਚ 3.1 ਮਿਲੀਅਨ ਨੌਜਵਾਨ ਬਿਮਾਰੀ ਨਾਲ ਪੀੜ੍ਹਤ ਹੋਣਗੇ, ਜੋ 2020 ਵਿੱਚ 1.8 ਮਿਲੀਅਨ ਤੋਂ ਵੱਧ ਹੈ। ਅਧਿਐਨ ਦੇ ਲੇਖਕਾਂ ਨੇ ਇਹ ਵੀ ਅਨੁਮਾਨ ਲਾਇਆ ਹੈ ਕਿ 30 ਸਾਲ ਤੋਂ ਵੱਧ ਉਮਰ ਦੇ ਲਗਭਗ ਹਰ ਚੌਥਾ ਵਿਅਕਤੀ 2040 ਵਿੱਚ ਕਿਸੇ ਗੰਭੀਰ ਬਿਮਾਰੀ ਨਾਲ ਪੀੜ੍ਹਤ ਹੋਵੇਗਾ, ਜੋ ਕਿ 2002 ਵਿੱਚ ਲਗਭਗ ਹਰ ਅੱਠਵਾਂ ਵਿਅਕਤੀ ਸੀ।

ਓਂਟਾਰੀਓ ਹਸਪਤਾਲ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਛਓਂ ਐਂਥਨੀ ਡੇਲ ਨੇ ਕਿਹਾ, "ਜਦੋਂ ਅਸੀਂ ਭਵਿੱਖ ਵੱਲ ਦੇਖਦੇ ਹਾਂ, ਤਾਂ ਇਹ ਸਪਸ਼ਟ ਹੈ ਕਿ ਓਂਟਾਰੀਓ ਕਿਸ ਮੋੜ 'ਤੇ ਪਹੁੰਚ ਗਿਆ ਹੈ। ਓਂਟਾਰੀਓ ਦੀ ਸਿਹਤ ਪ੍ਰਣਾਲੀ ਪਹਿਲਾਂ ਹੀ ਜਨਸੰਖਿਆ ਵਾਧੇ, ਵਿਗੜੀ ਸਿਹਤ ਵਿਵਸਥਾ ਅਤੇ ਮੌਜੂਦਾ ਸਮਰੱਥਾ 'ਤੇ ਭਾਰੀ ਦਬਾਅ ਨਾਲ ਜੂਝ ਰਹੀ ਹੈ। ਓਂਟਾਰੀਓ ਵਿੱਚ ਸਿਹਤ ਸੰਭਾਲ ਨੂੰ ਇੱਕ ਵੱਡੇ ਬਦਲਾਅ ਦੀ ਲੋੜ ਹੈ। ਬਿਨਾਂ ਇਸ ਦੇ ਸਿਗਤ ਪ੍ਰਣਾਲੀ ਮਸਲੇ ਦਾ ਸਾਹਮਣਾ ਕਰਨ ਵਿੱਚ ਅਸਫਲ ਰਹੇਗੀ।"

ਇਸਦੇ ਨਾਲ ਨਾਲਖੋਜਕਾਰਾਂ ਨੇ ਅਨੁਮਾਨ ਲਗਾਇਆ ਹੈ ਕਿ ਕਈ ਵਿਅਕਤੀ ਨੂੰ ਵਧੇਰੇ ਬਿਮਾਰੀਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਬਿਮਾਰੀਆਂ, ਜੋ ਉਮਰ ਵਧਣ ਨਾਲ ਵੱਧਦੀ ਹਨ, ਜਿਵੇਂ ਕਿ ਡਾਇਬਿਟੀਜ਼ ਅਤੇ ਕੈਂਸਰ, ਦੇ ਮਾਮਲਿਆਂ ਵਿੱਚ ਸਭ ਤੋਂ ਵੱਧ ਵਾਧਾ ਹੋਵੇਗਾ।

ਇਸ ਅਧਿਐਨ ਨੇ ਓਂਟਾਰੀਓ ਸਿਹਤ ਪ੍ਰਣਾਲੀ ਨੂੰ ਤੁਰੰਤ ਕਦਮ ਚੁੱਕਣ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਹੈ ਅਤੇ ਕ੍ਰੋਨਿਕ ਬਿਮਾਰੀ ਦੀ ਰੋਕਥਾਮ, ਸਹੀ ਪਛਾਣ ਅਤੇ ਪ੍ਰਭਾਵਸ਼ਾਲੀ ਇਲਾਜ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਨੂੰ ਵੀ ਦਰਸਾਇਆ ਹੈ। This report was written by Simranjit Singh as part of the Local Journalism Initiative.


## Guru Nanak's Free Kitchen

LOVE ALL, FEED ALL

### ਸੰਗਤਾਂ ਨੂੰ ਸਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**


# ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਲੋਂ ਇਰਾਨੀ ਸਾਈਬਰ ਹੈਕਰਾਂ ਸਬੰਧੀ ਸਾਂਝੀ ਚੇਤਾਵਨੀ ਜਾਰੀ

**ਸਿਹਤ ਸੰਸਥਾਵਾਂ, ਸਰਕਾਰੀ ਦਫ਼ਤਰਾਂ, ਸੂਚਨਾ ਤਕਨਾਲੋਜੀ ਸੰਗਠਨ ਨਿਸ਼ਾਨੇ 'ਤੇ**

ਸਰੀ, (ਸਿਮਰਨਜੀਤ ਸਿੰਘ): ਇਰਾਨੀ ਸਾਈਬਰ ਹੈਕਰ ਪਿਛਲੇ ਸਾਲ ਤੋਂ ਕਈ ਮਹੱਤਵਪੂਰਨ ਢਾਂਚੇ ਵਾਲੀਆਂ ਸੰਸਥਾਵਾਂ ਵਿੱਚ ਦਾਖਲਾ ਕਰਨ ਲਈ ਹਮਲੇ (brute force attacks) ਅਤੇ ਹੋਰ ਤਕਨੀਕਾਂ ਦੀ ਵਰਤੋਂ ਕਰਦੇ ਆ ਰਹੇ ਹਨ। ਹੈਕਰ ਇਨ੍ਹਾਂ ਸੰਸਥਾਵਾਂ ਤੋਂ ਹਾਸਲ ਕੀਤੀ ਜਾਣਕਾਰੀ ਨੂੰ ਚੋਰੀ ਕਰਕੇ ਵਿਕਰੀ ਲਈ ਉਪਲਬਧ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਚੇਤਾਵਨੀ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਨੇ ਬੁੱਧਵਾਰ ਨੂੰ ਸਾਂਝੇ ਤੌਰ 'ਤੇ ਜਾਰੀ ਕੀਤੀ।



ਇਹ ਸੰਯੁਕਤ ਚੇਤਾਵਨੀ ਅਮਰੀਕੀ ਸਾਈਬਰਸੁਰੱਖਿਆ ਅਤੇ ਫੈਡਰਲ ਬਿਊਰੋ ਆਫ ਇਨਵੇਸਟੀਗੇਸ਼ਨ (FBI) ਨੇ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਹੈ ਕਿ ਇਰਾਨੀ ਹੈਕਰਾਂ ਨੇ ਸਿਹਤ ਸੰਸਥਾਵਾਂ, ਸਰਕਾਰੀ ਦਫ਼ਤਰਾਂ, ਸੂਚਨਾ ਤਕਨਾਲੋਜੀ, ਇੰਜੀਨੀਅਰਿੰਗ ਅਤੇ ਊਰਜਾ ਸੈਕਟਰਾਂ ਵਿੱਚ ਸੰਗਠਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਹੈਕਰਜ਼ ਪਾਸਵਰਡਾਂ ਦੀ ਅਨੁਮਾਨ ਲਗਾਉਣ ਦੀ ਕਈ ਤਕਨੀਕਾਂ ਦੀ ਵਰਤੋਂ ਕਰ ਰਹੇ ਹਨ ਤਾਂ ਜੋ ਇਮੇਲ ਖਾਤਿਆਂ ਅਤੇ ਉਨ੍ਹਾਂ ਦੇ ਗਰੁੱਪਾਂ ਤੱਕ ਪਹੁੰਚ ਹਾਸਲ ਕਰ ਸਕਣ। ਇਸ ਤੋਂ ਇਲਾਵਾ, ਉਹਨਾਂ ਨੇ ਮੁਲਟੀ-ਫੈਕਟਰ ਆਥੰਟੀਕੇਸ਼ਨ (MFA) ਪ੍ਰੋਟੈਕਸ਼ਨ ਵਾਲੇ ਖਾਤਿਆਂ 'ਤੇ 'ਪੁਸ਼ ਬਾਮਬਿੰਗ' ਵੀ ਕੀਤੀ ਹੈ, ਜਿਸਦਾ ਮਤਲਬ ਇਹ ਹੈ ਕਿ ਯੂਜ਼ਰ ਨੂੰ ਪਾਸਵਰਡ ਨੂੰ ਬਦਲਣ ਦੀਆਂ ਬੇਲੋੜੀਆਂ ਸੂਚਨਾਵਾਂ ਭੇਜੀ ਜਾਂਦੀਆਂ ਹਨ, ਜਦੋਂ ਤੱਕ ਉਹ ਅਣਜਾਣੇ 'ਚ ਇਸਨੂੰ ਮਨਜ਼ੂਰ ਨਹੀਂ ਕਰਦੇ।

ਇਸ ਤੋਂ ਬਾਅਦ, ਇਰਾਨੀ ਹੈਕਰ ਆਪਣੇ ਡਿਵਾਈਸਾਂ ਨੂੰ MFA 'ਤੇ ਰਜਿਸਟਰ ਕਰਦੇ ਹਨ, ਜਿਸ ਨਾਲ ਉਹ ਹੈਕ ਕੀਤੇ ਖਾਤਿਆਂ 'ਤੇ ਕਾਇਮ ਰਹਿ ਸਕਦੇ ਹਨ।

ਸਰਕਾਰੀ ਸੰਸਥਾਵਾਂ ਨੇ ਕਿਹਾ ਕਿ ਇਨਾਂ ਹਮਲਿਆਂ ਦਾ ਪਤਾ ਅਸਫਲ ਲਾਗਇਨ ਕੋਸ਼ਿਸ਼ਾਂ ਜਾਂ 'ਅਣਪਛਾਤੇ ਸਥਾਨਾਂ' ਤੋਂ ਆਉਣ ਵਾਲੀਆਂ'ਦਾ ਸੂਚਨਾਵਾਂ ਦੇ ਅਧਾਰ 'ਤੇ ਲਗਾ ਸਕਦੇ ਹਨ। ਇਸ ਤੋਂ ਇਲਾਵਾ, ਔਰਗੇਨਾਈਜੇਸ਼ਨ ਆਪਣੀਆਂ ਪਾਸਵਰਡਾਂ ਦੀਆਂ ਨੀਤੀਆਂ ਦਾ ਮੁਲਾਂਕਣ ਕਰ ਕੇ ਸੁਰੱਖਿਆ ਮਜ਼ਬੂਤ ਕਰ ਸਕਦੇ ਹਨ ਅਤੇ ਦਫ਼ਤਰ ਛੱਡ ਚੁੱਕੇ ਕਰਮਚਾਰੀਆਂ ਦੇ ਖਾਤੇ ਮੁਕੰਮਲ ਤੌਰ 'ਤੇ ਹਟਾ ਸਕਦੇ ਹਨ। This report was written by Simranjit Singh as part of the Local Journalism Initiative.

# ਭਾਈ ਨਿੱਝਰ ਮਾਮਲੇ ਵਿਚ ਕੈਨੇਡਾ ਤੇ ਭਾਰਤ ਵਿਚਾਲੇ ਤਣਾਅ ਫਿਰ ਵਧਿਆ

ਔਟਵਾ : ਕੈਨੇਡਾ ਤੇ ਭਾਰਤ ਦੇ ਕੂਟਨੀਤਕ ਸੰਬੰਧਾਂ ਵਿਚ ਤਣਾਅ ਬੀਤੇ ਸਾਲ ਸਤੰਬਰ ਤੋਂ ਸ਼ੁਰੂ ਹੋਇਆ ਸੀ ਜੋ ਅਜੇ ਤੱਕ ਜਾਰੀ ਹੈ ਤੇ ਇਸ ਵਿਚ ਨਿਕਟ ਭਵਿੱਖ ਵਿਚ ਸੁਧਾਰ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। 18 ਜੂਨ, 2023 ਦੀ ਸ਼ਾਮ ਨੂੰ ਸਰੀ ਵਿਖੇ ਭਾਈ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਦੇ ਕੇਸ ਦੀ ਜਾਂਚ ਕੈਨੇਡਾ ਵਿਚ ਚੱਲ ਰਹੀ ਹੈ, ਜਿਸ ਵਿਚ ਕੁਝ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸ਼ੱਕ ਬੀਤੇ ਸਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਦੀ ਸੰਸਦ ਵਿਚ ਕੀਤਾ ਸੀ। ਜਾਂਚ ਕਰ ਰਹੇ ਅਧਿਕਾਰੀਆਂ ਨੇ ਕੈਨੇਡਾ ਵਿਖੇ ਤਾਇਨਾਤ ਭਾਰਤ ਦੇ ਰਾਜਦੂਤ ਸੰਜੇ ਵਰਮਾ ਸਮੇਤ ਕੁਝ ਹੋਰ ਭਾਰਤੀ ਕੂਟਨੀਤਕਾਂ ਤੋਂ ਪੁੱਛਗਿੱਛ ਕਰਨ ਲਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ਼ ਬੀਤੇ ਦਿਨੀਂ ਸੰਪਰਕ ਕੀਤਾ ਗਿਆ ਸੀ। ਪਰ ਭਾਰਤ ਸਰਕਾਰ ਇਸ ਜਾਂਚ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿਤਾ ਸੀ।ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਬਾਰੇ ਹੁਣੇ ਜਿਹੇ ਬਿਆਨ ਦਿੱਤਾ ਸੀ। ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਲੋਕ ਕੈਨੇਡੀਅਨ ਨਾਗਰਿਕਾਂ ਦੀ ਟਾਰਗੇਟ ਕਿਲਿੰਗ ਵਿਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਕੈਨੇਡਾ ਦੇ ਇਨ੍ਹਾਂ ਤਾਜ਼ਾ ਦੋਸ਼ਾਂ ਕਾਰਣ ਉਸਦਾ ਤਕਰਾਰ ਭਾਰਤ ਨਾਲ ਡੂੰਘਾ ਹੋ ਗਿਆ ਹੈ।

ਇਸ ਤੋਂ ਬਾਅਦ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਅਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤ ਵਿਚ ਕੈਨੇਡੀਅਨ ਰਾਜਦੂਤ ਨੂੰ ਤਲਬ ਕਰਨ ਤੋਂ ਤੁਰੰਤ ਬਾਅਦ ਇਸ ਫੈਸਲੇ ਦਾ ਐਲਾਨ ਕੀਤਾ ਹੈ।ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਵਿਚ ਕੈਨੇਡੀਅਨ ਰਾਜਦੂਤ ਨੂੰ ਸਕੱਤਰ (ਪੂਰਬੀ) ਜੈਦੀਪ ਮਜ਼ੂਮਦਾਰ ਦੁਆਰਾ ਤਲਬ ਕੀਤਾ ਗਿਆ ਸੀ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਬੇਬੁਨਿਆਦ ਨਿਸ਼ਾਨਾ ਬਣਾਉਣਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਭਾਰਤੀ ਮੰਤਰਾਲੇ ਨੇ ਕਿਹਾ ਕਿ ਕੱਟੜਵਾਦ ਤੇ ਹਿੰਸਾ ਦੇ ਮਾਹੌਲ ਵਿਚ ਟਰੂਡੋ ਸਰਕਾਰ ਦੀਆਂ ਕਾਰਵਾਈਆਂ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾਇਆ ਹੈ। ਸਾਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੌਜੂਦਾ ਕੈਨੇਡੀਅਨ ਸਰਕਾਰ ਦੀ ਵਚਨਬੱਧਤਾ 'ਤੇ ਕੋਈ ਭਰੋਸਾ ਨਹੀਂ। ਇਸ ਲਈ ਭਾਰਤ ਸਰਕਾਰ ਨੇ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਫੈਸਲਾ ਕੀਤਾ ਹੈ।ਭਾਰਤ ਨੇ ਇਸ ਤਣਾਅ ਦੇ ਚੱਲਦਿਆਂ ਕੈਨੇਡਾ ਦੇ 6 ਕੂਟਨੀਤਕਾਂ ਨੂੰ ਕੱਢ ਦਿੱਤਾ ਹੈ।ਇਨ੍ਹਾਂ ਕੂਟਨੀਤਕਾਂ ਵਿਚ ਕਾਰਜਕਾਰੀ ਹਾਈ ਕਮਿਸ਼ਨਰ ਸਟੀਵਰਟ ਰੋਸ ਵੀਲ੍ਹਰ, ਡਿਪਟੀ ਹਾਈ ਕਮਿਸ਼ਨਰ ਪੈਟਰਿਕ ਹਬਰਟ, ਮੈਰੀ ਕੈਥਰੀਨ, ਇਆਨ ਰੋਸ ਡੇਵਿਡ ਟ੍ਰਾਇਟਸ, ਐਡਮ ਜੇਮਸ ਚੁਇਪਕਾ ਤੇ ਪਾਓਲਾ ਓਰਜੁਏਲਾ ਸ਼ਾਮਿਲ ਹਨ। ਭਾਰਤ ਦਾ ਤਰਕ ਹੈ ਕਿ ਟਰੂਡੋ ਸਰਕਾਰ ਵਲੋਂ ਆਪਣੇ ਰਾਜਨੀਤਕ ਫਾਇਦੇ (ਕੈਨੇਡਾ ਵਿਚ ਸਿੱਖ ਵੋਟ) ਲਈ ਬਿਨਾਂ



ਤੱਥਾਂ ਤੋਂ (ਵਧਾ-ਚੜ੍ਹਾ ਕੇ) ਦੋਸ਼ ਲਗਾਏ ਜਾ ਰਹੇ ਹਨ।

ਇਸ ਸਬੰਧੀ ਇੱਕ ਰਿਪੋਰਟ ਵਾਸ਼ਿੰਗਟਨ ਪੋਸਟ ਵਿੱਚ ਛਪੀ ਸੀ, ਜਿਸ ਵਿੱਚ ਅਧਿਕਾਰੀਆਂ ਨੇ ਭਾਰਤ ਸਰਕਾਰ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਹੈ। ਰਿਪੋਰਟ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਦੋਂ ਇਹ ਰਿਪੋਰਟ ਲਿਖੀ ਗਈ ਸੀ ਤਾਂ ਗ੍ਰਹਿ ਮੰਤਰੀ ਦਾ ਨਾਂ ਨਹੀਂ ਸੀ। ਇਸ ਨੂੰ ਬਾਅਦ ਵਿੱਚ ਅੱਪਡੇਟ ਕੀਤਾ ਗਿਆ ਹੈ। ਪਰ ਭਾਰਤ ਸਰਕਾਰ ਕੈਨੇਡਾ ਵਲੋਂ ਲਗਾਏ ਜਾ ਰਹੇ ਹਰ ਦੋਸ਼ ਨੂੰ ਰਦ ਕਰ ਰਹੀ ਹੈ।

ਵਾਸ਼ਿੰਗਟਨ ਪੋਸਟ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਮੁਤਾਬਕ ਭਾਈ ਨਿੱਝਰ ਦਾ ਕਤਲ ਕੋਈ ਅਲੱਗ-ਥਲੱਗ ਘਟਨਾ ਨਹੀਂ ਸੀ। ਸਗੋਂ, ਇਹ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਦੇਸ਼ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਵੱਡੇ ਯਤਨਾਂ ਦਾ ਹਿੱਸਾ ਸੀ। ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਕਿਹਾ ਸੀ ਕਿ ਸਾਨੂੰ ਪਤਾ ਹੈ ਕਿ ਉਹ ਨਿੱਝਰ ਹੱਤਿਆਕਾਂਡ, ਹੋਰ ਹੱਤਿਆਵਾਂ ਅਤੇ ਕੈਨੇਡਾ ਵਿੱਚ ਹੋ ਰਹੀ ਅਸਲ ਹਿੰਸਾ ਵਿੱਚ ਇਹ ਲੋਕ ਸ਼ਾਮਲ ਹਨ।' ਕੈਨੇਡਾ ਮੁਤਾਬਕ ਭਾਰਤੀ ਡਿਪਲੋਮੈਟ ਕਥਿਤ ਤੌਰ 'ਤੇ ਖਾਲਿਸਤਾਨੀ ਖਾੜਕੂਆਂ ਬਾਰੇ ਖੁਫੀਆ ਜਾਣਕਾਰੀ ਹਾਸਲ ਕਰਦੇ ਸਨ, ਜਿਸ ਦੀ ਵਰਤੋਂ ਰਾਅ ਵਲੋਂ ਕੀਤੀ ਜਾਂਦੀ ਸੀ। ਕੈਨੇਡਾ ਨੇ ਭਾਰਤ ਸਰਕਾਰ 'ਤੇ ਇਹ ਵੀ ਦੋਸ਼ ਲਗਾਇਆ ਹੈ ਕਿ ਕੈਨੇਡਾ ਵਿੱਚ ਮੌਜੂਦ ਭਾਰਤੀ ਏਜੰਟ ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਨਾਲ ਕੰਮ ਕਰ ਰਹੇ ਹਨ ਤੇ ਕੈਨੇਡਾ ਵਿਚ ਅਪਰਾਧ ਕਰਕੇ ਤਣਾਅ ਵਧਾ ਰਹੇ ਹਨ।

ਕੈਨੇਡੀਅਨ ਅਧਿਕਾਰੀਆਂ ਦਾ ਦੋਸ਼ ਹੈ ਕਿ ਭਾਰਤ ਨੂੰ ਲਗਭਗ ਉੱਚ ਪੱਧਰ ਤੋਂ ਸੂਚਨਾ ਭੇਜੀ ਜਾ ਰਹੀ ਹੈ। ਉਸਨੇ ਦਾਅਵਾ ਕੀਤਾ ਕਿ ਭਾਰਤੀ ਡਿਪਲੋਮੈਟਾਂ ਵਿਚਕਾਰ ਗੱਲਬਾਤ ਅਤੇ ਸੰਦੇਸ਼ਾਂ ਵਿੱਚ ਇੱਕ ਸੀਨੀਅਰ ਭਾਰਤੀ ਅਧਿਕਾਰੀ ਅਤੇ ਰਾਅ ਦੇ ਇੱਕ ਅਧਿਕਾਰੀ ਦੇ ਹਵਾਲਾ ਸੀ ਜੋ ਇਨ੍ਹਾਂ ਅਪਰਾਧਾਂ ਦਾ ਦੋਸ਼ੀ ਹੈ। ਉਸ ਨੇ ਹੀ ਖਾਲਿਸਤਾਨੀਆਂ 'ਤੇ ਹਮਲਾ ਕਰਨ ਦੀ ਮਨਜ਼ੂਰੀ ਦਿੱਤੀ ਸੀ। ਕੈਨੇਡੀਅਨ ਅਧਿਕਾਰੀਆਂ ਨੇ ਬੀਤੇ ਸ਼ਨਿਚਰਵਾਰ ਨੂੰ ਸਿੰਗਾਪੁਰ ਵਿੱਚ ਇੱਕ ਗੁਪਤ ਮੀਟਿੰਗ ਵਿੱਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਸ਼ਾਹ ਬਾਰੇ ਵੇਰਵੇ ਅਤੇ ਹੋਰ ਸਬੂਤ ਦਿੱਤੇ ਸਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਨਾਲ ਕਥਿਤ ਤੌਰ ਉੱਤੇ ਜੁੜੀਆਂ ਹਿੰਸਕ ਅਪਰਾਧਿਕ ਗਤੀਵਿਧੀਆਂ 'ਤੇ ਚੱਲ ਰਹੀ ਜਾਂਚ ਬਾਰੇ ਕਿਹਾ ਹੈ ਕਿ ਕੈਨੇਡਾ ਕਾਨੂੰਨ ਦੇ ਸ਼ਾਸ਼ਨ ਵਾਲਾ ਦੇਸ਼ ਹੈ ਅਤੇ ਸਾਡੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ।ਟਰੂਡੋ ਨੇ ਦਾਅਵਾ ਕੀਤਾ ਕਿ ਜਦੋਂ ਖੁਫ਼ੀਆ ਏਜੰਸੀਆਂ ਨੇ ਕੈਨੇਡਾ ਦੀ ਧਰਤੀ 'ਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸੰਭਾਵੀ ਸ਼ਮੂਲੀਅਤ ਬਾਰੇ ਸ਼ੱਕ ਜ਼ਾਹਰ ਕੀਤਾ ਸੀ ਤਾਂ ਇਸ ਮੁੱਦੇ 'ਤੇ ਭਾਰਤ ਸਰਕਾਰ ਨਾਲ ਸਹਿਯੋਗ ਦੀ ਅਪੀਲ ਕੀਤੀ ਗਈ ਸੀ।ਪਰ ਭਾਰਤ ਸਰਕਾਰ ਨੇ ਸਹਿਯੋਗ ਨਹੀਂ ਦਿਤਾ।ਜਸਟਿਨ ਟਰੂਡੋ ਨੇ ਕਿਹਾ, "ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐੱਮਪੀ) ਵੱਲੋਂ ਪੇਸ਼ ਕੀਤੇ ਗਏ ਸਬੂਤਾਂ 'ਤੇ ਅਸੀਂ ਕੈਨੇਡੀਅਨਾਂ ਦੀ ਸੁਰੱਖਿਆ ਲਈ ਅੱਗਲੇ ਕਦਮ ਚੁੱਕ ਰਹੇ ਹਾਂ। ਆਰਸੀਐੱਮਪੀ ਕੋਲ ਸਪੱਸ਼ਟ ਅਤੇ ਠੋਸ ਸਬੂਤ ਹਨ ਕਿ ਭਾਰਤ ਸਰਕਾਰ ਦੇ ਏਜੰਟ ਜਨਤਕ ਸੁਰੱਖਿਆ ਲਈ ਅਹਿਮ ਖ਼ਤਰਾ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ ਅਤੇ ਉਹ ਲਗਾਤਾਰ ਇਸ ਦਾ ਹਿੱਸਾ ਬਣੇ ਹੋਏ ਹਨ। ਇਸ ਵਿੱਚ ਗੁਪਤ ਸੂਚਨਾ ਇਕੱਤਰ ਕਰਨ ਦੀਆਂ ਤਕਨੀਕਾਂ, ਦੱਖਣੀ ਏਸ਼ੀਆਈ ਕੈਨੇਡੀਅਨਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਧੱਕੜ ਰਵੱਈਆ ਅਤੇ ਕਤਲ ਸਣੇ ਇੱਕ ਦਰਜਨ ਤੋਂ ਵੱਧ ਧਮਕਾਉਣ ਅਤੇ ਹਿੰਸਕ ਗਤੀਵਿਧੀਆਂ ਦਾ ਹਿੱਸਾ ਹੋਣਾ ਸ਼ਾਮਲ ਹੈ। ਇਹ ਕਰਾਈਮ ਅਸਵੀਕਾਰਨਯੋਗ ਹੈ।ਟਰੂਡੋ ਨੇ ਕਿਹਾ ਕਿ ਆਰਸੀਐੱਮਪੀ ਦੇ ਦਾਅਵਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਯਾਦ ਰਹੇ ਕਿ ਟਰੂਡੋ ਵਲੋਂ ਦੋਸ਼ ਲਗਾਏ ਜਾਣ 'ਤੇ ਇਕ ਭਾਰਤੀ ਦੂਤ ਨੂੰ ਕੈਨੇਡਾ ਵਿਚੋਂ ਕੱਢੇ ਜਾਣ ਤੋਂ ਬਾਅਦ 2023 ਦੇ ਅਕਤੂਬਰ ਮਹੀਨੇ ਵਿਚ ਦਿੱਲੀ ਤੋਂ ਕੈਨੇਡਾ ਦੇ 40 ਦੂਤਾਵਾਸ ਅਧਿਕਾਰੀਆਂ ਨੂੰ ਭਾਰਤ ਛੱਡ ਕੇ ਜਾਣਾ ਪਿਆ ਸੀ।ਇਸਦੇ ਨਾਲ਼ ਹੀ ਸਟਾਫ ਦੀ ਘਾਟ ਕਾਰਨ ਚੰਡੀਗੜ੍ਹ, ਮੁੰਬਈ ਤੇ ਬੈਂਗਲੁਰੂ ਵਿਖੇ ਕੈਨੇਡੀਅਨ ਕੌਂਸਲਖਾਨਿਆਂ ਦਾ ਕੰਮ ਠੱਪ ਹੋ ਗਿਆ ਸੀ।













ਕੈਨੇਡੀਅਨ
ਪੰਜਾਬ ਟਾਈਮਜ਼
**Canadian Punjab Times**

- **Brar Bhagta Bhai Ka**
  **Editor**
  604-751-1113

Funded by the Government of Canada | Financé par le gouvernement du Canada | Canada

- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਦੀਆਂ ਸੜਕਾਂ ਉੱਤੇ ਲਾਇਬ੍ਰੇਰੀਆਂ







**ਲੇਖਕ : ਪ੍ਰਿੰ. ਵਿਜੈ ਕੁਮਾਰ**
**ਸੰਪਰਕ : 91 - 98726 - 27136**

ਪਿਛਲੇ ਛੇ ਮਹੀਨਿਆਂ ਤੋਂ ਕੈਨੇਡਾ ਵਿੱਚ ਰਹਿੰਦਿਆਂ ਮੇਰਾ ਇਹ ਯਤਨ ਰਿਹਾ ਹੈ ਕਿ ਇਸ ਮੁਲਕ ਦੇ ਪ੍ਰੇਰਨਾਦਾਇਕ ਪਹਿਲੂਆਂ ਨੂੰ ਲੋਕਾਂ ਤਕ ਪਹੁੰਚਾਇਆ ਜਾ ਸਕੇ ਤਾਂਕਿ ਹੋਰ ਲੋਕ ਵੀ ਉਨ੍ਹਾਂ 'ਤੇ ਅਮਲ ਕਰ ਸਕਣ। ਇੱਕ ਟੈਲੀਵਿਜ਼ਨ ਚੈਨਲ 'ਤੇ ਇੱਕ ਚਰਚਾ ਵਿੱਚ ਹਿੱਸਾ ਲੈਣ ਜਾਂਦਿਆਂ ਇੱਕ ਵਿਦਵਾਨ ਲੇਖਕ ਨੇ ਮੇਰੇ ਨਾਲ ਇਹ ਗੱਲ ਸਾਂਝੀ ਕੀਤੀ ਕਿ ਕੈਨੇਡਾ ਵਿੱਚ ਵਸਦੇ ਪੁਸਤਕਾਂ ਪੜ੍ਹਨ ਦੇ ਇੱਛੁਕ ਬਹੁਤ ਸਾਰੇ ਖਾਸ ਕਰਕੇ ਅੰਗਰੇਜ਼ ਲੋਕਾਂ ਨੇ ਆਪਣੇ ਘਰ ਦੇ ਅੱਗੇ ਛੋਟੀਆਂ ਛੋਟੀਆਂ ਲਾਇਬ੍ਰੇਰੀਆਂ ਖੋਲ੍ਹੀਆਂ ਹੋਈਆਂ ਹਨ। ਜਿਨ੍ਹਾਂ ਪੁਸਤਕਾਂ ਨੂੰ ਉਹ ਪੜ੍ਹ ਲੈਂਦੇ ਹਨ, ਉਨ੍ਹਾਂ ਪੁਸਤਕਾਂ ਨੂੰ ਉਹ ਆਪਣੇ ਘਰ ਮੂਹਰੇ ਬਣਾਈ ਗਈ ਛੋਟੀ ਜਿਹੀ ਲਾਇਬ੍ਰੇਰੀ ਵਿੱਚ ਰੱਖ ਦਿੰਦੇ ਹਨ। ਉਨ੍ਹਾਂ ਲਾਇਬ੍ਰੇਰੀਆਂ ਨੂੰ ਕੋਈ ਜੰਦਾ ਕੁੰਡਾ ਨਹੀਂ ਹੁੰਦਾ। ਉਨ੍ਹਾਂ ਲਾਇਬ੍ਰੇਰੀਆਂ ਵਿੱਚੋਂ ਕੋਈ ਵੀ ਵਿਅਕਤੀ ਬਿਨਾਂ ਪੁੱਛਿਆ ਪੁਸਤਕ ਲਿਜਾ ਸਕਦਾ ਹੈ। ਇੱਥੋਂ ਦੇ ਲੋਕ ਐਨੇ ਸੂਝਵਾਨ ਹਨ ਕਿ ਉਹ ਲਿਜਾਈ ਗਈ ਪੁਸਤਕ ਪੜ੍ਹਕੇ ਵਾਪਸ ਰੱਖਕੇ ਹੀ ਨਹੀਂ ਜਾਂਦੇ ਸਗੋਂ ਆਪਣੇ ਕੋਲੋਂ ਵੀ ਪੁਸਤਕਾਂ ਲਿਆ ਕੇ ਉਨ੍ਹਾਂ ਲਾਇਬ੍ਰੇਰੀਆਂ ਵਿੱਚ ਰੱਖਕੇ ਪੁਸਤਕਾਂ ਵਿੱਚ ਹੋਰ ਵਾਧਾ ਕਰ ਜਾਂਦੇ ਹਨ। ਇੱਥੋਂ ਤਕ ਕਿ ਬੱਚਿਆਂ ਲਈ ਲਾਭਦਾਇਕ ਪੁਸਤਕਾਂ ਵੀ ਉਨ੍ਹਾਂ ਲਾਇਬ੍ਰੇਰੀਆਂ ਵਿੱਚ ਪਈਆਂ ਹੁੰਦੀਆਂ ਹਨ ਤਾਂਕਿ ਲੋੜਵੰਦ ਬੱਚੇ ਉਨ੍ਹਾਂ ਪੁਸਤਕਾਂ ਦਾ ਲਾਭ ਉਠਾ ਸਕਣ। ਉਸ ਵਿਦਵਾਨ ਨੇ ਇਹ ਵੀ ਦੱਸਿਆ ਕਿ ਇਹ ਲਾਇਬ੍ਰੇਰੀਆਂ ਖੋਲ੍ਹਣ ਦਾ ਮਕਸਦ ਇਹ ਹੈ ਕਿ ਮੁਲਕ ਵਿੱਚ ਪੁਸਤਕਾਂ ਪੜ੍ਹਨ ਦੇ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਜਾ ਸਕੇ, ਖਾਸ ਕਰਕੇ ਨਵੀਂ ਪਨੀਰੀ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕੀਤੀ ਜਾ ਸਕੇ। ਇਸ ਮੁਲਕ ਦੀਆਂ ਸਰਕਾਰਾਂ ਲਾਇਬ੍ਰੇਰੀਆਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਅਤੇ ਛੋਟੇ ਵੱਡੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਲਾਇਬ੍ਰੇਰੀਆਂ ਦੀ ਭਰਮਾਰ ਹੈ।

ਇਸ ਮੁਲਕ ਦੀਆਂ ਲਾਇਬਰੇਰੀਆਂ ਬਹੁਤ ਕਮਾਲ ਦੀਆਂ ਹਨ। ਇਹ ਛੋਟੇ ਬੱਚਿਆਂ ਤੋਂ ਲੈ ਕੇ ਵੱਡੇ ਬਜ਼ੁਰਗਾਂ ਦੀਆਂ ਲੋੜਾਂ ਪੂਰਾ ਕਰਦੀਆਂ ਹਨ। ਇਨ੍ਹਾਂ ਲਾਇਬ੍ਰੇਰੀਆਂ ਵਿੱਚ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ ਤੇ ਹੋਰ ਕਈ ਭਾਸ਼ਾਵਾਂ ਦੀਆਂ ਪੁਸਤਕਾਂ ਅਤੇ ਅਖਬਾਰਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇਸ ਮੁਲਕ ਵਿੱਚ 162 ਮੁਲਕਾਂ ਦੇ ਲੋਕ ਰਹਿੰਦੇ ਹਨ। ਬਹੁਤ ਸਾਰੇ ਮੁਲਕਾਂ ਅਤੇ ਸੂਬਿਆਂ ਦੇ ਵਿਦਵਾਨ ਲੇਖਕ ਲੋਕ ਆਪਣੇ ਦੇਸ਼ ਦੇ ਲੋਕਾਂ ਦੀ ਸਹੂਲਤ ਅਤੇ ਉਨ੍ਹਾਂ ਦੇ ਪੜ੍ਹਨ ਲਈ ਆਪਣੀਆਂ ਲਿਖੀਆਂ ਪੁਸਤਕਾਂ ਇਸ ਮੁਲਕ ਦੀਆਂ ਲਾਇਬਰੇਰੀਆਂ ਨੂੰ ਭੇਟ ਕਰ ਜਾਂਦੇ ਹਨ। ਉਨ੍ਹਾਂ ਪੁਸਤਕਾਂ ਨੂੰ ਬਕਾਇਦਾ ਰਿਕਾਰਡ ਵਿੱਚ ਦਰਜ ਕੀਤਾ ਜਾਂਦਾ ਹੈ ਤੇ ਦੂਜੀਆਂ ਪੁਸਤਕਾਂ ਦੀ ਤਰ੍ਹਾਂ ਪੜ੍ਹਨ ਲਈ ਰੱਖਿਆ ਜਾਂਦਾ ਹੈ। ਜੇਕਰ ਇਸ ਮੁਲਕ ਵਿੱਚ ਰਹਿਣ ਵਾਲੇ ਕਿਸੇ ਮੁਲਕ ਦੇ ਲੋਕ ਮਿਥੀ ਗਿਣਤੀ ਅਨੁਸਾਰ ਇੱਥੋਂ ਦੀ ਸੂਬਾ ਸਰਕਾਰ ਨੂੰ ਆਪਣੀ ਭਾਸ਼ਾ ਦੀਆਂ ਪੁਸਤਕਾਂ ਮੰਗਵਾਕੇ ਰੱਖਣ ਲਈ ਲਿਖਕੇ ਬੇਨਤੀ ਕਰਦੇ ਹਨ ਤਾਂ ਉਸ ਭਾਸ਼ਾ ਦੀਆਂ ਪੁਸਤਕਾਂ ਮੰਗਵਾਕੇ ਰੱਖ ਦਿੱਤੀਆਂ ਜਾਂਦੀਆਂ ਹਨ ਪਰ ਲਾਇਬ੍ਰੇਰੀਆਂ ਵਿੱਚ ਪੁਸਤਕਾਂ ਰੱਖਣ ਤੋਂ ਪਹਿਲਾਂ ਬਣਾਈ ਗਈ ਕਮੇਟੀ ਉਨ੍ਹਾਂ ਪੁਸਤਕਾਂ ਦਾ ਮਿਆਰ ਪਰਖਣ ਤੋਂ ਬਾਅਦ ਹੀ ਉਨ੍ਹਾਂ ਨੂੰ ਲਾਇਬ੍ਰੇਰੀ ਵਿੱਚ ਰੱਖਣ ਦੀ ਸਿਫ਼ਾਰਿਸ਼ ਕਰਦੀ ਹੈ।

ਇਸ ਮੁਲਕ ਦੀਆਂ ਲਾਇਬਰੇਰੀਆਂ ਕੇਵਲ ਇੱਕ ਦੋ ਕਮਰਿਆਂ ਵਿੱਚ ਨਹੀਂ, ਸਗੋਂ ਬਹੁਤ ਵੱਡੀ ਇਮਾਰਤ ਵਿੱਚ ਬਣੀਆਂ ਹੋਈਆਂ ਹੁੰਦੀਆਂ ਹਨ। ਇਹ ਲਾਇਬ੍ਰੇਰੀਆਂ ਦੇਰ ਰਾਤ ਤਕ ਖੁੱਲ੍ਹੀਆਂ ਰਹਿੰਦਿਆਂ ਹਨ ਤਾਂ ਕਿ ਬੱਚੇ ਤੇ ਨੌਕਰੀ ਪੇਸ਼ਾ ਲੋਕ ਛੁੱਟੀ ਤੋਂ ਬਾਅਦ ਲਾਇਬ੍ਰੇਰੀਆਂ ਵਿੱਚ ਜਾਕੇ ਪੜ੍ਹ ਸਕਣ ਤੇ ਪੁਸਤਕਾਂ ਦਾ ਲੈਣ ਦੇਣ ਕਰ ਸਕਣ। ਲਾਇਬ੍ਰੇਰੀਆਂ ਦੀ ਮੈਂਬਰਸ਼ਿੱਪ ਬੇਹੱਦ ਸਸਤੀ ਹੈ। ਕਿਸੇ ਵੀ ਮੁਲਕ ਦੇ ਲੋਕ ਇਸ ਮੈਂਬਰਸ਼ਿੱਪ ਨੂੰ ਹਾਸਲ ਕਰ ਸਕਦੇ ਹਨ। ਬੱਚੇ ਤੋਂ ਬਜ਼ੁਰਗ ਤਕ ਹਰ ਵਿਅਕਤੀ ਲਈ ਇੰਟਰਨੈੱਟ ਦੀ ਸੁਵਿਧਾ ਉਪਲਬਧ ਹੈ। ਇੰਟਰਨੈੱਟ ਦੀ ਜਾਣਕਾਰੀ ਰੱਖਣ ਵਾਲਾ ਅਤੇ ਲਾਇਬ੍ਰੇਰੀ ਦੀ ਮੈਂਬਰਸ਼ਿੱਪ ਰੱਖਣ ਵਾਲਾ ਹਰ ਵਿਅਕਤੀ ਉਸ ਇੰਟਰਨੈੱਟ ਦੀ ਵਰਤੋਂ ਕਰ ਸਕਦਾ ਹੈ।

ਬਿਨਾ ਮੈਂਬਰਸ਼ਿੱਪ ਵਾਲੇ ਲੋਕ ਬਿਨਾ ਇਜਾਜ਼ਤ ਲਿਆਂ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਬੈਠਕੇ ਆਪਣੇ ਮਨ ਪਸੰਦ ਦੀਆਂ ਪੁਸਤਕਾਂ ਅਤੇ ਅਖਬਾਰਾਂ ਪੜ੍ਹ ਸਕਦੇ ਹਨ। ਪੁਸਤਕ ਸੱਭਿਆਚਾਰ ਦੀ ਚੰਗੀ ਪਰੰਪਰਾ ਨੇ ਲੋਕਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਪਾ ਦਿੱਤੀ ਹੈ ਤੇ ਉਨ੍ਹਾਂ ਨੂੰ ਇਹ ਸਿਖਾ ਦਿੱਤਾ ਹੈ ਕਿ ਲਾਇਬ੍ਰੇਰੀਆਂ ਵਿੱਚ ਬੈਠਕੇ ਕਿਵੇਂ ਪੜ੍ਹਨਾ ਹੈ? ਲਾਇਬ੍ਰੇਰੀਆਂ ਦੀ ਸਾਫ ਸਫਾਈ, ਰੌਸ਼ਨੀ ਤੇ ਬੈਠਣ ਦਾ ਪ੍ਰਬੰਧ ਕਮਾਲ ਦਾ ਹੈ। ਕੋਈ ਵੀ ਵਿਅਕਤੀ ਲਾਇਬ੍ਰੇਰੀ ਵਿੱਚ ਨਾ ਫੋਨ ਕਰਦਾ ਮਿਲੇਗਾ ਤੇ ਨਾ ਹੀ ਇੱਕ ਦੂਜੇ ਨਾਲ ਗੱਲਬਾਤ ਕਰਦਾ। ਚੁੱਪ ਸ਼ਾਂਤ ਮਾਹੌਲ ਵੇਖਕੇ ਮਨ ਨੂੰ ਬਹੁਤ ਸਕੂਨ ਪ੍ਰਾਪਤ ਹੁੰਦਾ ਹੈ ਤੇ ਦੇਰ ਤਕ ਪੜ੍ਹਨ ਨੂੰ ਮਨ ਕਰਦਾ ਹੈ। ਸਾਡੇ ਦੇਸ਼ ਦੇ ਲੋਕਾਂ ਵਾਂਗ ਇਸ ਮੁਲਕ ਦੇ ਲੋਕ ਨਾ ਤਾਂ ਪੁਸਤਕਾਂ ਉੱਤੇ ਕੁਝ ਲਿਖਦੇ ਹਨ ਤੇ ਨਾ ਹੀ ਉਨ੍ਹਾਂ ਵਿੱਚੋਂ ਕੁਝ ਪਾੜਕੇ ਲਿਜਾਂਦੇ ਹਨ। ਲੋਕਾਂ ਨੂੰ ਸਮੇਂ ਸਿਰ ਪੁਸਤਕਾਂ ਮੋੜਨ ਦੀ ਆਦਤ ਹੈ। ਜੇਕਰ ਲੋਕ ਆਪਣੇ ਮਤਲਬ ਦੀ ਸਮਗਰੀ ਲਾਇਬ੍ਰੇਰੀ ਦੀ ਪੁਸਤਕ ਤੋਂ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਬਹੁਤ ਘੱਟ ਮੁੱਲ ਤੇ ਲੋੜੀਂਦੀ ਸਾਮਗਰੀ ਲਾਇਬ੍ਰੇਰੀ ਵਿੱਚੋਂ ਹੀ ਫੋਟੋ ਸਟੇਟ ਕਰਵਾਈ ਜਾ ਸਕਦੀ ਹੈ। ਲਾਇਬ੍ਰੇਰੀਆਂ'ਵਿਚ ਕੰਮ ਕਰਦੇ ਕਰਮਚਾਰੀਆਂ ਦੀ ਬੋਲਚਾਲ, ਗੱਲਬਾਤ ਕਰਨ ਦਾ ਢੰਗ ਤੇ ਉਨ੍ਹਾਂ ਦਾ ਸਹਿਯੋਗ ਬੰਦੇ ਨੂੰ ਉਨ੍ਹਾਂ ਦਾ ਮੁਰੀਦ ਬਣਾ ਦਿੰਦਾ ਹੈ। ਪੜ੍ਹਨ ਵਾਲੇ ਬੱਚਿਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਨ ਲਈ ਹਰ ਤਰ੍ਹਾਂ ਦੀਆਂ ਪੁਸਤਕਾਂ ਅਤੇ ਇੰਟਰਨੈੱਟ ਦੀ ਸਹੂਲਤ ਵੱਖਰੇ ਤੌਰ 'ਤੇ ਉਪਲਬਧ ਕਰਵਾਈ ਜਾਂਦੀ ਹੈ। ਲਾਇਬ੍ਰੇਰੀਆਂ ਦੇ ਇੱਕ ਕਮਰੇ ਵਿੱਚ ਇੱਕ ਸਾਲ ਤੋਂ ਚਾਰ ਸਾਲ ਤਕ ਦੀ ਉਮਰ ਦੇ ਬੱਚਿਆਂ ਲਈ ਸਕੂਲ ਜਾਣ ਤੋਂ ਪਹਿਲਾਂ ਉਨ੍ਹਾਂ ਲਈ ਅਰਲੀ ਆਨ ਪ੍ਰੋਗਰਾਮ ਚਲਾਇਆ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਸਿਖਲਾਈ ਪ੍ਰਾਪਤ ਅਧਿਆਪਕਾਵਾਂ ਬੱਚਿਆਂ ਨੂੰ ਹਰ ਪੱਖੋਂ ਤਿਆਰ ਕਰਦੀਆਂ ਹਨ। ਇਹ ਪ੍ਰੋਗਰਾਮ ਇੱਥੋਂ ਦੀ ਸਰਕਾਰ ਵੱਲੋਂ ਚਲਾਇਆ ਜਾਂਦਾ ਹੈ ਤੇ ਇਸਦੀ ਕੋਈ ਫੀਸ ਨਹੀਂ ਹੁੰਦੀ।

ਇਨ੍ਹਾਂ ਲਾਇਬ੍ਰੇਰੀਆਂ ਵਿੱਚ ਇੱਕ ਦਿਨ ਲੇਖਕਾਂ ਲਈ ਹੁੰਦਾ ਹੈ। ਇਸ ਦਿਨ ਲੇਖਕ ਇੱਕ ਦੂਜੇ ਨਾਲ ਸਾਹਿਤਕ ਸਾਂਝ ਪਾਉਂਦੇ ਹਨ। ਹਰ ਲਾਇਬਰੇਰੀ ਦੇ ਨਾਲ ਇੱਕ ਆਡੋਟਰੀਅਮ ਹੁੰਦਾ ਹੈ ਜਿਸ ਵਿੱਚ ਬਿਨਾਂ ਕੋਈ ਪੈਸਾ ਦਿੱਤੇ ਸਾਹਿਤਕ ਸਮਾਗਮ ਕਰਵਾਇਆ ਜਾ ਸਕਦਾ ਹੈ। ਬੱਚਿਆਂ ਨੂੰ ਸਾਹਿਤ ਨਾਲ ਜੋੜਨ ਲਈ ਇਸ ਐਡੀਟੋਰੀਅਮ ਵਿੱਚ ਕਵਿਤਾ, ਭਾਸ਼ਣ, ਲੇਖ ਤੇ ਕਹਾਣੀ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਲਾਇਬ੍ਰੇਰੀਆਂ ਵਿੱਚ ਪੁਸਤਕਾਂ ਅਲਮਾਰੀਆਂ ਵਿੱਚ ਨਹੀਂ, ਸਗੋਂ ਸ਼ੈਲਫਾਂ ਉੱਤੇ ਪਈਆਂ ਹਨ ਤਾਂਕਿ ਵਧੇਰੇ ਪਾਠਕ ਉਨ੍ਹਾਂ ਨੂੰ ਪੜ੍ਹ ਸਕਣ। ਇਸ ਦੇਸ਼ ਦੀਆਂ ਲਾਇਬ੍ਰੇਰੀਆਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇੱਕ ਲਾਇਬ੍ਰੇਰੀ ਤੋਂ ਪੁਸਤਕ ਕਢਵਾ ਕੇ ਕਿਸੇ ਵੀ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਈ ਜਾ ਸਕਦੀ ਹੈ। ਪੁਸਤਕ ਪੜ੍ਹਕੇ ਲਾਇਬ੍ਰੇਰੀ ਦੇ ਕਿਸੇ ਵੀ ਮੇਜ਼ 'ਤੇ ਰੱਖਕੇ ਚਲੇ ਜਾਓ, ਪੁਸਤਕ ਆਪਣੇ ਆਪ ਜਮ੍ਹਾਂ ਹੋ ਜਾਵੇਗੀ ਤੇ ਤੁਹਾਡੇ ਫੋਨ ਉੱਤੇ ਪੁਸਤਕ ਜਮ੍ਹਾਂ ਹੋਣ ਦਾ ਸੁਨੇਹਾ ਚਲੇ ਜਾਵੇਗਾ।

ਪੜ੍ਹੀਆਂ ਹੋਈਆਂ ਪੁਰਾਣੀਆਂ ਪੁਸਤਕਾਂ ਬਹੁਤ ਘੱਟ ਮੁੱਲ 'ਤੇ ਵੇਚ ਦਿੱਤੀਆਂ ਜਾਂਦੀਆਂ ਹਨ। ਤੁਸੀਂ ਜੇਕਰ ਲਾਇਬ੍ਰੇਰੀ ਨਹੀਂ ਜਾ ਸਕਦੇ ਤਾਂ ਤੁਸੀਂ ਆਪਣੇ ਆਪ ਘਰ ਬੈਠੇ ਆਨ ਲਾਈਨ ਪੁਸਤਕ ਅਲਾਟ ਕਰ ਸਕਦੇ ਹੋ। ਅਲਾਟ ਹੋਣ ਤੋਂ ਬਾਅਦ ਪੁਸਤਕ ਤੁਹਾਡੇ ਕੰਪਿਊਟਰ ਉੱਤੇ ਆ ਜਾਵੇਗੀ। ਪੁਸਤਕ ਪੜ੍ਹਨ ਤੋਂ ਬਾਅਦ ਮਿੱਥੇ ਸਮੇਂ ਤੋਂ ਬਾਅਦ ਉਹ ਪੁਸਤਕ ਤੁਹਾਡੇ ਕੰਪਿਊਟਰ ਤੋਂ ਅਲੋਪ ਹੋ ਜਾਵੇਗੀ। ਇਨ੍ਹਾਂ ਲਾਇਬ੍ਰੇਰੀਆਂ ਵਿੱਚ ਪੁਸਤਕਾਂ ਦੀਆਂ ਸੀਡੀਆਂ ਵੀ ਮਿਲਦੀਆਂ ਹਨ। ਤੁਸੀਂ ਉਹ ਕਿਸੇ ਵੀ ਪੁਸਤਕ ਦੀ ਸੀਡੀ ਆਪਣੇ ਘਰ ਲਿਜਾਕੇ ਉਸ ਨੂੰ ਆਪਣੇ ਕੰਪਿਊਟਰ ਵਿੱਚ ਪਾ ਕੇ ਸੁਣ ਸਕਦੇ ਹੋ।

ਇਸ ਮੁਲਕ ਦੀਆਂ ਲਾਇਬਰੇਰੀਆਂ ਦੀ ਵਿਲੱਖਣਤਾ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਹੈਰਾਨ ਕਰ ਦਿੰਦੀ ਹੈ। ਹੁਣ ਜੇਕਰ ਆਪਣੇ ਦੇਸ਼ ਵਿੱਚ ਲਾਇਬ੍ਰੇਰੀਆਂ ਦੀ ਸਥਿਤੀ ਦੀ ਗੱਲ ਕੀਤੀ ਜਾਵੇ ਤਾਂ ਅਸੀਂ ਇਸ ਮੁਲਕ ਤੋਂ ਬਹੁਤ ਪਿੱਛੇ ਹਾਂ। ਸਾਡੇ ਮੁਲਕ ਦੇ ਜ਼ਿਆਦਾਤਰ ਸਰਕਾਰੀ ਤੇ ਕੇਵਲ ਨਾਂ ਦੇ ਪ੍ਰਾਈਵੇਟ ਸਕੂਲਾਂ ਵਿੱਚ ਲਾਇਬ੍ਰੇਰੀ ਹੁੰਦੀ ਹੀ ਨਹੀਂ। ਜਿਨ੍ਹਾਂ ਸਕੂਲਾਂ ਵਿੱਚ ਹੁੰਦੀ ਵੀ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਲਈ ਨਾ ਕਮਰਾ ਹੁੰਦਾ ਹੈ ਤੇ ਨਾ ਹੀ ਲਾਇਬ੍ਰੇਰੀਅਨ ਦੀ ਅਸਾਮੀ ਹੁੰਦੀ ਹੈ। ਪੁਸਤਕਾਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵਿੱਚ ਬੰਦ ਪਈਆਂ ਰਹਿੰਦੀਆਂ ਹਨ। ਸਕੂਲਾਂ ਵਿੱਚ ਪੁਸਤਕਾਂ ਪੜ੍ਹਨ ਦੇ ਸੱਭਿਆਚਾਰ ਨੂੰ ਪ੍ਰਫੁੱਲਿਤ ਵੀ ਨਹੀਂ ਕੀਤਾ ਜਾਂਦਾ। ਕੁਝ ਨਾਮੀ ਪ੍ਰਾਈਵੇਟ ਸਕੂਲਾਂ ਨੂੰ ਛੱਡਕੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਵੱਡੀ ਇਮਾਰਤ, ਇੰਟਰਨੈੱਟ ਤੇ ਹੋਰ ਸਹੂਲਤਾਂ ਹੋਣੀਆਂ ਬਹੁਤ ਦੂਰ ਦੀ ਗੱਲ ਹੈ। ਬਹੁਤ ਘੱਟ ਸਕੂਲ ਮੁਖੀ ਤੇ ਅਧਿਆਪਕ ਬੱਚਿਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਦੇ ਹਨ ਅਤੇ ਲਾਇਬ੍ਰੇਰੀ ਵਿੱਚ ਬੈਠਕੇ ਪੜ੍ਹਨ ਦੇ ਤੌਰ ਤਰੀਕੇ ਸਿਖਾਉਂਦੇ ਹਨ।

ਸਕੂਲਾਂ ਲਈ ਕਰੋੜਾਂ ਰੁਪਏ ਦੀਆਂ ਪੁਸਤਕਾਂ ਤਾਂ ਖਰੀਦੀਆਂ ਜਾਂਦੀਆਂ ਹਨ ਪਰ ਚੰਗੀਆਂ ਲਾਇਬ੍ਰੇਰੀਆਂ, ਉਨ੍ਹਾਂ ਵਿੱਚ ਚੰਗੀਆਂ ਸਹੂਲਤਾਂ, ਚੰਗੇ ਮਾਹੌਲ ਅਤੇ ਪੁਸਤਕਾਂ ਪੜ੍ਹਨ ਦੀ ਰੁਚੀ ਨਾ ਹੋਣ ਕਰਕੇ ਉਹ ਪੁਸਤਕਾਂ ਲਾਇਬ੍ਰੇਰੀਆਂ ਵਿੱਚ ਹੀ ਪਈਆਂ ਰਹਿ ਜਾਂਦੀਆਂ ਹਨ। ਕਾਲਜਾਂ ਅਤੇ ਯੂਨੀਵਰਸਟੀਆਂ ਵਿੱਚ ਸਕੂਲਾਂ ਨਾਲੋਂ ਲਾਇਬ੍ਰੇਰੀਆਂ ਦੀ ਸਥਿਤੀ ਬਿਹਤਰ ਹੁੰਦੀ ਹੈ ਪਰ ਉਨ੍ਹਾਂ ਵਿੱਚ ਵੀ ਇਸ ਮੁਲਕ ਵਾਂਗ ਇੰਟਰਨੈੱਟ ਦੀ ਸਹੂਲਤ, ਵੱਡੀ ਇਮਾਰਤ, ਦੇਰ ਰਾਤ ਤਕ ਖੁੱਲ੍ਹੀ ਰਹਿਣ, ਸਸਤੀ ਮੈਂਬਰਸ਼ਿਪ ਅਤੇ ਬੈਠਣ ਦਾ ਵਧੀਆ ਪ੍ਰਬੰਧ ਆਦਿ ਸਹੂਲਤਾਂ ਦੀ ਘਾਟ ਹੁੰਦੀ ਹੈ। ਬੱਚਿਆਂ ਨੂੰ ਲਾਇਬ੍ਰੇਰੀਆਂ ਵਿਚ ਬੈਠਕੇ ਉੱਚੀ ਉੱਚੀ ਫੋਨ ਕਰਨ, ਗੱਲਾਂ ਕਰਨ, ਕਿਤਾਬਾਂ ਉੱਤੇ ਲਿਖਣ ਅਤੇ ਉਨ੍ਹਾਂ ਵਿੱਚੋਂ ਪੰਨੇ ਪਾੜਨ ਦੀ ਆਦਤ ਹੁੰਦੀ ਹੈ। ਭਾਵੇਂ ਸਾਡੇ ਮੁਲਕ ਵਿੱਚ ਵੱਡੇ ਸ਼ਹਿਰਾਂ ਵਿੱਚ ਸਰਕਾਰੀ ਪੱਧਰ 'ਤੇ ਬਹੁਤ ਵਧੀਆ ਵਧੀਆ ਜਨਤਕ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ, ਉਨ੍ਹਾਂ ਵਿੱਚ ਵੀ ਬਹੁਤ ਸਾਰੀਆਂ ਸਹੂਲਤਾਂ ਮੌਜੂਦ ਹਨ ਪਰ ਫੇਰ ਵੀ ਉਨ੍ਹਾਂ ਵਿੱਚ ਅਜੇ ਵੀ ਬਹੁਤ ਸੁਧਾਰਾਂ ਦੀ ਲੋੜ ਹੈ। ਇਸ ਮੁਲਕ ਵਿੱਚ ਸੜਕਾਂ ਉੱਤੇ ਲਾਇਬਰੇਰੀਆਂ ਹੋਣਾ ਇੱਥੋਂ ਦੇ ਲੋਕਾਂ ਦੇ ਪੁਸਤਕ ਪ੍ਰੇਮੀ ਹੋਣ ਦਾ ਵਧੀਆ ਪ੍ਰਮਾਣ ਹੈ।

# ਨਾਸਾ ਨੇ ਬ੍ਰਿਹਸਪਤੀ ਦੇ ਚੰਦ ਯੂਰੋਪਾ 'ਤੇ ਭੇਜਿਆ ਸਪੇਸਕ੍ਰਾਫਟ, 2030 'ਚ ਪਹੁੰਚੇਗਾ



ਵਾਸ਼ਿੰਗਟਨ : ਅਮਰੀਕੀ ਏਜੰਸੀ ਨਾਸਾ ਨੇ ਬ੍ਰਿਹਸਪਤੀ ਦੇ ਚੰਦ ਯੂਰੋਪਾ 'ਤੇ ਜੀਵਨ ਦੀ ਸੰਭਾਵਨਾ ਦੀ ਤਲਾਸ਼ ਲਈ ਆਪਣਾ ਯੂਰੋਪਾ ਕਲਿਪਰ ਸਪੇਸਕ੍ਰਾਫਟ ਸਫਲਤਾਪੂਰਵਕ ਲਾਂਚ ਕੀਤਾ ਹੈ। ਇਸ ਮਿਸ਼ਨ ਨੂੰ ਸੋਮਵਾਰ ਨੂੰ ਫਲੋਰਿਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ ਸਪੇਸ ਦੇ ਫਾਲਕਨ ਹੈਵੀ ਰਾਕਟ ਨਾਲ ਭੇਜਿਆ ਗਿਆ। ਯੂਰੋਪਾ ਕਲਿਪਰ 6 ਸਾਲ ਦੀ ਮੁਹਿੰਮ ਦੌਰਾਨ ਲਗਭਗ 3 ਅਰਬ ਕਿਲੋਮੀਟਰ ਦਾ ਸਫ਼ਰ ਤੈਅ ਕਰੇਗਾ ਅਤੇ 11 ਅਪ੍ਰੈਲ 2030 'ਚ ਬ੍ਰਿਹਸਪਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਵੇਗਾ।

ਨਾਸਾ ਦੇ ਵਿਗਿਆਨੀਆਂ ਨੂੰ ਵਿਸ਼ਵਾਸ ਹੈ ਕਿ ਯੂਰੋਪਾ ਦੀ ਬਰਫ਼ੀਲੀ ਸਤਹਿ ਹੇਠਾਂ ਸਮੁੰਦਰ ਮੌਜੂਦ ਹੋ ਸਕਦੇ ਹਨ, ਜੋ ਇਸਨੂੰ ਜੀਵਨ ਲਈ ਅਨੁਕੂਲ ਬਣਾ ਸਕਦੇ ਹਨ। ਇਹ ਸਪੇਸਕ੍ਰਾਫਟ 4 ਸਾਲਾਂ ਵਿੱਚ 49 ਵਾਰ ਯੂਰੋਪਾ ਦੇ ਨੇੜੇ ਤੋਂ ਗੁਜ਼ਰੇਗਾ। ਇਸ ਉਪਕਰਣ ਤੇ ਕਈ ਸੋਲਰ ਪੈਨਲ ਲਗਾਏ ਗਏ ਹਨ, ਜੋ ਇਸਨੂੰ ਪੂਰੀ ਯਾਤਰਾ ਦੌਰਾਨ ਊਰਜਾ ਪ੍ਰਦਾਨ ਕਰਨਗੇ।

ਯੂਰੋਪਾ ਕਲਿਪਰ ਮਿਸ਼ਨ ਨਾਸਾ ਦੀਆਂ ਸਭ ਤੋਂ ਵੱਡੀਆਂ ਮੁਹਿੰਮਾਂ ਵਿੱਚੋਂ ਇੱਕ ਹੈ। ਇਸ ਦਾ ਅਕਾਰ ਬਾਸਕਟਬਾਲ ਕੋਰਟ ਤੋਂ ਵੀ ਵੱਡਾ ਹੈ ਅਤੇ ਇਸ 'ਤੇ 43 ਹਜ਼ਾਰ ਕਰੋੜ ਰੁਪਏ ਦਾ ਖਰਚ ਆਇਆ ਹੈ। ਸਪੇਸਕ੍ਰਾਫਟ ਨਾਲ 9 ਵਿਗਿਆਨਕ ਉਪਕਰਣ ਭੇਜੇ ਗਏ ਹਨ, ਜਿਸ ਵਿੱਚ ਕੈਮਰਾ, ਸਪੈਕਟ੍ਰੋਮੀਟਰ, ਮੈਗਨੈਟੋਮੀਟਰ ਅਤੇ ਰਡਾਰ ਸ਼ਾਮਲ ਹਨ। ਇਹ ਉਪਕਰਣ ਯੂਰੋਪਾ ਦੀ ਸਤਹ ਹੇਠਾਂ ਮੌਜੂਦ ਸਮੁੰਦਰ ਦੀਆਂ ਗਹਿਰਾਈਆਂ ਅਤੇ ਜੀਵਨ ਲਈ ਜ਼ਰੂਰੀ ਤੱਤਾਂ ਦੀ ਖੋਜ ਕਰਨਗੇ। ਇਸਦੇ ਨਾਲ ਹੀ ਇਹ ਯੂਰੋਪਾ ਦੇ ਮੈਗਨੈਟਿਕ ਖੇਤਰ ਦਾ ਵੀ ਵਿਸ਼ਲੇਸ਼ਣ ਕਰਨਗੇ।

1979 ਵਿੱਚ ਨਾਸਾ ਦੇ ਵਾਯਜਰ 2 ਮਿਸ਼ਨ ਨੇ ਬ੍ਰਿਹਸਪਤੀ ਦੇ ਨੇੜੇ ਜਾ ਕੇ ਯੂਰੋਪਾ ਦੀਆਂ ਕੁਝ ਤਸਵੀਰਾਂ ਖਿੱਚੀਆਂ ਸਨ, ਜਿਨ੍ਹਾਂ ਵਿੱਚ ਕੁਝ ਗੱਡੇ ਅਤੇ ਜਿਓਲੋਜੀਕਲ ਪ੍ਰਕਿਰਿਆ ਦੇ ਸੰਕੇਤ ਮਿਲੇ ਸਨ। 1996 ਵਿੱਚ ਨਾਸਾ ਦੇ ਗੈਲੀਲਿਓ ਸਪੇਸਕ੍ਰਾਫਟ ਨੇ ਯੂਰੋਪਾ ਦੀ ਮੈਗਨੈਟਿਕ ਫੀਲਡ ਦੀ ਜਾਂਚ ਕੀਤੀ ਸੀ, ਜਿਨ੍ਹਾਂ ਤੋਂ ਇਸ ਉਪਗ੍ਰਹਿ 'ਤੇ ਖਾਰੇ ਪਾਣੀ ਦੇ ਹੋਣ ਦੇ ਸੰਕੇਤ ਮਿਲੇ ਸਨ।

# ਟਰੰਪ ਦੀ ਰੈਲੀ ਦੇ ਬਾਹਰ ਸ਼ੱਕੀ ਵਿਅਕਤੀ ਹਥਿਆਰਾਂ ਸਮੇਤ ਗ੍ਰਿਫ਼ਤਾਰ

## ਗੱਡੀ 'ਚੋਂ 2 ਰਿਵਾਲਵਰ ਮਿਲੀਆਂ, ਫਰਜ਼ੀ ਪਾਸ ਨਾਲ ਅੰਦਰ ਘੁਸਣ ਦੀ ਕਰ ਰਿਹਾ ਸੀ ਕੋਸ਼ਿਸ਼




ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਉਮੀਦਵਾਰ ਡੋਨਲਡ ਟਰੰਪ ਦੀ ਰੈਲੀ ਦੇ ਬਾਹਰ ਇੱਕ ਹਥਿਆਰਬੰਦ ਸ਼ਖ਼ਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਘਟਨਾ ਕੈਲੀਫੋਰਨੀਆ ਦੇ ਕੋਚੇਲਾ ਵਿੱਚ ਟ੍ਰੰਪ ਦੀ ਰੈਲੀ ਦੌਰਾਨ ਵਾਪਰੀ। ਸੀਆਨਐਨ ਮੁਤਾਬਕ, ਸ਼ਖ਼ਸ ਨੇ ਫਰਜ਼ੀ ਪ੍ਰੈਸ ਅਤੇ ਵੀ.ਆਈ.ਪੀ. ਪਾਸ ਨਾਲ ਰੈਲੀ ਵਿੱਚ ਘੁਸਣ ਦੀ ਕੋਸ਼ਿਸ਼ ਕੀਤੀ।

ਰਿਵਰਸਾਈਡ ਕਾਉਂਟੀ ਦੇ ਸ਼ੈਰੀਫ਼ ਚੈਡ ਬਿਆਨਕੋ ਨੇ ਦੱਸਿਆ ਕਿ ਇਸਦੀ ਕਾਲੀ ਐਸ.ਯੂ.ਵੀ. ਕਾਰ 'ਚੋਂ ਪੁਲਿਸ ਨੂੰ ਇੱਕ ਸ਼ਾਟਗਨ, ਇੱਕ ਲੋਡਡ ਹੈਂਡਗਨ ਅਤੇ ਇੱਕ ਹਾਈ ਕੈਪੇਸਿਟੀ ਮੈਗਜ਼ੀਨ ਮਿਲੀ ਹੈ। ਸ਼ੱਕ ਦੇ ਆਧਾਰ 'ਤੇ ਉਸਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਹੋਏ ਸ਼ਖ਼ਸ ਦੀ ਪਛਾਣ 49 ਸਾਲਾਂ ਦੇ ਵੈਮ ਮਿਲਰ ਵਜੋਂ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਮਿਲਰ ਨੂੰ ਦੋ ਹਥਿਆਰ ਰੱਖਣ ਦੇ ਦੋਸ਼ ਲੱਗੇ ਹਨ ਅਤੇ ਉਸ ਨੂੰ $5,000 ਬਾਂਡ 'ਤੇ ਰਿਹਾ ਕਰ ਦਿੱਤਾ ਗਿਆ ਹੈ। ਉਸਨੂੰ 2 ਜਨਵਰੀ 2025 ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਇਸ ਮਾਮਲੇ ਬਾਰੇ ਪੂਰੀ ਜਾਣਕਾਰੀ ਦੇਣ ਲਈ ਰਿਵਰਸਾਈਡ ਕਾਉਂਟੀ ਦੇ ਸ਼ੈਰੀਫ਼ ਜਲਦੀ ਹੀ ਪ੍ਰੈਸ ਕਾਨਫਰੰਸ ਕਰਣਗੇ।

ਇਸ ਤੋਂ ਪਹਿਲਾਂ ਵੀ ਟ੍ਰੰਪ 'ਤੇ ਕਈ ਹਮਲੇ ਦੀਆਂ ਕੋਸ਼ਿਸ਼ਾਂ ਹੋ ਚੁੱਕੀਆਂ ਹਨ। ਤਿੰਨ ਮਹੀਨੇ ਪਹਿਲਾਂ, ਪੈਂਸਿਲਵੇਨੀਆ ਦੇ ਬਟਲਰ ਸ਼ਹਿਰ 'ਚ ਰੈਲੀ ਦੌਰਾਨ ਗੋਲੀ ਚਲਾਈ ਗਈ ਸੀ। 16 ਸਤੰਬਰ ਨੂੰ ਟ੍ਰੰਪ 'ਤੇ ਇੱਕ ਹੋਰ ਹਮਲੇ ਦੀ ਕੋਸ਼ਿਸ਼ ਫਲੋਰੀਡਾ ਦੇ ਪਾਮ ਬੀਚ ਕਾਉਂਟੀ 'ਚ ਹੋਈ ਸੀ, ਜਦੋਂ ਉਹ ਗੋਲਫ ਕਲੱਬ 'ਚ ਖੇਡ ਰਹੇ ਸਨ। ਉਸ ਸਮੇਂ ਟ੍ਰੰਪ ਦੀ ਸੁਰੱਖਿਆ 'ਚ ਤਾਇਨਾਤ ਸਿਕ੍ਰੇਟ ਸਰਵਿਸ ਏਜੰਟ ਨੇ ਇੱਕ ਹਥਿਆਰਬੰਦ ਸ਼ਖ਼ਸ ਨੂੰ ਝਾੜੀਆਂ 'ਚ ਲੁਕੇ ਹੋਏ ਦੇਖਿਆ ਸੀ।

ਸਿਕ੍ਰੇਟ ਸਰਵਿਸ ਨੇ ਕਿਹਾ ਕਿ ਇਸ ਘਟਨਾ ਦਾ ਟ੍ਰੰਪ ਦੀ ਸੁਰੱਖਿਆ 'ਤੇ ਕੋਈ ਅਸਰ ਨਹੀਂ ਪਿਆ। ਰੈਲੀ ਵਿੱਚ ਤਾਇਨਾਤ ਸੁਰੱਖਿਆ ਟੀਮ ਅਤੇ ਸਥਾਨਕ ਅਧਿਕਾਰੀਆਂ ਨੇ ਚੰਗਾ ਸਹਿਯੋਗ ਕੀਤਾ। ਸੁਰੱਖਿਆ ਵਿੱਚ ਹੋਰ ਵਾਧਾ ਕਰਕੇ ਮੀਡੀਆ ਅਤੇ ਵੀ.ਆਈ.ਪੀ. ਟਿਕਟ ਵਾਲਿਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ।

# ਰੂਸ ਨੇ ਯੂਕਰੇਨ ਦੇ ਪਾਵਰ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ, ਯੂਕਰੇਨ ਨੇ ਜਵਾਬ 'ਚ 22 ਡਰੋਨ ਕੀਤੇ ਢੇਰੀ

ਕੀਵ : ਰੂਸ ਅਤੇ ਯੂਕਰੇਨ ਵਿਚਾਲੇ ਜੰਗ ਚੱਲ ਰਹੀ ਹੈ ਅਤੇ ਫਿਲਹਾਲ ਇਸ ਦੇ ਰੁਕਣ ਦੇ ਕੋਈ ਸੰਕੇਤ ਨਹੀਂ ਹਨ। ਇਸ ਦੌਰਾਨ ਰੂਸ ਵੱਲੋਂ ਯੂਕਰੇਨ 'ਤੇ ਤੇਜ਼ ਹਮਲੇ ਜਾਰੀ ਹਨ। ਰੂਸੀ ਫੌਜ ਨੇ ਬੁੱਧਵਾਰ ਰਾਤ ਨੂੰ ਯੂਕਰੇਨ 'ਤੇ 56 ਤੋਂ ਜ਼ਿਆਦਾ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ। ਇਸ ਹਮਲੇ ਵਿਚ ਰੂਸ ਨੇ ਮਾਈਕੋਲਾਈਵ ਦੇ ਦੱਖਣੀ ਖੇਤਰ ਵਿਚ ਪਾਵਰ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਹੈ।

ਮਾਈਕੋਲਾਈਵ ਦੇ ਖੇਤਰੀ ਗਵਰਨਰ ਵਿਟਾਲੀ ਕਿਮ ਨੇ ਕਿਹਾ ਕਿ ਹਮਲੇ ਕਾਰਨ ਕੁਝ ਖੇਤਰਾਂ ਵਿੱਚ ਬਿਜਲੀ ਸਪਲਾਈ ਵਿੱਚ ਵਿਘਨ ਪਿਆ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਰੂਸ ਵੱਲੋਂ ਕੀਤੇ ਗਏ ਇਨ੍ਹਾਂ ਹਮਲਿਆਂ ਵਿੱਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਯੂਕਰੇਨੀ ਹਵਾਈ ਸੈਨਾ ਨੇ ਫਰੰਟ ਲਾਈਨ ਦੇ ਨੇੜੇ ਖੇਤਰਾਂ ਵਿੱਚ Infrastructure Faicilty 'ਤੇ ਪੰਜ ਹਮਲਿਆਂ ਦੀ ਵੀ ਰਿਪੋਰਟ ਕੀਤੀ ਹੈ।

22 ਡਰੋਨ ਕੀਤੇ ਢੇਰੀ: ਯੂਕਰੇਨ ਦੀ ਫੌਜ ਦਾ ਕਹਿਣਾ ਹੈ ਕਿ ਹਮਲੇ ਦੌਰਾਨ 22 ਡਰੋਨਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ ਅਤੇ 27 ਡਰੋਨ ਅਜੇ ਵੀ ਅਣਪਛਾਤੇ ਹਨ। ਕੀਵ ਦੇ ਮੇਅਰ ਵਿਟਾਲੀ ਕਲਿਟਸਕੋ ਨੇ ਕਿਹਾ ਕਿ ਡਰੋਨ



ਦਾ ਮਲਬਾ ਰਾਜਧਾਨੀ ਦੇ ਇੱਕ ਕਿੰਡਰਗਾਰਟਨ ਨੇੜੇ ਡਿੱਗਿਆ। ਮੇਅਰ ਨੇ ਕੀਵ ਅਤੇ ਆਸਪਾਸ ਦੇ ਖੇਤਰਾਂ ਵਿੱਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਦਿੱਤੀ ਹੈ।

ਇਸ ਦੌਰਾਨ ਤੁਹਾਨੂੰ ਇਹ ਵੀ ਦੱਸ ਦੇਈਏ ਕਿ ਜੰਗ ਦੇ ਵਿਚਕਾਰ ਅਮਰੀਕਾ ਇੱਕ ਵਾਰ ਫਿਰ ਯੂਕਰੇਨ ਦੀ ਮਦਦ ਲਈ ਅੱਗੇ ਆਇਆ ਹੈ। ਰਾਸ਼ਟਰਪਤੀ ਜੋ ਬਾਈਡਨ ਨੇ ਕੀਵ ਲਈ $425 ਮਿਲੀਅਨ ਹਥਿਆਰ ਪੈਕੇਜ ਦਾ ਐਲਾਨ ਕੀਤਾ ਹੈ। ਪੈਕੇਜ ਵਿੱਚ ਹਵਾਈ ਰੱਖਿਆ ਪ੍ਰਣਾਲੀ, ਬਖਤਰਬੰਦ ਵਾਹਨ ਅਤੇ ਹੋਰ ਹਥਿਆਰ ਸ਼ਾਮਲ ਹਨ।

ਫਿਲਹਾਲ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਕੀ ਯੂਕਰੇਨ ਨੂੰ ਰੂਸ 'ਤੇ ਵੈਸਟ-ਮੇਡ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦਾਗਣ ਦੀ ਇਜਾਜ਼ਤ ਦਿੱਤੀ ਜਾਵੇਗੀ। ਉੱਥੇ ਹੀ ਬੈਂਕਾਕ ਵਿੱਚ ਯੂਰੇਸ਼ੀਆ ਲਈ ਚੀਨ ਦੇ ਰਾਜਦੂਤ ਲੀ ਹੂਈ ਨੇ ਮੰਗਲਵਾਰ ਨੂੰ ਯੂਕਰੇਨ ਵਿੱਚ ਆਪਣੀ ਸ਼ਾਂਤੀ ਯੋਜਨਾ ਵਿੱਚ ਅਤੇ ਗਲੋਬਲ ਦੱਖਣ ਦੇ ਤਿੰਨ ਦੇਸ਼ਾਂ ਇੰਡੋਨੇਸ਼ੀਆ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਨੇ ਕਿਹਾ, ਸ਼ਾਂਤੀ ਯੋਜਨਾ 'ਚ ਗਲੋਬਲ ਸਾਊਥ ਦਾ ਸਹਿਯੋਗ ਮਹੱਤਵਪੂਰਨ ਹੈ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm




ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ਲੇਖਕ : ਡਾ. ਕ੍ਰਿਸ਼ਨ ਕੁਮਾਰ ਰੱਤੂ
ਸੰਪਰਕ: 9478-730156




## ਨੋਬੇਲ ਸਾਹਿਤ ਪੁਰਸਕਾਰ-2024

# ਜ਼ਿੰਦਗੀ ਦੇ ਸੰਘਰਸ਼ ਅਤੇ ਪਿਆਰ ਵਿਚਕਾਰ ਸ਼ਬਦਾਂ ਦੀ ਤਾਲ ਹੇਨ ਕਾਂਗ

ਉਸ ਧੂੰਏਂ ਵੱਲ ਦੇਖੋ
ਕੁਝ ਹੋਵੇਗਾ
ਇਸ ਵਿਸ਼ਾਲ ਧਰਤੀ ਤੋਂ ਜੋ ਉਠ ਰਿਹਾ ਹੈ
ਹੁਣ ਸਿਰਫ ਜੀਵਨ ਦੇ ਬਾਕੀ ਨਿਸ਼ਾਨ ਹਨ

ਇਹ ਸਾਲ 2024 ਲਈ ਸਾਹਿਤ ਦੇ ਖੇਤਰ ਵਿਚ ਮਿਲੇ ਨੋਬੇਲ ਇਨਾਮ ਜੇਤੂ ਲਿਖਾਰੀ ਹਾਨ ਕਾਂਗ ਦੀ ਕਵਿਤਾ ਦੀਆਂ ਸਤਰਾਂ ਹਨ। ਇਸ ਵਾਰ ਸਾਰੀਆਂ ਸਾਹਿਤਕ ਭਵਿੱਖਬਾਣੀਆਂ ਤੋਂ ਪਾਰ ਦੱਖਣੀ ਕੋਰੀਆ ਦੀ ਨੌਜਵਾਨ ਲੇਖਕ ਹਾਨ ਕਾਂਗ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਦੇਣ ਦੇ ਐਲਾਨ ਨਾਲ ਹੁਣ ਪਤਾ ਲੱਗਾ ਹੈ ਕਿ ਸਾਹਿਤ ਜਗਤ ਵਿਚ ਨਵੀਆਂ ਆਵਾਜ਼ਾਂ ਦੀ ਨਵੀਂ ਲਹਿਰ ਉੱਠ ਰਹੀ ਹੈ। ਹਾਨ ਕਾਂਗ ਦੱਖਣੀ ਕੋਰੀਆ ਤੋਂ ਹੈ। ਦੱਖਣੀ ਕੋਰੀਆ ਅਤੇ ਇਸ ਦੇ ਸਾਹਿਤ ਦੀ ਆਵਾਜ਼ ਨਵੀਂ ਪੂਰਬੀ ਹਵਾ ਵਾਂਗ ਹੈ ਜੋ ਇਸ ਦੇ ਸਮੁੱਚੇ ਸਾਹਿਤ ਵਿੱਚ ਦਿਖਾਈ ਦਿੰਦੀ ਹੈ।

53 ਸਾਲਾਂ ਨੂੰ ਢੁੱਕੀ ਹਾਨ ਕਾਂਗ ਨੇ ਆਪਣੀਆਂ ਕਵਿਤਾਵਾਂ ਅਤੇ ਨਾਵਲਾਂ ਵਿਚ ਆਪਣੇ ਪਿਆਰ ਅਤੇ ਜਿਊਣ ਦੀ ਇੱਛਾ ਨੂੰ ਸ਼ਬਦਾਂ ਦੇ ਵਾਵਰੋਲੇ ਰਾਹੀਂ ਬਿਆਨ ਕੀਤਾ ਹੈ ਤੇ ਸੰਘਰਸ਼ ਦੀ ਕਹਾਣੀ ਬਿਆਨ ਕੀਤੀ ਹੈ। ਉਸ ਨੇ ਆਪਣੇ ਸਿਰਜਣਾਤਮਕ ਅਮਲ ਦੀਆਂ ਅਤਿਅੰਤ ਗੂੰਜਦੀਆਂ ਮਨੁੱਖੀ ਸੰਭਾਵਨਾਵਾਂ ਦੀ ਖੋਜ ਕੀਤੀ ਜਿਸ ਨੇ ਜ਼ਿੰਦਗੀ ਅਤੇ ਦੁਨੀਆ ਦੇ ਯਾਦਗਾਰੀ ਪਲਾਂ ਬਾਰੇ ਲਿਖਿਆ। ਇਹ ਮਨੁੱਖਤਾ ਅਤੇ ਜੀਵਨ ਸੰਵੇਦਨਾ ਨਾਲ ਭਰਪੂਰ ਸਾਹਿਤ ਹੈ।

ਨੋਬੇਲ ਪੁਰਸਕਾਰ ਦੇਣ ਵਾਲੀ ਨੋਬੇਲ ਸਵੀਡਿਸ਼ ਅਕੈਡਮੀ ਨੇ ਕਿਹਾ ਹੈ ਕਿ ਇਹ ਸਨਮਾਨ ਹਾਨ ਕਾਂਗ ਨੂੰ ਉਸ ਦੀ ਡੂੰਘੀ ਕਾਵਿਕ ਅਤੇ ਰੂਹਾਨੀ ਵਾਰਤਕ ਤੇ ਕਵਿਤਾ ਦੀ ਇਤਿਹਾਸਕ ਪ੍ਰਸੰਗਿਕਤਾ ਵਾਲੇ ਸਾਹਿਤਕ ਕਾਰਜ ਲਈ ਦਿੱਤਾ ਗਿਆ ਹੈ। ਹਾਨ ਕਾਂਗ ਦੇ ਸਾਹਿਤ ਰਾਹੀਂ ਮਨੁੱਖੀ ਜੀਵਨ ਦੀਆਂ ਕਈ ਪਰਤਾਂ ਉਜਾਗਰ ਹੋਈਆਂ ਹਨ।

ਹਾਨ ਕਾਂਗ ਦਾ ਜਨਮ 27 ਨਵੰਬਰ 1970 ਨੂੰ ਦੱਖਣੀ ਕੋਰੀਆ ਵਿੱਚ ਹਾਨ ਨਦੀ ਦੇ ਕੰਢੇ ਹੋਇਆ। ਹਾਨ ਕਾਂਗ ਨੇ ਜਾਨਸਨ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਉਸ ਦੇ ਪਿਤਾ ਨਾਵਲਕਾਰ ਹਨ। ਹਾਨ ਕਾਂਗ ਨੇ ਆਪਣੀ ਡਾਇਰੀ ਵਿੱਚ ਕਵਿਤਾਵਾਂ, ਕਹਾਣੀਆਂ ਅਤੇ ਨਾਵਲਾਂ ਬਾਰੇ ਖੁੱਲ੍ਹ ਕੇ ਲਿਖਿਆ ਹੈ। ਉਸ ਦੀਆਂ ਇਨ੍ਹਾਂ ਕਿਤਾਬਾਂ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਆਪਣੀ ਕਵਿਤਾ ਦੀ ਇੱਕ ਸਤਰ ਵਿੱਚ ਉਹ ਕਹਿੰਦੀ ਹੈ ਕਿ ਉਹ ਕੋਰੀਆ ਦੇ ਬਸਤੀਵਾਦੀ ਸਮੇਂ ਦੇ ਜੀਵਨ ਤੇ ਇਤਿਹਾਸ ਨੂੰ ਸਮਝਦੀ ਹੈ ਅਤੇ ਉਸ ਨੇ ਆਪਣੇ ਸਮੇਂ ਵਿੱਚ ਆਪਣੀ ਨਸਲ ਨਾਲ ਚਲਦਿਆਂ ਜੋ ਕੁਝ ਦੇਖਿਆ ਹੈ, ਉਹ ਹੈਰਾਨੀਜਨਕ ਹੈ।

ਹਾਨ ਕਾਂਗ ਨੇ 1993 ਵਿੱਚ ਆਪਣੀ ਕਵਿਤਾਵਾਂ ਦੀ ਕਿਤਾਬ 'ਵਿੰਟਰ ਇੰਸ਼ੋਰੈਂਸ' ਨਾਲ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕੀਤੀ। ਉਸ ਦੀਆਂ ਬਹੁਤ ਸਾਰੀਆਂ ਕਿਤਾਬਾਂ ਵਿੱਚ 'ਰੈੱਡ ਐਂਕਰ' ਦੇ ਨਾਲ-ਨਾਲ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਲਵ ਐਪ ਯੇਸ਼ੁਆਈ' ਸ਼ਾਮਲ ਹੈ ਜੋ 1995 ਵਿੱਚ ਪ੍ਰਕਾਸ਼ਿਤ ਹੋਇਆ ਸੀ। 1998 ਵਿੱਚ ਉਸ ਦੀਆਂ ਕਈ ਕਿਤਾਬਾਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ 'ਬ੍ਰੈਥ ਫਾਈਟਿੰਗ', 'ਗ੍ਰੀਕ ਲੈਸਨ', 'ਹਿਊਮਨ ਐਕਟਸ', 'ਵ੍ਹਾਈਟ ਬੁੱਕ' ਆਦਿ ਸ਼ਾਮਲ ਹਨ। 2002 ਵਿੱਚ 'ਕੋਲਡ ਹੈਂਡ' ਅਤੇ 'ਸੰਗ ਸਿੰਗ' ਤੋਂ ਇਲਾਵਾ ਹੋਰ ਕਿਤਾਬਾਂ ਜਿਵੇਂ 'ਮੰਗੋਲੀਅਨ ਵੇ' ਆਈਆਂ। 2018 ਵਿੱਚ ਪ੍ਰਕਾਸ਼ਿਤ ਉਸ ਦਾ ਇਤਿਹਾਸਕ ਨਾਵਲ 'ਵ੍ਹਾਈਟ ਬੁੱਕ' ਪੜ੍ਹਦਿਆਂ ਮਹਿਸੂਸ ਹੋਇਆ ਕਿ ਇਹ ਦੁਨੀਆ ਦੀ ਅੱਜ ਦੀ ਕਹਾਣੀ ਦੀ ਉਮਦਾ ਉਦਾਹਰਨ ਹੈ।

ਹਾਨ ਕਾਂਗ ਨੇ ਆਪਣੀ ਮੁੱਢਲੀ ਪੜ੍ਹਾਈ ਦੇ ਨਾਲ-ਨਾਲ ਪਹਿਲਾਂ ਪਹਿਲ ਕਵਿਤਾ ਲਿਖਣੀ ਸ਼ੁਰੂ ਕੀਤੀ ਜਿਸ ਵਿੱਚ ਹਰ ਸਵੇਰ ਨਵੀਆਂ ਸੰਭਾਵਨਾਵਾਂ ਅਤੇ ਉਮਰ ਦੇ ਗੁੰਝਲਦਾਰ ਸਵਾਲ ਉੱਠਦੇ ਹਨ। ਹਾਨ ਦੀ ਜੀਵਨ ਦੀ ਇਹ ਵਿਸ਼ਾਲਤਾ ਉਸ ਦੀਆਂ ਲਿਖਤਾਂ ਵਿੱਚ ਕਈ ਥਾਈਂ ਝਲਕਦੀ ਹੈ। ਉਸ ਨੇ ਜਿਨ੍ਹਾਂ ਹਾਲਾਤ ਵਿਚ ਆਪਣੀਆਂ ਰਚਨਾਵਾਂ ਲਿਖੀਆਂ, ਉਹ ਦਲੇਰੀ ਦੀ ਅਦਭੁਤ ਮਿਸਾਲ ਹੈ। ਅਜਿਹੀ ਮਿਸਾਲ ਅੱਜ ਕੱਲ੍ਹ ਰਚੇ ਜਾ ਰਹੇ ਸਾਹਿਤ ਵਿਚ ਵਿਰਲੀ ਹੀ ਨਹੀਂ ਮਿਲਦੀ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਨੂੰ ਦੁਨੀਆ ਵਿਚ ਬਹੁਤ ਲੋਕਾਂ ਨੇ ਸਲਾਹਿਆ ਹੈ ਅਤੇ ਇਸ ਦਾ ਅਨੁਵਾਦ ਦੂਜੀਆਂ ਭਾਸ਼ਾਵਾਂ ਵਿੱਚ ਹੋਇਆ ਹੈ। ਅੱਜ ਹਾਨ ਕਾਂਗ ਦੀਆਂ ਕਿਤਾਬਾਂ ਦੁਨੀਆ ਦੀਆਂ ਕਈ ਭਾਸ਼ਾਵਾਂ ਵਿੱਚ ਪੜ੍ਹੀਆਂ ਜਾਂਦੀਆਂ ਹਨ।

ਹਾਨ ਕਾਂਗ ਦੇ ਨਾਵਲ 'ਵੈਜੀਟੇਰੀਅਨ' ਨੂੰ 2016 ਵਿੱਚ ਬੁਕਰ ਇੰਟਰਨੈਸ਼ਨਲ ਪੁਰਸਕਾਰ ਮਿਲ ਚੁੱਕਾ ਹੈ। ਇਸ ਤੋਂ ਪਹਿਲਾਂ ਉਹਨੂੰ 1999 ਵਿੱਚ ਕੋਰੀਅਨ ਫਿਕਸ ਐਵਾਰਡ, ਸਾਹਿਤ ਲਈ ਜੰਗ ਆਰਟਿਸਟ ਐਵਾਰਡ ਤੇ ਕੋਰੀਆ ਦੇ ਸਰਵਉੱਚ ਸਾਹਿਤਕ ਪੁਰਸਕਾਰ ਸਮੇਤ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

ਹਾਨ ਕਾਂਗ ਜਿਸ ਨੇ ਆਪਣੇ ਜੀਵਨ ਸੰਘਰਸ਼ ਰਾਹੀਂ ਜੀਵਨ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਨਵੀਂ ਵਿਆਖਿਆ ਸਥਾਪਤ ਕੀਤੀ ਤੇ ਸੁੰਦਰਤਾ ਵਰਗੇ ਸ਼ਬਦਾਂ ਦੀਆਂ ਸੀਮਾ ਰੇਖਾਵਾਂ ਨੂੰ ਰੂਪਮਾਨ ਕੀਤਾ, ਉਹ ਚੰਗੇ ਸਾਹਿਤ ਦੀ ਨਿਸ਼ਾਨੀ ਹੈ। ਹਾਨ ਨੇ ਆਪਣੀਆਂ ਸਾਰੀਆਂ ਰਚਨਾਵਾਂ ਵਿਚ ਜਿਨ੍ਹਾਂ ਸਮੱਸਿਆਵਾਂ ਨੂੰ ਆਪਣੀ ਸ਼ੈਲੀ ਨਾਲ ਦਰਸਾਇਆ ਹੈ, ਉਹ ਸੱਚਮੁੱਚ ਹੀ ਲਾਜਵਾਬ ਹੈ। ਹਾਨ ਅਨੁਸਾਰ ਅੱਜ ਜਦੋਂ ਜ਼ਿੰਦਗੀ ਵਿਚ ਸਭ ਕੁਝ ਬਦਲ ਰਿਹਾ ਹੈ ਅਤੇ ਸੰਸਾਰ ਤੇਜ਼ੀ ਨਾਲ ਬਦਲ ਰਿਹਾ ਹੈ, ਸਾਹਿਤ ਲਈ ਬਚੀ ਹੋਈ ਸਪੇਸ ਬੀਤੇ ਦੀ ਗੱਲ ਬਣ ਗਈ ਹੈ। ਅੱਜ ਕੱਲ੍ਹ ਜਿਸ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸੋਸ਼ਲ ਤੇ ਡਿਜੀਟਲ ਮੀਡੀਆ ਦੀ ਵਧ ਰਹੀ ਵਰਤੋਂ ਨੇ ਕਿਤਾਬਾਂ ਦੀ ਦੁਨੀਆ ਬਦਲ ਦਿੱਤੀ ਹੈ, ਉਸ ਨੇ ਇਹ ਉਮੀਦ ਵੀ ਪ੍ਰਗਟ ਕੀਤੀ ਹੈ ਕਿ ਸਾਹਿਤ ਦੁਨੀਆ ਵਿੱਚ ਕੀ ਭੂਮਿਕਾ ਨਿਭਾਏਗਾ।

ਹਾਨ ਕਾਂਗ ਦੁਨੀਆ ਦੇ ਉਨ੍ਹਾਂ ਲੇਖਕਾਂ ਵਿੱਚ ਸ਼ਾਮਿਲ ਹੋ ਗਈ ਹੈ ਜੋ ਕਹਿੰਦੇ ਹਨ ਕਿ ਜਦੋਂ ਤੱਕ ਮਨੁੱਖ ਇਸ ਸੰਸਾਰ ਵਿੱਚ ਹੈ, ਉਹ ਆਪਣੇ ਸ਼ਬਦਾਂ ਨਾਲ ਸੰਸਾਰ ਵਿੱਚ ਰਹੇਗਾ ਅਤੇ ਸਾਹਿਤ ਦੀਆਂ ਸ਼ਕਤੀਆਂ ਵਿੱਚ ਜੀਵਨ ਦੀਆਂ ਪਰਿਭਾਸ਼ਾਵਾਂ ਮਿਲਦੀਆਂ ਰਹਿਣਗੀਆਂ ਜੋ ਸਾਹਿਤ ਵਿੱਚ ਹੀ ਸੰਭਵ ਹਨ। ਇਸੇ ਲਈ ਸਾਹਿਤ ਅਮਰ ਹੈ ਅਤੇ ਅਮਰ ਰਹੇਗਾ। ਉਸ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਣ ਤੋਂ ਇਕ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਜੀਵਨ ਦੀਆਂ ਸੱਚੀਆਂ, ਤਰਕਸ਼ੀਲ, ਸ਼ੁੱਧ ਅਤੇ ਸੰਭਾਵਨਾਵਾਂ ਦੀ ਖੋਜ ਕਰਨ ਵਾਲਾ ਸ਼ਾਬਦਿਕ ਸੰਸਾਰ ਸਦਾ ਜਿਊਂਦਾ ਰਹਿੰਦਾ ਹੈ। ਹਾਨ ਕਾਂਗ ਦੇ ਸਹਿਤ ਦੀ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਉਹ ਮਨੁੱਖੀ ਦੁਖਾਂਤਾਂ ਦੇ ਨਾਲ-ਨਾਲ ਸੁਫਨਿਆਂ ਵਿਚ ਵੀ ਸਭ ਤੋਂ ਅੱਗੇ ਰਹਿੰਦਾ ਹੈ। ਸਾਡੇ ਸਮਿਆਂ ਦੀ ਚਰਚਿਤ ਤੇ ਉੱਘੀ ਲੇਖਕਾ ਹਾਨ ਕਾਂਗ ਨੂੰ ਇਸ ਸਮੇਂ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਣਾ ਸਾਹਿਤ ਜਗਤ ਵਿਚ ਆਉਣ ਵਾਲੇ ਉਤਰਾਅ-ਚੜ੍ਹਾਅ ਦੀ ਨਵੀਂ ਪਛਾਣ ਅਤੇ ਪਰਿਭਾਸ਼ਾ ਹੈ ਜਿਸ ਉੱਤੇ ਮਾਣ ਕੀਤਾ ਜਾ ਸਕਦਾ ਹੈ।

*ਲੇਖਕ ਦੂਰਦਰਸ਼ਨ ਦੇ ਡਿਪਟੀ ਡਾਇਰੈਕਟਰ ਜਨਰਲ ਰਹਿ ਚੁੱਕੇ ਹਨ।

# ਮਾਛੀਵਾੜਾ ਬਲਾਕ ਦੇ 116 ਪਿੰਡਾਂ 'ਚੋਂ 44 ਵਿਚ ਬਣੀ ਸਰਬਸੰਮਤੀ

ਮਾਛੀਵਾੜਾ: ਪੰਚਾਇਤ ਚੋਣਾਂ ਸਬੰਧੀ ਮਾਛੀਵਾੜਾ ਬਲਾਕ ਦੇ ਲੋਕਾਂ ਨੇ ਭਾਈਚਾਰਕ ਸਾਂਝ ਦਾ ਸਬੂਤ ਦਿੰਦਿਆਂ ਰਿਕਾਰਡ ਤੋੜ ਸਰਬਸੰਮਤੀਆਂ ਕੀਤੀਆਂ ਹਨ। ਇਸ ਤਹਿਤ 116 ਪਿੰਡਾਂ 'ਚੋਂ 44 ਵਿਚ ਸਰਬਸੰਮਤੀ ਨਾਲ ਪੰਚ, ਸਰਪੰਚ ਚੁਣੇ ਗਏ ਹਨ। ਇਸ ਦੌਰਾਨ 44 ਸਰਪੰਚ ਅਤੇ 428 ਪੰਚਾਇਤ ਮੈਂਬਰ ਸਰਬਸੰਮਤੀ ਨਾਲ ਚੁਣੇ ਗਏ। ਉਧਰ, 67 ਪਿੰਡਾਂ ਵਿਚ ਚੋਣਾਂ ਲਈ ਮਾਹੌਲ ਭਖ ਗਿਆ ਹੈ ਅਤੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਹਨ। ਇਨ੍ਹਾਂ ਪਿੰਡਾਂ ਵਿਚ 205 ਉਮੀਦਵਾਰ ਸਰਪੰਚ ਦੀ ਚੋਣ ਲੜ ਰਹੇ ਹਨ ਜਦਕਿ 868 ਪੰਚਾਇਤ ਮੈਂਬਰ ਵਜੋਂ ਮੈਦਾਨ ਵਿਚ ਹਨ। ਇਸ ਬਲਾਕ ਵਿਚ ਅੱਜ ਤੱਕ ਕਦੇ ਵੀ ਐਨੀਆਂ ਸਰਬਸੰਮਤੀਆਂ ਨਹੀਂ ਹੋਈਆਂ। ਇਸ ਵਾਰ ਸਰਬਸੰਮਤੀ ਲਈ ਲੋਕਾਂ ਵਿਚ ਉਤਸ਼ਾਹ ਦੇਖਣ ਨੂੰ ਮਿਲਿਆ ਕਿਉਂਕਿ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਤੋਂ ਇਲਾਵਾ ਹੋਰ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਗਏ, ਉੱਥੇ ਲੋਕਾਂ ਨੇ ਪਿੰਡਾਂ ਵਿਚ ਸਿਆਸੀ ਪੱਧਰ ਤੋਂ ਉੱਪਰ ਉੱਠ ਕੇ ਇਹ ਫੈਸਲਾ ਲਿਆ। ਸਰਬਸੰਮਤੀ ਵਾਲੇ ਪਿੰਡਾਂ 'ਚ ਰਹੀਮਾਬਾਦ ਕਲਾਂ, ਝੜੌਦੀ, ਉਧੋਵਾਲ ਖੁਰਦ, ਕਕਰਾਲਾ ਕਲਾਂ, ਕਕਰਾਲਾ ਖੁਰਦ, ਚੂਹੜਪੁਰ, ਮਾਛੀਵਾੜਾ ਖਾਮ, ਟੰਡੀ, ਕਮਾਲਪੁਰ, ਨੂਰਪੁਰ ਮੰਡ, ਭੌਰਲਾ ਬੇਟ, ਮੰਡ ਖਾਨਪੁਰ, ਮੰਡ ਸ਼ੇਰੀਆਂ, ਮਿੱਠੇਵਾਲ, ਮੁਗਲੇਵਾਲ, ਚਕਲੀ ਮੰਗਾ, ਚਕਲੀ ਆਦਲ, ਸਹਿਬਾਜਪੁਰ, ਬੋਹਾਪੁਰ, ਜਲਾਹ ਮਾਜਰਾ, ਹਰਿਓਂ ਕਲਾਂ, ਟੱਪਰੀਆਂ, ਉਰਨਾ, ਰਾਜੇਵਾਲ ਰਾਜਪੂਤਾਂ, ਮੁਬਾਰਕਪੁਰ, ਰੋਡ ਮਾਜਰੀ, ਪੂਨੀਆਂ, ਅੜਿਆਣਾ, ਰਾਣਵਾਂ, ਚੱਕੀ, ਢੰਡੇ, ਸ਼ਰਬਤਗੜ੍ਹ, ਕਾਉਂਕੇ, ਰਾਏਪੁਰ ਬੇਟ, ਸ਼ੇਰਪੁਰ ਬੇਟ, ਬੁਰਜ ਕੱਚਾ, ਗੜ੍ਹੀ ਸੈਣੀਆਂ, ਚੱਕ ਲੋਹਟ, ਸੈਂਸੋਵਾਲ ਕਲਾਂ, ਮਿਲਕੋਵਾਲ, ਈਸਾਪੁਰ, ਰੂੜੇਵਾਲ, ਮੰਡ ਜੋਧਵਾਲ ਸ਼ਾਮਲ ਹਨ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
It's Time To Grow Your Business
Advertise with us...
: canadianpunjabtimes@gmail.com
Contact : 604-338-7310

# ਸਾਡੀ ਭੋਜਨ ਪ੍ਰਣਾਲੀ ਅਤੇ ਮੌਜੂਦਾ ਕਾਰਪੋਰੇਟ ਘੁਸਪੈਠ

ਲੇਖਕ : ਪਵਨ ਕੁਮਾਰ ਕੌਸ਼ਲ,
ਸੰਪਰਕ: 98550-04500



ਸਾਮਰਾਜਵਾਦੀ ਸ਼ਕਤੀਆਂ ਵਿਸ਼ਵ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਆਰਥਿਕ ਮੰਚ ਦੇ ਸਹਿਯੋਗ ਨਾਲ ਆਪਣੀਆਂ ਦਿਓ ਕੱਦ ਬਹੁ-ਕੌਮੀ ਕਾਰਪੋਰੇਸ਼ਨਾਂ ਰਾਹੀਂ ਵਿਸ਼ਵ ਭਰ ਵਿੱਚ ਖਾਸ ਕਰ ਕੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੋਮਿਆਂ (ਤੇਲ, ਗੈਸ, ਖਣਿਜ ਪਦਾਰਥ, ਪਾਣੀ, ਜ਼ਮੀਨ) ਨੂੰ ਆਪਣੇ ਕੰਟਰੋਲ ਵਿੱਚ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ। ਇਸ ਦਾ ਸੱਭ ਤੋਂ ਵੱਧ ਜ਼ੋਰ ਕਿਸਾਨੀ ਨੂੰ ਜੱਦੀ-ਪੁਸ਼ਤੀ ਖੇਤੀਬਾੜੀ ਦੇ ਧੰਦੇ ਚੋਂ ਬਾਹਰ ਕਰ ਕੇ ਇਸ ਧੰਦੇ ਨੂੰ ਆਪਣੇ ਅਧੀਨ ਕਰਨ ਵਿੱਚ ਲਗਾ ਹੋਇਆ ਹੈ। ਭਾਰਤ ਵਿੱਚ ਸਾਮਰਾਜਵਾਦ ਹਰੇ ਇਨਕਲਾਬ ਰਾਹੀਂ ਇਸ ਕਾਰਜ ਦੀ ਨੀਂਹ ਰੱਖ ਚੁੱਕਾ ਹੈ।

ਇਨ੍ਹਾਂ ਸਾਰੀਆਂ ਸੰਸਥਾਵਾਂ ਉਪਰ ਵਿਸ਼ਵ ਆਰਥਿਕ ਮੰਚ (ਡਬਲਿਊਈਐੱਫ) ਦੀ ਪਕੜ ਹੈ। ਵਿਸ਼ਵ ਆਰਥਿਕ ਮੰਚ ਟਰਾਂਸ-ਨੈਸ਼ਨਲ ਇੰਸਟੀਚਿਊਟ ਹੈ ਜਿਸ ਦਾ ਮੁੱਖ ਉਦੇਸ਼ 'ਉਭਰ ਰਹੇ ਗਲੋਬਲ ਕੁਲੀਨ ਵਰਗ, ਬੈਂਕਰਾਂ, ਉਦਯੋਗਪਤੀਆਂ, ਟੈਕਨੋਕਰੇਟਸ ਅਤੇ ਸਿਆਸਤਦਾਨਾਂ ਲਈ ਸਮਾਜੀਕਰਨ ਸੰਸਥਾ ਵਜੋਂ ਕੰਮ ਕਰਨਾ' ਹੈ। 1990 ਦੇ ਦਹਾਕੇ ਵਿੱਚ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਅਤੇ ਵਿਸ਼ਵ ਬੈਂਕ ਚਾਹੁੰਦੇ ਸਨ ਕਿ ਭਾਰਤ ਕਰੋੜਾਂ ਲੋਕਾਂ ਨੂੰ ਖੇਤੀਬਾੜੀ ਤੋਂ ਬਾਹਰ ਕੱਢੇ। ਖੁਰਾਕ ਤੇ ਵਪਾਰ ਨੀਤੀ ਵਿਸ਼ਲੇਸ਼ਕ ਦਵਿੰਦਰ ਸ਼ਰਮਾ ਅਨੁਸਾਰ- ਭਾਰਤ ਖੇਤੀਬਾੜੀ ਨੂੰ ਕਾਰਪੋਰੇਟ ਕੰਟਰੋਲ ਅਧੀਨ ਲਿਆਉਣ ਲਈ ਤਤਪਰ ਹੈ... ਭੂਮੀ ਐਕੁਆਇਰ ਕਰਨ, ਜਲ ਸਰੋਤ, ਬੀਜ, ਖਾਦ, ਕੀਟਨਾਸ਼ਕਾਂ ਅਤੇ ਫੂਡ ਪ੍ਰਾਸੈਸਿੰਗ 'ਤੇ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰ ਕੇ ਸਰਕਾਰ ਕੰਟਰੈਕਟ ਫਾਰਮਿੰਗ ਸ਼ੁਰੂ ਕਰਨ ਅਤੇ ਸੰਗਠਿਤ ਪ੍ਰਚੂਨ ਨੂੰ ਉਤਸ਼ਾਹਤ ਕਰਨ ਲਈ ਕਾਹਲੀ ਵਿੱਚ ਹੈ। ਇਹ ਬਿਲਕੁਲ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਨਾਲ-ਨਾਲ ਕੌਮਾਂਤਰੀ ਵਿੱਤੀ ਸੰਸਥਾਵਾਂ ਦੀ ਸਲਾਹ ਅਨੁਸਾਰ ਹੋ ਰਿਹਾ ਹੈ। ਅਸੀਂ ਵਰਤਮਾਨ ਵਿੱਚ ਸਮੁੱਚੀ ਗਲੋਬਲ ਐਗਰੀ-ਫੂਡ ਚੇਨ (ਵਿਸ਼ਵ ਭੋਜਨ ਲੜੀ) ਦੇ ਕਾਰਪੋਰੇਟ ਏਕੀਕਰਨ ਦੀ ਗਤੀ ਦੇਖ ਰਹੇ ਹਾਂ।...

ਅਮਰੀਕਾ ਦੀ ਗੇਟਸ ਫਾਊਂਡੇਸ਼ਨ ਸਿਹਤ ਦੇ ਖੇਤਰ ਵਿੱਚ ਵੀ ਸਰਗਰਮ ਹੈ ਜੋ ਉਦਯੋਗਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਖੇਤੀ ਰਸਾਇਣਾਂ 'ਤੇ ਨਿਰਭਰਤਾ ਕਾਰਨ ਸੁਰਖੀਆਂ ਵਿੱਚ ਹੈ। ਇਹ ਫਾਊਂਡੇਸ਼ਨ ਵਿਸ਼ਵ ਸਿਹਤ ਸੰਗਠਨ ਅਤੇ ਯੂਨੀਸੇਫ ਦੀ ਫੰਡ ਮੁਹਈਆ ਕਰਨ ਵਾਲੀ ਮੁੱਖ ਸੰਸਥਾ ਹੈ।

ਸੰਯੁਕਤ ਰਾਸ਼ਟਰ ਦੇ ਜ਼ਹਿਰੀਲੇ ਪਦਾਰਥਾਂ ਦੇ ਮਾਹਿਰ ਬਾਸਕਟ ਟੁਨਕੈਕ ਨੇ ਨਵੰਬਰ 2017 ਦੇ ਇੱਕ ਲੇਖ ਵਿੱਚ ਕਿਹਾ ਸੀ- ਸਾਡੇ ਬੱਚੇ ਨਦੀਨ ਨਾਸ਼ਕਾਂ, ਕੀਟ ਨਾਸ਼ਕਾਂ ਅਤੇ ਉੱਲੀ ਨਾਸ਼ਕਾਂ ਦੇ ਜ਼ਹਿਰੀਲੇ ਕਾਕਟੇਲ ਦੇ ਸੰਪਰਕ ਵਿੱਚ ਵੱਡੇ ਹੋ ਰਹੇ ਹਨ। ਇਹ ਉਹਨਾਂ ਦੇ ਭੋਜਨ ਤੇ ਪਾਣੀ ਵਿੱਚ ਹੈ ਅਤੇ ਇਹ ਉਹਨਾਂ ਦੇ ਪਾਰਕਾਂ ਤੇ ਖੇਡ ਦੇ ਮੈਦਾਨਾਂ ਵਿੱਚ ਵੀ ਡੁੱਲ੍ਹਿਆ ਹੋਇਆ ਹੈ।

ਦੁਨੀਆ ਦੇ ਸਭ ਤੋਂ ਵੱਧ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਗਲਾਈਫੋਸੇਟ ਆਧਾਰਿਤ ਫਾਰਮੂਲੇ ਅੰਤੜੀਆਂ ਦੇ ਮਾਈਕ੍ਰੋਬਾਇਓਮ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਮੋਟਾਪੇ ਦੀ ਮਹਾਮਾਰੀ ਦੁਆਰਾ ਉਕਸਾਏ ਗਲੋਬਲ ਮੈਟਾਬੋਲਿਕ ਸਿਹਤ ਸੰਕਟ ਲਈ ਜ਼ਿੰਮੇਵਾਰ ਹਨ। ਇਹ ਮਨੁੱਖਾਂ ਅਤੇ ਜਾਨਵਰਾਂ ਵਿੱਚ ਐਪੀਜੇਨੇਟਿਕ ਤਬਦੀਲੀਆਂ ਦਾ ਕਾਰਨ ਵੀ ਬਣਦਾ ਹੈ। ਬਿਮਾਰੀਆਂ ਇੱਕ ਪੀੜ੍ਹੀ ਨੂੰ ਛੱਡ ਕੇ ਫਿਰ ਪ੍ਰਗਟ ਹੁੰਦੀਆਂ ਹਨ।

ਜੂਨ 2016 ਦੇ ਇੱਕ ਲੇਖ ਵਿੱਚ ਵੰਦਨਾ ਸ਼ਿਵਾ ਨੇ ਨੋਟ ਕੀਤਾ ਕਿ ਕੇਂਦਰ ਖੋਜ ਅਤੇ ਬੀਜਾਂ ਨੂੰ ਕਾਰਪੋਰੇਸ਼ਨਾਂ ਨੂੰ ਟ੍ਰਾਂਸਫਰ ਕਰਨ ਵਿੱਚ ਤੇਜ਼ੀ ਲਿਆ ਰਿਹਾ ਹੈ। ਆਪਣੀ ਰਿਪੋਰਟ 'ਬੀਜ ਮੁੜ ਪ੍ਰਾਪਤ ਕਰੋ' ਵਿੱਚ ਵੰਦਨਾ ਸ਼ਿਵਾ ਕਹਿੰਦੀ ਹੈ: 1980 ਦੇ ਦਹਾਕੇ ਵਿੱਚ ਰਸਾਇਣਕ ਕਾਰਪੋਰੇਸ਼ਨਾਂ ਨੇ ਜੈਨੇਟਿਕ ਇੰਜਨੀਅਰਿੰਗ ਅਤੇ ਬੀਜਾਂ ਦੀ ਪੇਟੈਂਟਿੰਗ ਨੂੰ ਸੁਪਰ ਮੁਨਾਫ਼ੇ ਦੇ ਨਵੇਂ ਸਰੋਤ ਵਜੋਂ ਦੇਖਣਾ ਸ਼ੁਰੂ ਕੀਤਾ ਅਤੇ ਰਵਾਇਤੀ ਪ੍ਰਜਨਣ ਜਾਂ ਜੈਨੇਟਿਕ ਇੰਜਨੀਅਰਿੰਗ ਦੁਆਰਾ ਬੀਜਾਂ ਨਾਲ ਛੇੜ-ਛਾੜ ਕੀਤੀ ਅਤੇ ਪੇਟੈਂਟ ਲਏ।

ਇਥੇ ਇਹ ਜਾਣਨ ਦੀ ਲੋੜ ਵੀ ਹੈ ਕਿ ਹਰੀ ਕ੍ਰਾਂਤੀ ਤੋਂ ਪਹਿਲਾਂ ਬਹੁਤ ਸਾਰੀਆਂ ਪੁਰਾਣੀਆਂ ਫਸਲਾਂ ਵਿੱਚ ਪ੍ਰਤੀ ਕੈਲੋਰੀ ਪੌਸ਼ਟਿਕ ਤੱਤਾਂ ਦੀ ਉੱਚੀ ਮਾਤਰਾ ਹੁੰਦੀ ਸੀ। ਬਾਜਰੇ ਵਿੱਚ ਲੋਹੇ (ਆਇਰਨ) ਦੀ ਮਾਤਰਾ ਚੌਲਾਂ ਨਾਲੋਂ ਚਾਰ ਗੁਣਾ ਹੁੰਦੀ ਹੈ। ਜਵੀ ਕਣਕ ਨਾਲੋਂ ਚਾਰ ਗੁਣਾ ਜ਼ਿਆਦਾ ਜ਼ਿੰਕ ਲੈ ਕੇ ਜਾਂਦੀ ਹੈ। ਨਤੀਜੇ ਵਜੋਂ 1961 ਤੇ 2011 ਦੇ ਵਿਚਕਾਰ ਵਿਸ਼ਵ ਦੇ ਸਿੱਧੇ ਤੌਰ 'ਤੇ ਖਪਤ ਕੀਤੇ ਜਾਣ ਵਾਲੇ ਅਨਾਜ ਦੀ ਪ੍ਰੋਟੀਨ, ਜ਼ਿੰਕ ਅਤੇ ਲੋਹਾ ਸਮੱਗਰੀ ਕ੍ਰਮਵਾਰ 4, 5 ਅਤੇ 19% ਘਟ ਗਈ। ਭਾਰਤੀ ਖੇਤੀ ਖੋਜ ਪਰਿਸ਼ਦ ਨੇ ਵੀ ਰਿਪੋਰਟ ਦਿੱਤੀ ਹੈ ਕਿ ਮਿੱਟੀ ਅੰਦਰ ਪੌਸ਼ਟਿਕ ਤੱਤਾਂ ਅਤੇ ਉਪਜਾਊ ਸ਼ਕਤੀ ਦੀ ਕਮੀ ਹੋ ਗਈ ਹੈ। ਖਾਦਾਂ, ਕੀਟਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਦੇਸ਼ ਹਰ ਸਾਲ 5334 ਮਿਲੀਅਨ ਟਨ ਮਿੱਟੀ ਦਾ ਨੁਕਸਾਨ ਕਰ ਰਿਹਾ ਹੈ।

ਪਹਿਲਾਂ ਕਿਸਾਨ ਬੀਜਾਂ ਦੀ ਬਚਤ ਅਤੇ ਵਟਾਂਦਰਾ ਕਰਦੇ ਸਨ; ਹੁਣ ਉਹ ਸ਼ਾਹੂਕਾਰਾਂ, ਬੈਂਕਾਂ ਅਤੇ ਬੀਜ ਨਿਰਮਾਤਾਵਾਂ ਤੇ ਸਪਲਾਇਰਾਂ 'ਤੇ ਨਿਰਭਰ ਹਨ। ਇਸ ਤੋਂ ਇਲਾਵਾ ਬੌਣੀਆਂ ਫਸਲਾਂ ਨਾਲ ਤੂੜੀ ਦੀ ਮਿਕਦਾਰ ਘਟ ਗਈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਰੀਸਾਈਕਲ ਕਰਨ ਲਈ ਬਹੁਤ ਘੱਟ ਜੈਵਿਕ ਪਦਾਰਥ ਸਥਾਨਕ ਤੌਰ 'ਤੇ ਉਪਲਬਧ ਹੁੰਦੀ ਹੈ ਜਿਸ ਨਾਲ ਬਾਹਰੀ ਨਿਵੇਸ਼ ਦੀ ਲੋੜ ਪੈਦਾ ਹੋ ਗਈ। ਇਉਂ ਕਿਸਾਨਾਂ ਨੇ ਵਧੇਰੇ ਰਸਾਇਣ ਵਰਤਣ ਦਾ ਸਹਾਰਾ ਲਿਆ।

ਭਾਰਤ ਵਿੱਚ ਲੋਕਾਂ ਲਈ ਭੋਜਨ ਕਾਫੀ ਹੈ, ਫਿਰ ਵੀ ਭੁੱਖਮਰੀ ਅਤੇ ਕੁਪੋਸ਼ਣ ਪਿੱਛਾ ਨਹੀਂ ਛੱਡ ਰਹੇ। ਹਾਲਾਤ ਇਹ ਹਨ ਕਿ ਭੋਜਨ ਦੀ ਅਢੁੱਕਵੀਂ ਵੰਡ ਹੈ, ਅਸਮਾਨਤਾ ਤੇ ਗਰੀਬੀ ਬੇਅੰਤ ਹੈ। ਦੇਸ਼ ਇੱਕ ਪਾਸੇ ਤਾਂ ਅਨਾਜ ਬਰਾਮਦ ਕਰਦਾ ਹੈ, ਦੂਜੇ ਪਾਸੇ ਲੱਖਾਂ ਲੋਕ ਭੁੱਖੇ ਰਹਿੰਦੇ ਹਨ। ਵਿਸ਼ਵ ਬੈਂਕ ਦੇ ਖੇਤੀ ਕਾਰੋਬਾਰ ਨੂੰ ਸਮਰੱਥ ਬਣਾਉਣ ਦੇ ਨਿਰਦੇਸ਼ਾਂ ਤੋਂ ਲੈ ਕੇ ਵਿਸ਼ਵ ਵਪਾਰ ਸੰਗਠਨ ਦੇ ਖੇਤੀਬਾੜੀ ਸਮਝੌਤੇ ਅਤੇ ਵਪਾਰ ਨਾਲ ਸਬੰਧਿਤ ਬੌਧਿਕ ਸੰਪਤੀ ਸਮਝੌਤਿਆਂ ਤੱਕ ਕੌਮਾਂਤਰੀ ਸੰਸਥਾਵਾਂ ਨੇ ਉਨ੍ਹਾਂ ਕਾਰਪੋਰੇਸ਼ਨਾਂ ਦੇ ਹਿੱਤ ਹੀ ਪਾਲੇ ਹਨ। ਇਹੋ ਬੀਜ, ਜ਼ਮੀਨ, ਪਾਣੀ, ਜੈਵਿਕ ਵੰਨ-ਸਵੰਨਤਾ ਅਤੇ ਹੋਰ ਕੁਦਰਤੀ ਚੀਜ਼ਾਂ ਦਾ ਏਕਾਧਿਕਾਰ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਸੰਪਤੀਆਂ ਦਾ ਵੀ ਜੋ ਸਾਡੇ ਸਾਰਿਆਂ ਦੀਆਂ ਹਨ। ਇਹ ਕਾਰਪੋਰੇਸ਼ਨਾਂ, ਖੇਤੀਬਾੜੀ ਦੇ ਪ੍ਰੋਮੋਟਰ ਕਿਸਾਨਾਂ ਦੀ ਗਰੀਬੀ ਜਾਂ ਭੁੱਖਮਰੀ ਦਾ ਹੱਲ ਪੇਸ਼ ਨਹੀਂ ਕਰ ਰਹੇ।

ਵੱਡੀਆਂ ਕਾਰਪੋਰੇਸ਼ਨਾਂ ਨੇ ਆਪਣੇ ਬੀਜਾਂ ਅਤੇ ਸਿੰਥੈਟਿਕ ਰਸਾਇਣਕ ਖਪਤ ਨਾਲ ਬੀਜਾਂ ਦੇ ਆਦਾਨ-ਪ੍ਰਦਾਨ ਦੀਆਂ ਰਵਾਇਤੀ ਪ੍ਰਣਾਲੀਆਂ ਖ਼ਤਮ ਕਰ ਦਿੱਤੀਆਂ ਹਨ। ਖੁਰਾਕੀ ਫਸਲਾਂ ਵਿੱਚ ਵੰਨ-ਸਵੰਨਤਾ ਬਹੁਤ ਘਟ ਗਈ ਹੈ। ਬੀਜ ਵੰਨ-ਸਵੰਨਤਾ ਦਾ ਖਾਤਮਾ ਕਾਰਪੋਰੇਟ ਬੀਜਾਂ ਨੂੰ ਤਰਜੀਹ ਦੇਣ ਨਾਲੋਂ ਹੋਰ ਅੱਗੇ ਵਧ ਗਿਆ ਹੈ। ਵਿਸ਼ਵ ਬੈਂਕ ਖੇਤੀ ਦੇ ਕਾਰੋਬਾਰ ਨੂੰ ਸਮਰੱਥ ਬਣਾਉਣ ਦੀ ਰਣਨੀਤੀ ਰਾਹੀਂ ਖੇਤੀਬਾੜੀ ਦਾ ਕਾਰਪੋਰੇਟ-ਅਗਵਾਈ ਵਾਲਾ ਉਦਯੋਗਿਕ ਮਾਡਲ ਅੱਗੇ ਵਧਾ ਰਿਹਾ ਹੈ। ਕਾਰਪੋਰੇਸ਼ਨਾਂ ਨੂੰ ਨੀਤੀਆਂ ਬਣਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਭਾਰਤੀ ਖੇਤੀ ਦਾ ਛੋਟੇ ਖੇਤਾਂ ਦੀ ਥਾਂ ਵੱਡੇ ਪੈਮਾਨੇ 'ਤੇ ਮਸ਼ੀਨੀਕਰਨ ਅਤੇ ਵਪਾਰੀਕਰਨ ਕੀਤਾ ਜਾਣਾ ਹੈ। ਇਸੇ ਕਰ ਕੇ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਸਨ। ਇਨ੍ਹਾਂ ਦਾ ਉਦੇਸ਼ ਭਾਰਤ ਦੇ ਖੇਤੀ ਤੇ ਭੋਜਨ ਖੇਤਰ 'ਤੇ ਕਾਰਪੋਰੇਟਾਂ ਨੂੰ ਥੋਪਣਾ ਸੀ ਪਰ ਕਿਸਾਨਾਂ ਨੇ ਇੱਕ ਜੁੱਟ ਹੋ ਕੇ ਲੰਮੇ ਸੰਘਰਸ਼ ਰਾਹੀਂ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।

ਭਾਰਤ ਅਜੇ ਵੀ ਖੇਤੀ ਆਧਾਰਿਤ ਮੁਲਕ ਹੈ। ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਦਾ ਕਹਿਣਾ ਹੈ ਕਿ ਜੋ ਵਾਪਰ ਰਿਹਾ ਹੈ, ਉਹ ਕਾਰਪੋਰੇਸ਼ਨਾਂ ਦੁਆਰਾ ਖੇਤੀਬਾੜੀ ਨੂੰ ਅਗਵਾ ਕਰਨਾ ਹੈ। ਇਹ ਪੇਂਡੂ ਖੇਤਰਾਂ ਦਾ ਵਪਾਰੀਕਰਨ ਹੈ ਅਤੇ ਸਾਡੇ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ ਹੈ। ਭਾਰਤੀ ਕਿਸਾਨ ਲਈ ਇਕੱਲਿਆਂ ਇਸ ਦਾ ਮੁਕਾਬਲਾ ਕਰਨਾ ਹਾਲ ਦੀ ਘੜੀ ਮੁਸ਼ਕਿਲ ਜਾਪਦਾ ਹੈ। ਇਸ ਕਾਰਜ ਲਈ ਵਿਸ਼ਵ ਵਿਆਪੀ ਪੱਧਰ 'ਤੇ ਕਿਸਾਨੀ ਨੂੰ ਜਾਗਰੂਕ ਕਰਨ ਦਾ ਜ਼ਿੰਮਾ ਲੈਣਾ ਪਵੇਗਾ। ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਸਥਾ ਭਾਰਤ ਵਿੱਚ ਦੇਸੀ ਖੇਤੀ ਸੈਕਟਰ ਨੂੰ ਕਮਜ਼ੋਰ ਕਰਨ ਲਈ ਲਗਾਤਾਰ ਕੰਮ ਕਰ ਰਹੇ ਹਨ। ਇਹ ਯਾਦ ਰੱਖਣਾ ਪਵੇਗਾ ਕਿ ਸਾਡੀ ਭੋਜਨ ਪ੍ਰਣਾਲੀ ਮੁੱਠੀ ਭਰ ਕਾਰਪੋਰੇਸ਼ਨਾਂ ਦੇ ਕੰਟਰੋਲ ਵਿੱਚ ਸੁਰੱਖਿਅਤ ਨਹੀਂ ਬਲਕਿ ਕਿਸਾਨਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੈ।

# ਪੰਜਾਬ ਅੰਦਰ ਦਲਿਤ ਅੰਦੋਲਨਾਂ ਦਾ ਆਧਾਰ

ਲੇਖਕ : ਹਰਪ੍ਰੀਤ ਕੌਰ ਫੋਨ: +91-94786-13328

ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ ਵਿਚ ਪੈਂਦੇ ਪਿੰਡ ਬਖਸ਼ੀਪੁਰਾ ਵਿਚ ਮਗਨਰੇਗਾ ਤਹਿਤ ਕੰਮ ਕਰਦੇ ਦਲਿਤ ਮਜ਼ਦੂਰਾਂ ਦੀ ਹਾਦਸਾ ਹੋਣ ਨਾਲ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਚੱਲ ਰਹੇ ਸੰਘਰਸ਼ ਨੇ ਭਾਰਤੀ ਅਤੇ ਪੰਜਾਬੀ ਸਮਾਜ ਲਈ ਬਹੁਤ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿਛਲੇ ਇਕ ਦਹਾਕੇ ਤੋਂ ਦੇਸ਼ ਵਿਚ ਦਲਿਤ ਮਜ਼ਦੂਰਾਂ ਦੇ ਅੰਦੋਲਨ ਆਪਣੀ ਪਛਾਣ ਅਤੇ ਮੁਕਤੀ ਲਈ ਚੱਲ ਰਹੇ ਹਨ ਪਰ ਉਨ੍ਹਾਂ ਦੇ ਇਸ ਅੰਦੋਲਨ ਨੂੰ ਸਿਰਫ ਵੋਟ ਰਾਜਨੀਤੀ ਦੇ ਪੱਖ ਤੋਂ ਦੇਖਿਆ ਵਿਚਾਰਿਆ ਗਿਆ ਹੈ, ਅੰਦੋਲਨ ਦੇ ਹੋਰ ਪੱਖ ਜਿਨ੍ਹਾਂ ਨੇ ਦਲਿਤਾਂ ਨੂੰ ਮੁਕਤੀ ਦਿਵਾਉਣੀ ਹੈ, ਅਣਗੌਲੇ ਹੀ ਰਹਿ ਗਏ ਹਨ। ਭਾਰਤੀ ਸਮਾਜ ਵਿਚ ਦਲਿਤ ਸਭ ਤੋਂ ਦਰੜਿਆ, ਲਤਾੜਿਆ ਅਤੇ ਆਪਣੇ ਮੌਲਿਕ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਾ ਕੀਤਾ ਹੋਇਆ ਮਨੁੱਖ ਹੈ। ਉਸ ਦੀਆਂ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਨਿਤ ਦਿਨ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਅਜੇ ਤੱਕ ਸਾਡੇ ਦੇਸ਼ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ। ਦੇਸ਼ ਵਿਚ ਬਹੁਤ ਸਾਰੇ ਅਜਿਹੇ ਮਸਲੇ ਉੱਠਦੇ ਹਨ ਜਿਨ੍ਹਾਂ ਦਾ ਸਿੱਧੇ ਰੂਪ ਵਿਚ ਦਲਿਤ ਅੰਦੋਲਨ ਨਾਲ ਸਰੋਕਾਰ ਹੁੰਦਾ ਹੈ ਪਰ ਕੁਝ ਦਿਨਾਂ ਦੇ ਸੰਘਰਸ਼ ਤੋਂ ਬਾਅਦ ਸੰਘਰਸ਼ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਲਗਭਗ ਇਕ ਦਹਾਕੇ ਤੋਂ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਵਿਚ ਦਲਿਤ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਹਨ ਅਤੇ ਚਰਚਾ ਵਿਚ ਵੀ ਹਨ। ਉਨ੍ਹਾਂ ਨੇ ਆਪਣੇ ਸੰਘਰਸ਼ ਨਾਲ ਪਿੰਡਾਂ ਵਿਚ ਸਰਕਾਰੀ ਤੌਰ 'ਤੇ ਪੰਚਾਇਤੀ ਜ਼ਮੀਨ ਵਿਚੋਂ ਮਿਲਣ ਵਾਲੇ ਤੀਜੇ ਹਿੱਸੇ 'ਤੇ ਆਪਣਾ ਪੱਕਾ ਹੱਕ ਜਮਾ ਲਿਆ ਹੈ। ਇਸੇ ਸੰਘਰਸ਼ ਦੌਰਾਨ ਦਲਿਤ ਬਜ਼ੁਰਗ ਔਰਤ ਗੁਰਦੇਵ ਕੌਰ ਦੀ ਮੌਤ ਹੋਈ ਅਤੇ ਬਾਲਦ ਕਲਾਂ, ਝਨੇੜੀ, ਜਲੂਰ ਤੇ ਮੀਮਸਾ ਵਰਗੇ ਦਰਜਨਾਂ ਪਿੰਡਾਂ ਦੇ ਦਲਿਤ ਮਜ਼ਦੂਰ ਸੰਘਰਸ਼ ਦੌਰਾਨ ਤਸ਼ੱਦਦ ਦਾ ਸ਼ਿਕਾਰ ਹੋਏ ਹਨ। ਇਸ ਤੋਂ ਇਲਾਵਾ ਦੋ ਹੋਰ ਸੰਘਰਸ਼ ਸੰਗਰੂਰ ਜ਼ਿਲ੍ਹੇ ਵਿਚ ਬਹੁਤ ਤਿੱਖੇ ਰੂਪ ਵਿਚ ਉਭਰ ਕੇ ਸਾਹਮਣੇ ਆਏ ਜਿਨ੍ਹਾਂ ਵਿਚੋਂ ਇੱਕ ਲਹਿਰਾਗਾਗਾ ਇਲਾਕੇ ਦੇ ਪਿੰਡ ਚੰਗਾਲੀਵਾਲਾ ਦੇ ਦਲਿਤ ਮਜ਼ਦੂਰ ਦੀ ਕੁੱਟਮਾਰ ਦਾ ਮਾਮਲਾ ਹੈ ਅਤੇ ਦੂਸਰਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਘਰਾਚੋਂ ਦੇ ਦਲਿਤ ਮੁੰਡਿਆਂ ਨਾਲ ਕੀਤੀ ਕੁੱਟਮਾਰ; ਹੁਣ ਸੁਨਾਮ ਦੇ ਨੇੜੇ ਪਿੰਡ ਬਖਸ਼ੀਪੁਰਾ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਵੀ ਕੋਈ ਦਲਿਤ ਸੰਘਰਸ਼ ਉਭਰਦਾ ਹੈ ਤਾਂ ਦਲਿਤਾਂ ਦੀਆਂ ਕੁਝ ਕੁ ਮੰਗਾਂ ਮੰਨਣ ਤੋਂ ਬਾਅਦ ਸੰਘਰਸ਼ ਸਮਾਪਤ ਕਰ ਜਾਂ ਕਰਵਾ ਦਿੱਤਾ ਜਾਂਦਾ ਹੈ। ਦੇਸ਼ ਦੇ ਵੱਖਵੱਖ ਖੇਤਰਾਂ ਵਿਚ ਦਲਿਤਾਂ ਦੇ ਸੰਘਰਸ਼ ਕਿਉਂ ਉਭਰ ਰਹੇ ਹਨ ਅਤੇ ਦੇਸ਼ ਦੀਆਂ ਸਰਕਾਰਾਂ ਉਨਾਂ ਦਾ ਪੱਕਾ ਹੱਲ ਕਿਉਂ ਨਹੀਂ ਕਰ ਰਹੀਆਂ? ਸਰਕਾਰਾਂ ਵੱਲੋਂ ਦਲਿਤਾਂ ਨਾਲ ਇਸ ਤਰ੍ਹਾਂ ਕੀਤੇ ਜਾਂਦੇ ਵਿਤਕਰੇ ਦੇ ਕਾਰਨਾਂ ਦੇ ਪਿਛੋਕੜ ਬਾਰੇ ਚਰਚਾ ਕਰਨਾ ਵੀ ਅਹਿਮ ਹੈ। ਦਲਿਤ ਭਾਰਤੀ ਸਮਾਜਿਕ ਪ੍ਰਬੰਧ ਵਿਚ ਸਦੀਆਂ ਤੋਂ ਦਬਾਈਆਂ ਅਤੇ ਲਤਾੜੀਆਂ ਗਈਆਂ ਧਿਰਾਂ ਵਿਚ ਆਉਂਦੇ ਹਨ ਜਿਨ੍ਹਾਂ ਦਾ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਪਛੜੇ ਹੋਣ ਦਾ ਕਾਰਨ ਜਾਤੀਗਤ ਤੌਰ 'ਤੇ ਦਬਾਇਆ ਜਾਣਾ ਅਤੇ ਸ਼ੋਸ਼ਣ ਕਰਨਾ ਹੈ। ਦਲਿਤਾਂ ਦੀ ਛੋਹ, ਭਾਗੀਦਾਰੀ ਅਤੇ ਜੀਵਨ ਨੂੰ ਅਪਵਿੱਤਰ ਅਸਮਾਜਿਕ ਮੰਨਿਆ ਜਾਂਦਾ ਰਿਹਾ ਹੈ। ਇਸ ਸਾਰੇ ਦਲਿਤ ਵਿਰੋਧੀ ਪ੍ਰਬੰਧ ਪਿੱਛੇ ਹਿੰਦੂ ਧਰਮ ਜਾਂ ਹਿੰਦੂ ਸਮਾਜ ਦੀਆਂ ਸਦੀਆਂ ਪੁਰਾਣਾ ਹਿੰਦੂ ਵੇਦਾਂ ਤੇ ਗ੍ਰੰਥਾਂ ਆਧਾਰਿਤ ਸਮਾਜਿਕ ਪ੍ਰਬੰਧ ਕੰਮ ਕਰਦਾ ਹੈ। ਸਮਾਜ ਵਿਚ ਜਾਤੀਗਤ ਵੰਡ ਨੂੰ ਪੱਕੇ ਕਰਨ ਅਤੇ ਉਸ ਨੂੰ ਭਾਰਤੀ ਮਨੁੱਖ ਦੀ ਮਾਨਸਿਕਤਾ ਵਿਚ ਸਮਾਉਣ ਲਈ ਧਰਮ ਦਾ ਵਿਸ਼ੇਸ਼ ਰੋਲ ਰਿਹਾ ਹੈ। ਜਾਤੀ ਨੂੰ ਧਰਮ ਨਾਲ ਜੋੜ ਕੇ ਵਿਅਕਤੀਗਤ ਜੀਵਨ ਅਤੇ ਸਮੂਹ ਦਾ ਭਵਿੱਖ ਧਰਮ ਸ਼ਾਸਤਰਾਂ ਦੁਆਰਾ ਨਿਸ਼ਚਿਤ ਅਤੇ ਇੱਕ ਦਾਇਰੇ ਵਿਚ ਨਿਰਧਾਰਿਤ ਕਰ ਦਿੱਤਾ ਗਿਆ ਸੀ ਜੋ ਸਦੀਆਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਜਾਰੀ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਜਾਤੀਗਤ ਵਿਤਕਰੇ ਦਾ ਬਹੁ-ਪਰਤੀ ਰੂਪ ਹੈ। ਉਨ੍ਹਾਂ ਵਿਚ ਜਾਤੀ ਵਿਤਕਰੇ ਦਾ ਦਰਦ ਆਰਥਿਕ ਤੰਗੀਆਂ, ਆਰਥਿਕ ਸ਼ੋਸ਼ਣ, ਘਰੇਗੀ ਕੰਗਾਲੀ, ਪ੍ਰਤੀਕੂਲ ਹਾਲਾਤ ਦੀਆਂ ਘੁੰਮਣ ਘੇਰੀਆਂ, ਸਰਬਜਨਕ ਥਾਵਾਂ ਉੱਪਰ ਪਾਬੰਦੀ, ਛੂਤ-ਛਾਤ, ਸਮਾਜਿਕ ਤੇ ਮਾਨਸਿਕ ਤਸ਼ੱਦਦ, ਅੰਧ-ਵਿਸ਼ਵਾਸ, ਅਨਪੜ੍ਹਤਾ, ਔਰਤਾਂ ਦੀ ਦੁਰਦਸ਼ਾ, ਗੰਦੀਆਂ ਰਹਿਣ ਸਹਿਣ ਵਾਲੀਆਂ ਥਾਵਾਂ ਤੇ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ, ਮੁਢਲੀਆਂ ਲੋੜਾਂ ਦੀ ਪੂਰਤੀ ਨਾ ਹੋਣਾ ਆਦਿ ਹਨ। ਪੰਜਾਬ ਨੂੰ ਛੱਡ ਕੇ ਵੱਖ-ਵਖ ਭਾਰਤ ਦੇ ਰਾਜਾਂ ਵਿਚ ਦਲਿਤ ਮਨੁੱਖ ਦਾ ਸਵਰਨ ਜਾਤੀਆਂ ਨਾਲ ਜਾਤੀਗਤ ਟਕਰਾ ਸਿੱਧੇ ਰੂਪ ਵਿਚ ਨਜ਼ਰ ਆਉਂਦਾ ਹੈ; ਇਹ ਟਕਰਾ ਪੰਜਾਬ ਵਿਚ ਅਸਿੱਧੇ ਰੂਪ ਵਿਚ ਹੈ। ਪੰਜਾਬ ਵਿਚ ਜਾਤੀ ਵੰਡ ਤਾਂ ਮੌਜੂਦ ਹੈ ਪਰ ਜਾਤੀ ਟਕਰਾਓ ਜਾਂ ਤਣਾਅ ਸਮੇਂ ਕੁਝ ਲੋਕ ਉੱਚ ਜਾਤੀ ਵਿਚ ਹੋਣ ਦੇ ਬਾਵਜੂਦ ਦਲਿਤਾਂ ਨਾਲ ਹਮਦਰਦੀ ਅਤੇ ਆਪਣੀ ਜਾਤੀ ਦੇ ਵਿਰੁੱਧ ਖੜ੍ਹਦੇ ਹਨ। ਭਾਰਤ ਦੇ ਦਲਿਤਾਂ ਦੀ ਚੇਤਨਾ ਜਾਂ ਪ੍ਰੇਰਨਾ ਦਾ ਸਰੋਤ ਬੁੱਧ, ਚਾਰਵਾਕ, ਭਗਤੀ ਲਹਿਰ, ਭਗਤੀ ਸਹਿਤ, ਪ੍ਰਗਤੀਵਾਦੀ ਸਾਹਿਤ ਜਾਂ ਮਾਰਕਸਵਾਦੀ ਸਹਿਤ, ਸਮਾਜਿਕ ਜਾਂ ਰਾਜਨੀਤਕ ਲਹਿਰਾਂ ਅਤੇ ਵਿਚਾਰ ਮੁਢਲੇ ਰੂਪ ਵਿਚ ਪ੍ਰਭਾਵਿਤ ਕਰਦੇ ਜਾਂ ਪ੍ਰੇਰਨਾ ਦਿੰਦੇ ਹਨ ਪਰ ਦਲਿਤਾਂ ਦੀ ਮੂਲ ਪ੍ਰੇਰਨਾ ਦਾ ਆਧਾਰ ਡਾ. ਭੀਮ ਰਾਓ ਅੰਬੇਡਕਰ ਦਾ ਜੀਵਨ ਸੰਘਰਸ਼ ਅਤੇ ਵਿਚਾਰ ਹੀ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਆਪਣੀ ਚੇਤਨਾ ਨੂੰ ਤਿੱਖਾ ਕੀਤਾ ਹੈ। ਪੰਜਾਬ ਵਿਚ ਜਾਤੀ ਵਿਵਸਥਾ ਅਤੇ ਗਰੀਬੀ ਦਾ ਉਹ ਕਰੂਰ ਰੂਪ ਨਹੀਂ ਹੈ ਜੋ ਭਾਰਤ ਦੇ ਹੋਰਨਾਂ ਪ੍ਰਦੇਸ਼ਾਂ ਵਿਚ ਹੈ। ਇਸ ਦਾ ਕਾਰਨ ਪੰਜਾਬ ਦੀ ਜ਼ਰਖੇਜ਼ ਭੂਮੀ ਖੇਤਰ ਅਤੇ ਸਿੱਖ ਧਰਮ ਵਰਗੇ ਕ੍ਰਾਂਤੀਕਾਰੀ ਧਰਮ ਦੇ ਪਸਾਰ ਨਾਲ ਹੈ। ਵਰਤਮਾਨ ਸਮੇਂ ਵਿਚ ਵੀ ਜਾਤ ਦੀ ਰਾਜਨੀਤੀ ਅਤੇ ਅਧੀਨ ਰਾਜਨੀਤਕ ਸਰਗਰਮੀਆਂ ਵਿਚ ਦਲਿਤ ਜਾਤੀਆਂ ਨੂੰ ਵੋਟ ਦੇ ਨਾਂ ਤੇ ਭਰਮਾਇਆ ਜਾਂਦਾ ਹੈ ਅਤੇ ਆਪਸ ਵਿਚ ਲੜਾਇਆ ਜਾਂਦਾ ਹੈ। ਪੰਜਾਬ ਵਿਚ ਤਾਂ ਜਾਤ ਦੀ ਰਾਜਨੀਤੀ ਦਾ ਸ਼ਿਕਾਰ ਗੁਰਦੁਆਰਿਆਂ ਉੱਪਰ ਸਮਾਜ ਦੀ ਸਾਧਨਾਂ ਵਾਲੀ ਸ੍ਰੇਣੀ ਨੇ ਕਬਜ਼ਾ ਕਰ ਕੇ ਦਲਿਤ ਧਿਰਾਂ ਨੂੰ ਵੱਖਰੇ ਗੁਰਦੁਆਰੇ ਉਸਾਰਨ ਲਈ ਮਜਬੂਰ ਕੀਤਾ ਜਾਂ ਉਨ੍ਹਾਂ ਨੂੰ ਡੇਰਿਆਂ ਦੀ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ। ਦਲਿਤਾਂ ਵੱਲੋਂ ਚੱਲ ਰਹੇ ਆਰਥਿਕ ਬਰਾਬਰੀ ਦੇ ਸੰਘਰਸ਼ਾਂ ਨੂੰ ਸਿਰਫ ਮੁਆਵਜ਼ੇ ਤੱਕ ਸੀਮਤ ਕਰਨਾ ਕਾਫੀ ਹੱਦ ਤੱਕ ਇਨ੍ਹਾਂ ਨੂੰ ਘਟਾ ਕੇ ਦੇਖਣ ਦੇ ਬਰਾਬਰ ਹੈ। ਦਲਿਤਾਂ ਦੀ ਮੁਕਤੀ ਸਿਰਫ ਇਸ ਗੱਲ ਵਿਚ ਹੈ ਕਿ ਸਰਕਾਰਾਂ ਸੁਹਿਰਦ ਰੂਪ ਵਿਚ ਉਨ੍ਹਾਂ ਨੂੰ ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਤੌਰ 'ਤੇ ਬਰਾਬਰੀ ਦੇਣ ਦੇ ਯਤਨ ਕਰਨ। ਜੇ ਸਰਕਾਰਾਂ ਦੇ ਯਤਨ ਇਸ ਦਿਸ਼ਾ ਵਿਚ ਨਹੀਂ ਹੋਣਗੇ ਤਾਂ ਦਲਿਤਾਂ ਨਾਲ ਜਾਤੀਗਤ ਤੌਰ 'ਤੇ ਵਿਤਕਰਾ ਭੇਦਭਾਵ ਹੁੰਦਾ ਰਹੇਗਾ।

# ਵੱਧ ਰਿਹਾ ਹਵਾ ਪ੍ਰਦੂਸ਼ਣ

## ਜ਼ਿੰਮੇਵਾਰ ਕੌਣ ?

ਲੇਖਕ : ਬਚਨਦੀਪ ਸਿੰਘ ਭੱਠਲ
ਫੋਨ: 98030-00623



ਹਵਾ ਦਾ ਪ੍ਰਦੂਸ਼ਣ ਪਿਛਲੇ ਕੁਝ ਦਹਾਕਿਆਂ ਵਿਚ ਇਕ ਗੰਭੀਰ ਗਲੋਬਲ ਸਮੱਸਿਆ ਬਣ ਚੁੱਕੀ ਹੈ। ਇਹ ਸਿਰਫ ਵਾਤਾਵਰਣ ਲਈ ਹੀ ਨਹੀਂ, ਸਗੋਂ ਮਨੁੱਖੀ ਸਿਹਤ ਅਤੇ ਜੀਵ ਜੰਤੂਆਂ ਲਈ ਵੀ ਵੱਡਾ ਖ਼ਤਰਾ ਹੈ। ਹਵਾ ਪ੍ਰਦੂਸ਼ਣ ਦੇ ਅਨੇਕਾਂ ਸਬੱਬ ਹਨ, ਜਿਨ੍ਹਾਂ ਵਿਚ ਆਵਾਜਾਈ ਸਾਧਨ, ਉਦਯੋਗ, ਪਰਾਲੀ ਸਾੜਨਾ, ਅਤੇ ਹੋਰ ਪ੍ਰਦੂਸ਼ਣਕਾਰੀ ਸਰਗਰਮੀਆਂ ਸ਼ਾਮਲ ਹਨ। ਇਹ ਸਾਰੇ ਕਾਰਕ ਹਵਾ ਵਿਚ ਜ਼ਹਿਰੀਲੇ ਪਦਾਰਥ ਛੱਡਦੇ ਹਨ, ਜੋ ਸਾਡੇ ਸਰੀਰ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੇ ਹਨ। ਸਵਾਲ ਇਹ ਹੈ ਕਿ ਅਸਲ ਵਿਚ ਕੌਣ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ? ਅਤੇ ਕਿਹੜੀਆਂ ਜ਼ਹਿਰੀਲੀਆਂ ਗੈਸਾਂ ਮਨੁੱਖੀ ਸਿਹਤ 'ਤੇ ਖਤਰਨਾਕ ਪ੍ਰਭਾਵ ਪਾਉਂਦੀਆਂ ਹਨ? ਪਿਛਲੇ ਕੁਝ ਸਾਲਾਂ ਵਿਚ, ਵਿਸ਼ਵ ਸਿਹਤ ਸੰਸਥਾ ਦੇ ਅਧਿਐਨ ਦੱਸਦੇ ਹਨ ਕਿ ਦੁਨੀਆ ਵਿਚ ਲਗਭਗ 90% ਲੋਕ ਗੰਦੀ ਹਵਾ ਵਿਚ ਸਾਹ ਲੈ ਰਹੇ ਹਨ। ਇਹ ਗੰਦੀ ਹਵਾ ਵੱਖ ਵੱਖ ਸ੍ਰੋਤਾਂ ਤੋਂ ਪ੍ਰਦੂਸ਼ਣਕਾਰੀ ਗੈਸਾਂ ਹਵਾ ਦੇ ਵਿਚ ਮਿਲ ਜਾਣ ਕਾਰਨ ਬਣਦੀ ਹੈ। ਟ੍ਰੈਫਿਕ, ਉਦਯੋਗ, ਇਲੈਕਟ੍ਰਾਨਿਕ ਅਤੇ ਇਲੈਕਟ੍ਰਿਕ ਸਾਮਾਨ ਦੇ ਗਲਤ ਨਿਪਟਾਰੇ ਅਤੇ ਕਿਸਾਨਾਂ ਦੁਆਰਾ ਪਰਾਲੀ ਸਾੜਨ ਦੇ ਕਾਰਨ ਹਵਾ ਵਿਚ ਜ਼ਹਿਰੀਲੇ ਪਦਾਰਥ ਛੱਡੇ ਜਾਂਦੇ ਹਨ। ਇਨ੍ਹਾਂ ਸਾਰੇ ਸਬੱਬਾਂ ਦਾ ਆਪਣੇਆਪਣੇ ਹਿੱਸੇ ਦਾ ਯੋਗਦਾਨ ਹੈ, ਜਿਸ ਨਾਲ ਹਵਾ ਦੀ ਗੁਣਵੱਤਾ ਖਰਾਬ ਹੋ ਰਹੀ ਹੈ। ਪਰ ਇਹ ਗੈਸਾਂ ਸਿਰਫ ਹਵਾ ਨੂੰ ਹੀ ਪ੍ਰਦੂਸ਼ਿਤ ਨਹੀਂ ਕਰਦੀਆਂ, ਸਗੋਂ ਮਨੁੱਖੀ ਸਿਹਤ 'ਤੇ ਵੀ ਮਾੜਾ ਅਸਰ ਪਾਉਂਦੀਆਂ ਹਨ। ਕਾਰਬਨ ਡਾਈਆਕਸਾਈਡ ਹਵਾ ਵਿਚ ਵੱਧ ਮਾਤਰਾ ਵਿਚ ਪਾਈ ਜਾਣ ਵਾਲੀ ਗੈਸ ਹੈ, ਜੋ ਵਾਹਨਾਂ ਅਤੇ ਉਦਯੋਗਾਂ ਦੇ ਈਂਧਨ ਦੇ ਸੜਨ ਨਾਲ ਬਣਦੀ ਹੈ। ਇਹ ਗੈਸ ਹਵਾ ਵਿਚ ਮੌਜੂਦ ਹੋਣ ਨਾਲ ਗਲੋਬਲ ਵਾਰਮਿੰਗ ਨੂੰ ਵਧਾਉਂਦੀ ਹੈ ਅਤੇ ਸਰੀਰ ਦੇ ਸਵਾਸ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸਦੇ ਨਾਲ ਹੀ ਕਾਰਬਨ ਮੋਨੋਕਸਾਈਡ ਵੀ ਵੱਡੀ ਮੁੱਹਿਮੀ ਹਿੱਸਾ ਹੈ। ਇਹ ਗੈਸ ਅਧੂਰੇ ਸੜਨ ਨਾਲ ਹਵਾ ਵਿਚ ਮਿਲ ਜਾਂਦੀ ਹੈ, ਅਤੇ ਸਰੀਰ ਵਿਚ ਆਕਸੀਜਨ ਦੀ ਘਾਟ ਪੈਦਾ ਕਰਦੀ ਹੈ, ਜਿਸ ਨਾਲ ਦਿਮਾਗ ਅਤੇ ਦਿਲ ਨੂੰ ਨੁਕਸਾਨ ਪਹੁੰਚਦਾ ਹੈ। ਹਵਾ ਵਿਚ ਨਾਈਟਰੋਜਨ ਡਾਈਆਕਸਾਈਡ ਦੀ ਮੌਜੂਦਗੀ ਵੀ ਵੱਡਾ ਖਤਰਾ ਹੈ, ਜੋ ਟ੍ਰੈਫਿਕ ਅਤੇ ਉਦਯੋਗਾਂ ਤੋਂ ਨਿਕਲਦੀ ਹੈ। ਇਸ ਨਾਲ ਅਸਥਮਾ, ਫੇਫੜਿਆਂ ਦੀਆਂ ਸਮੱਸਿਆਵਾਂ ਅਤੇ ਦਿਲ ਦੀਆਂ ਬਿਮਾਰੀਆਂ ਵੱਧਦੀਆਂ ਹਨ। ਮਿਥੇਨ ਗੈਸ ਵੀ ਗ੍ਰੀਨਹਾਊਸ ਪ੍ਰਭਾਵ ਦਾ ਇੱਕ ਵੱਡਾ ਸਬਬ ਹੈ, ਜਿਸ ਨਾਲ ਗਲੋਬਲ ਵਾਰਮਿੰਗ ਵਧਦੀ ਹੈ। ਸਲਫਰ ਡਾਈਆਕਸਾਈਡ ਜਿਵੇਂ ਪ੍ਰਦੂਸ਼ਣਕਾਰੀ ਤੱਤ ਮੁੱਖ ਤੌਰ 'ਤੇ ਉਦਯੋਗਾਂ ਅਤੇ ਇਲੈਕਟ੍ਰਾਨਿਕ ਸਾਮਾਨ ਦੇ ਫੂਕਣ ਜਾਂ ਸਾੜਨ ਤੋਂ ਹਵਾ ਵਿਚ ਮਿਲਦੇ ਹਨ। ਇਹ ਗੈਸ ਤੇਜ਼ਾਬੀ ਮੀਂਹ ਦਾ ਕਾਰਨ ਬਣਦੀਆਂ ਹਨ, ਜੋ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਨ੍ਹਾਂ ਗੈਸਾਂ ਦਾ ਪ੍ਰਭਾਵ ਸਿਰਫ ਹਵਾ ਵਿਚ ਹੀ ਨਹੀਂ ਰੁਕਦਾ, ਸਗੋਂ ਇਹ ਸਰੀਰ ਦੇ ਫੇਫੜਿਆਂ, ਦਿਮਾਗ ਅਤੇ ਦਿਲ 'ਤੇ ਵੀ ਭਿਆਨਕ ਪ੍ਰਭਾਵ ਪਾਉਂਦੀਆਂ ਹਨ। ਟ੍ਰੈਫਿਕ ਪ੍ਰਦੂਸ਼ਣ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਸਬੱਬ ਹੈ। ਵਾਹਨਾਂ ਦੇ ਈਂਧਨ ਦੇ ਸੜਨ ਤੋਂ ਨਿਕਲਣ ਵਾਲੀਆਂ ਗੈਸਾਂ, ਜਿਵੇਂ ਕਿ ਕਾਰਬਨ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ, ਅਤੇ ਕਾਰਬਨ ਮੋਨੋਕਸਾਈਡ, ਹਵਾ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ। ਵਾਹਨਾਂ ਦੀ ਬਹੁਤਾਤ ਨਾਲ ਹਵਾ ਦੀ ਗੁਣਵੱਤਾ ਘਟ ਰਹੀ ਹੈ, ਜਿਸ ਨਾਲ ਫੇਫੜਿਆਂ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਟ੍ਰੈਫਿਕ ਦੇ ਇਲਾਵਾ, ਉਦਯੋਗ ਵੀ ਹਵਾ ਪ੍ਰਦੂਸ਼ਣ ਦਾ ਮਹੱਤਵਪੂਰਨ ਸਬੱਬ ਹਨ। ਉਦਯੋਗਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣਕਾਰੀ ਤੱਤ ਹਵਾ ਵਿਚ ਪ੍ਰਵਾਨਸ਼ੀਲ ਗੈਸਾਂ ਦੀ ਮਾਤਰਾ ਵਧਾਉਂਦੇ ਹਨ, ਜਿਸ ਨਾਲ ਮੌਸਮੀ ਤਬਦੀਲੀਆਂ ਆ ਰਹੀਆਂ ਹਨ। ਇਲੈਕਟ੍ਰਾਨਿਕ ਅਤੇ ਇਲੈਕਟ੍ਰਿਕ ਸਾਮਾਨ ਦਾ ਗਲਤ ਨਿਪਟਾਰਾ ਵੀ ਹਵਾ ਪ੍ਰਦੂਸ਼ਣ ਨੂੰ ਵਧਾਉਂਦਾ ਹੈ। ਜਦੋਂ ਇਹ ਸਾਮਾਨ ਖਰਾਬ ਹੋ ਜਾਂਦਾ ਹੈ ਅਤੇ ਇਸਨੂੰ ਗਲਤ ਤਰੀਕੇ ਨਾਲ ਸਾੜਿਆ ਜਾਂਦਾ ਹੈ, ਤਾਂ ਇਹ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਮਿਲ ਜਾਂਦੀਆਂ ਹਨ। ਇਹ ਗੈਸਾਂ ਸਿਰਫ ਹਵਾ ਨੂੰ ਹੀ ਨਹੀਂ, ਸਗੋਂ ਧਰਤੀ ਅਤੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਦੀਆਂ ਹਨ। ਇਸੇ ਤਰ੍ਹਾਂ, ਕਿਸਾਨਾਂ ਦੁਆਰਾ ਪਰਾਲੀ ਸਾੜਨਾ ਵੀ ਹਵਾ ਪ੍ਰਦੂਸ਼ਣ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਖੇਤੀਬਾੜੀ ਦੇ ਬਾਅਦ ਪਰਾਲ਼ੀ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਮਿਲਦੀਆਂ ਹਨ, ਜੋ ਪ੍ਰਦੂਸ਼ਣ ਦਾ ਵੱਡਾ ਕਾਰਨ ਹਨ। ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਕੁਝ ਤਦਬੀਰਾਂ ਲਾਗੂ ਕਰਨੀਆਂ ਜ਼ਰੂਰੀ ਹਨ। ਸਭ ਤੋਂ ਪਹਿਲਾਂ, ਜ਼ਿਆਦਾ ਰੁੱਖ ਲਗਾਉਣ ਦੀ ਲੋੜ ਹੈ। ਰੁੱਖ ਹਵਾ ਵਿਚ ਕਾਰਬਨ ਡਾਈਆਕਸਾਈਡ ਨੂੰ ਘਟਾ ਕੇ ਹਵਾ ਨੂੰ ਸਾਫ਼ ਕਰਦੇ ਹਨ। ਇਸ ਦੇ ਨਾਲ ਹੀ, ਪ੍ਰਾਈਵੇਟ ਵਾਹਨਾਂ ਦੀ ਵਰਤੋਂ ਘਟਾ ਕੇ ਪਬਲਿਕ ਟ੍ਰਾਂਸਪੋਰਟ ਨੂੰ ਪ੍ਰਚਲਿਤ ਕੀਤਾ ਜਾਣਾ ਚਾਹੀਦਾ ਹੈ। ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਵੀ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿਚ ਸਹਾਇਕ ਹੋ ਸਕਦੀ ਹੈ। ਪਰਾਲੀ ਸਾੜਨ ਦੀ ਬਜਾਏ ਕਿਸਾਨਾਂ ਨੂੰ ਨਵੇਂ ਤਰੀਕੇ ਸਿੱਖਾਏ ਜਾਣ, ਜਿਵੇਂ ਕਿ ਖੇਤਾਂ ਵਿਚ ਹੀ ਪਰਾਲੀ ਨੂੰ ਜੋਤਣਾ, ਤਾਂ ਜੋ ਪ੍ਰਦੂਸ਼ਣ ਨਾ ਵਧੇ। ਇਸ ਤੋਂ ਇਲਾਵਾ, ਉਦਯੋਗੀ ਪ੍ਰਦੂਸ਼ਣ ਨੂੰ ਘਟਾਉਣ ਲਈ ਕਾਨੂੰਨੀ ਕੰਟਰੋਲ ਸਖ਼ਤ ਕਰਨ ਦੀ ਲੋੜ ਹੈ। ਉਦਯੋਗਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਨੂੰ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ। ਉਦਯੋਗਾਂ ਵਿਚ ਪ੍ਰਦੂਸ਼ਣ ਕੰਟਰੋਲ ਟੈਕਨਾਲੋਜੀ ਦੀ ਵਰਤੋਂ ਨਾਲ ਹਵਾ ਜ਼ਹਿਰੀਲੇ ਪਦਾਰਥਾਂ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ। ਸਰਕਾਰ ਨੂੰ ਕਾਰਬਨ ਉਤਸਰਜਨ ਨੂੰ ਘਟਾਉਣ ਲਈ ਉਦਯੋਗਾਂ 'ਤੇ ਟੈਕਸ ਲਗਾਉਣਾ ਚਾਹੀਦਾ ਹੈ, ਜਿਹੜੀਆਂ ਕੰਪਨੀਆਂ ਦੇ ਕਾਰਬਨ ਦਿਖਾਈ ਦੇਵੇ ਅਤੇ ਉਨ੍ਹਾਂ ਨੂੰ ਪ੍ਰਦੂਸ਼ਣ ਘਟਾਉਣ ਲਈ ਪ੍ਰੇਰਿਤ ਕਰੋ। ਹਰੇਕ ਵਿਅਕਤੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦਾ ਵਾਤਾਵਰਣ 'ਤੇ ਕੀ ਪ੍ਰਭਾਵ ਹੈ। ਘਰ ਵਿਚ ਵੀ ਪ੍ਰਦੂਸ਼ਣ ਘਟਾਉਣ ਲਈ ਕੁਝ ਤਦਬੀਰਾਂ ਵਰਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਘੱਟ ਇਲੈਕਟ੍ਰਿਸਿਟੀ ਦੀ ਵਰਤੋਂ ਕਰਨਾ, ਬਿਜਲੀ ਦੇ ਸਾਮਾਨ ਨੂੰ ਸਹੀ ਤਰੀਕੇ ਨਾਲ ਨਿਪਟਾਰਾ ਕਰਨਾ ਅਤੇ ਘੱਟ ਇੰਧਨ ਦੀ ਵਰਤੋਂ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਨਾ। ਪਲਾਸਟਿਕ ਦੀ ਵਰਤੋਂ ਘਟਾ ਕੇ ਅਤੇ ਰੀਸਾਈਕਲ ਕੀਤੀਆਂ ਚੀਜ਼ਾਂ ਨੂੰ ਪ੍ਰੈਫਰੈਂਸ ਦੇ ਕੇ ਵੀ ਹਵਾ ਪ੍ਰਦੂਸ਼ਣ ਵਿਚ ਕਮੀ ਕੀਤੀ ਜਾ ਸਕਦੀ ਹੈ। ਹਵਾ ਪ੍ਰਦੂਸ਼ਣ ਨਾਲ ਨਜਿੱਠਣਾ ਕੋਈ ਇੱਕ ਵਿਅਕਤੀ ਜਾਂ ਸੰਸਥਾ ਦਾ ਕੰਮ ਨਹੀਂ ਹੈ। ਇਹ ਸਮੂਹ ਵਾਤਾਵਰਣ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਰਕਾਰਾਂ, ਉਦਯੋਗਾਂ, ਅਤੇ ਆਮ ਲੋਕਾਂ ਨੂੰ ਮਿਲ ਕੇ ਇਸ ਮੁੱਦੇ ਨਾਲ ਨਜਿੱਠਣਾ ਚਾਹੀਦਾ ਹੈ। ਜੇਕਰ ਅਸੀਂ ਸਮੇਂ 'ਤੇ ਸਹੀ ਕਦਮ ਨਹੀਂ ਚੁੱਕਦੇ, ਤਾਂ ਇਸਦਾ ਪ੍ਰਭਾਵ ਸਿਰਫ ਸਾਡੀ ਸਿਹਤ ਅਤੇ ਵਾਤਾਵਰਣ 'ਤੇ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ 'ਤੇ ਵੀ ਵੱਧ ਨਕਾਰਾਤਮਕ ਹੋਵੇਗਾ। ਅਖੀਰ ਵਿਚ ਮੈਂ ਇਹੀ ਕਹਿਣਾ ਚਾਹਾਂਗਾ ਕਿ, ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ ਜਿਵੇਂ ਕਿ ਟ੍ਰੈਫਿਕ, ਉਦਯੋਗ, ਖੇਤੀਬਾੜੀ, ਅਤੇ ਹੋਰ ਸਰਗਰਮੀਆਂ। ਕਿਸੇ ਇੱਕ ਵਿਅਕਤੀ ਜਾਂ ਸੰਸਥਾ ਨੂੰ ਦੋਸ਼ ਦੇਣਾ ਠੀਕ ਨਹੀਂ ਹੈ। ਮੈਂ ਆਪਣੀ ਰਿਸਰਚ ਦੌਰਾਨ ਕਾਫੀ ਡਾਟਾ ਇਕੱਠਾ ਕੀਤਾ ਜਿਸ ਕਰਕੇ ਮੈਨੂੰ ਇਹ ਆਰਟੀਕਲ ਲਿਖਣ ਵਿਚ ਮਦਦ ਮਿਲੀ ਅਤੇ ਜ਼ਰੂਰਤ ਮਹਿਸੂਸ ਹੋਈ। ਇਨ੍ਹਾਂ ਨੂੰ ਘਟਾਉਣ ਲਈ ਪ੍ਰਦੂਸ਼ਣ ਕੰਟਰੋਲ ਨੀਤੀਆਂ ਦੀ ਲੋੜ ਹੈ, ਅਤੇ ਹਰ ਵਿਅਕਤੀ ਨੂੰ ਆਪਣੇ ਨੇੜੇ ਪ੍ਰਦੂਸ਼ਣ ਨੂੰ ਘਟਾਉਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਸਿਰਫ ਮਿਲ ਕੇ ਹੀ ਅਸੀਂ ਹਵਾ ਨੂੰ ਸਾਫ਼ ਅਤੇ ਸਿਹਤਮੰਦ ਬਣਾ ਸਕਦੇ ਹਾਂ।

---

# ਬੇ-ਆਬ ਹੋ ਰਿਹਾ ਪੰਜਾਬ

ਲੇਖਕ : ਡਾ. ਵਿਸ਼ਾਲ ਕੁਮਾਰ, ਫੋਨ: +91-97805-38664

'ਪਵਣੁ ਗੁਰੂ ਪਾਣੀ ਪਿਤਾ' ਕਥਨ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਨੀ ਇਹ ਧਰਤ ਆਦਿ ਕਾਲ ਵਿਚ ਸਪਤ ਸਿੰਧੂ ਅਤੇ ਪੰਚ-ਨਦ ਆਦਿ ਨਾਵਾਂ ਨਾਲ ਜਾਣੀ ਜਾਂਦੀ ਰਹੀ ਹੈ। ਸਪਤ ਸਿੰਧੂ ਭਾਵ ਜਿਥੇ 'ਸੱਤ ਦਰਿਆਵਾਂ ਦਾ ਦੇਸ਼' ਹੈ ਉਥੇ ਹੀ ਪੰਚ-ਨਦ ਦਾ ਮਤਲਬ 'ਪੰਜ ਨਦੀਆਂ ਦਾ ਸਥਾਨ' ਹੈ। ਪੰਜਾਬ ਦੀ ਇਹ ਜਰਖੇਜ਼ ਧਰਤ ਭਾਰਤ ਦੀ ਆਜ਼ਾਦੀ (1947 ਈ.) ਤੋਂ ਬਾਅਦ ਕੇਵਲ ਢਾਈ ਦਰਿਆਵਾਂ ਵਿਚ ਸਿਮਟ ਕੇ ਰਹਿ ਗਈ ਹੈ। ਭਾਰਤ ਦੇ ਕੁੱਲ ਖੇਤਰਫਲ (3287263 ਵਰਗ ਕਿਲੋਮੀਟਰ) ਵਿਚੋਂ ਪੰਜਾਬ (50362 ਵਰਗ ਕਿਲੋਮੀਟਰ) ਕੁੱਲ 1.53 ਫੀਸਦੀ ਹੀ ਹੈ ਅਤੇ ਇਹ ਖੇਤਰ ਵਜੋਂ ਭਾਰਤ ਦਾ ਵੀਹਵੇਂ ਨੰਬਰ ਦਾ ਰਾਜ ਹੈ। ਇਸ ਦੀ ਆਬਾਦੀ ਭਾਰਤ ਦੀ ਕੁੱਲ ਜਨਸੰਖਿਆ ਦਾ2.5 ਫੀਸਦੀ ਹੈ। ਇਲਾਕੇ ਵਜੋਂ ਇੰਨਾ ਛੋਟਾ ਹੋਣ ਦੇ ਬਾਵਜੂਦ ਇਸ ਨੂੰ ਭਾਰਤ ਦਾ ਅੰਨ-ਭੰਡਾਰ ਵੀ ਕਿਹਾ ਜਾਂਦਾ ਹੈ। ਇਸ ਅੰਨ ਨੂੰ ਉਗਾਉਣ ਦਾ ਜ਼ਿੰਮਾ ਇਥੋਂ ਦੇ ਮਿਹਨਤਕਸ਼ ਕਿਸਾਨਾਂ ਸਿਰ ਹੈ। ਪੰਜਾਬ ਭਾਰਤ ਦੇਸ਼ ਦੇ ਕੁੱਲ ਅੰਨ ਦਾ 36% ਚੌਲ ਤੇ 180 ਲੱਖ ਟਨ(60%) ਤੱਕ ਕਣਕ ਪੈਦਾ ਕਰ ਕੇ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਮਹੋਰੀ ਭੂਮਿਕਾ ਵਿਚ ਹੈ ਪਰ ਇਸਨੂੰ ਉਗਾਉਣ ਲਈ ਕਿਸਾਨਾਂ ਦੁਆਰਾ ਵਰਤਿਆ ਜਾ ਰਿਹਾ ਪਾਣੀ ਪੰਜਾਬ ਦਾ ਮੁੱਢਲਾ ਕੁਦਰਤੀ ਸਰੋਤ ਹੈ। ਆਦਿ ਕਾਲ ਵਿਚ ਜਦੋਂ ਮਨੁੱਖ ਨੇ ਸੱਭਿਅਤਾ ਨੂੰ ਅਪਣਾਉਂਦਿਆਂ ਸਮੂਹਿਕ ਰੂਪ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਅੰਨ ਉਗਾਉਣ ਲਈ ਉਸਦੀ ਮੁੱਢਲੀ ਟੇਕ ਦਰਿਆ ਦਾ ਪਾਣੀ ਸੀ। ਪੂਰਵ ਸੁਤੰਤਰਤਾ ਕਾਲ ਵਿਚ ਦਰਿਆਵਾਂ ਤੋਂ ਕੱਢੀਆਂ ਨਹਿਰਾਂ ਰਾਹੀਂ ਸਿੰਚਾਈ ਕੀਤੀ ਜਾਣ ਲੱਗੀ ਜੋ ਕਿ ਅੱਜ ਤੱਕ ਕਾਇਮ ਹੈ। ਆਧੁਨਿਕਤਾ ਦੇ ਇਸ ਦੌਰ ਵਿਚ ਤਕਨਾਲੋਜੀ ਦੇ ਵਿਕਾਸ ਨਾਲ ਇਨ੍ਹਾਂ ਦਾ ਸਥਾਨ ਟਿਊਬਵੈੱਲ ਨੇ ਲੈ ਲਿਆ। ਅੱਜ ਇਥੋਂ ਦੇ 14 ਲੱਖ ਤੋਂ ਵੀ ਵੱਧ ਟਿਊਬਵੈਲ (ਜੋ ਕਿ 1980 ਦੇ ਦਹਾਕੇ ਵਿਚ 2 ਲੱਖ ਹੀ ਸਨ) ਧਰਤੀ ਹੇਠਲੇ ਪਾਣੀ ਨੂੰ ਵਰਤਣ ਲਈ ਲੱਗੇ ਹਨ। ਮਾਹਿਰਾਂ ਦੀ ਰਿਪੋਰਟ ਮੁਤਾਬਿਕ ਇਸ ਕਾਰਨ ਪੰਜਾਬ ਵਿਚ ਪਾਣੀ ਦਾ ਪੱਧਰ ਪ੍ਰਤੀ ਸਾਲ ਦੋ ਫੁੱਟ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਗਲੋਬਲੀਕਰਨ ਦੇ ਇਸ ਯੁੱਗ ਵਿਚ ਭਿੰਨ-ਭਿੰਨ ਕਾਰਨਾਂ ਨਾਲ ਪੈਦਾ ਹੋ ਰਹੀ ਸਮੁੱਚੇ ਬ੍ਰਹਿਮੰਡ ਦੀ ਤਪਸ਼ ਨਾਲ ਦਰਿਆਈ ਪਾਣੀ ਦਾ ਪੱਧਰ ਵੀ ਦਿਨੋਂ-ਦਿਨ ਡਿੱਗ ਰਿਹਾ ਹੈ ਪੰਜਾਬ ਦੇ ਦਰਿਆ ਆਪਣੇ ਸ਼ਾਬਦਿਕ ਅਰਥਾਂ ਅਤੇ ਪੁਰਾਣੇ ਸਰੂਪ ਤੋਂ ਖੁੰਝ ਰਹੇ ਹਨ। ਪੰਜਾਬ ਦੇ ਕਿਸਾਨਾਂ ਦੁਆਰਾ ਉਗਾਏ ਜਾਣ ਵਾਲੇ ਇਕ ਕਿਲੋ ਚੌਲ ਇਸ ਕੁਦਰਤੀ ਨਿਆਮਤ ਦੇ 4 ਹਜ਼ਾਰ ਲੀਟਰ ਹਿੱਸੇ ਦੀ ਖਪਤ ਕਰਦੇ ਹਨ। ਮੰਡੀਕਰਨ ਦੇ ਇਸ ਦੌਰ ਵਿਚ ਭਾਵੇਂ ਕਿਸਾਨ ਨੂੰ ਉਸ ਦੀ ਫ਼ਸਲ ਦੀ ਕੀਮਤ ਉਸਦੀ ਮਿਹਨਤ ਅਤੇ ਸੋਮਿਆਂ ਦੀ ਵਰਤੋਂ ਦੇ ਹਿਸਾਬ ਨਾਲ ਨਹੀਂ ਮਿਲਦੀ ਪਰ ਫਿਰ ਵੀ ਉਹ ਕਣਕ-ਝੋਨੇ ਦੇ ਫਸਲੀ ਚੱਕਰ ਵਿਚ ਪੈ ਕੇ ਆਪਣਾ ਸਮਾਂ ਅਤੇ ਕੁਦਰਤੀ ਸੋਮੇ ਪਾਣੀ ਦੀ ਦੁਰਵਰਤੋਂ ਕਰ ਰਿਹਾ ਹੈ। ਪੰਜਾਬ ਵਿਚ ਪਾਣੀ ਦਾ ਪੱਧਰ ਡਿੱਗਣ ਦਾ ਇਕੱਲਾ ਕਾਰਨ ਇੱਥੋਂ ਦਾ ਕਿਸਾਨ ਹੀ ਨਹੀਂ ਬਲਕਿ ਅਜੋਕੀ ਰਾਜਨੀਤੀ ਵੀ ਹੈ। ਵੋਟਾਂ ਦੀ ਰਾਜਨੀਤੀ ਵਿਚ ਲੋਕਾਂ ਨੂੰ ਭਰਮਾਉਣ ਲਈ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦੀ ਸਹੂਲਤ ਦੀ (ਦੁਰ) ਵਰਤੋਂ ਕਿਸਾਨ ਆਪਣੀ ਫਸਲ ਨੂੰ ਲੋੜ ਅਨੁਸਾਰ ਪਾਣੀ ਦੇਣ ਦੀ ਬਜਾਏ ਆਪਣੀ ਜ਼ਮੀਨ ਵਿਚ ਪਾਣੀ ਦੇ ਦਰਿਆ ਵਹਾਉਣ ਲਈ ਕਰਦਾ ਹੈ। ਬਿਨਾਂ ਕਿਸੇ ਆਰਥਿਕ ਕੀਮਤ ਤੋਂ ਮਿਲੀ ਇਹ ਬਿਜਲੀ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰਦਿਆਂ ਕਿਸਾਨ ਬਿਲ ਦੇ ਖੌਫ਼ ਤੋਂ ਮੁਕਤ ਹੋ ਕੇ ਮੋਟਰ ਨੂੰ ਉਦੋਂ ਤੱਕ ਚਲਾਉਂਦਾ ਹੈ ਜਦੋਂ ਤੱਕ ਉਸ ਦੀਆਂ ਪੈ਼ਲੀਆਂ ਵਿਚ ਹੜ੍ਹ ਵਾਲੀ ਸਥਿਤੀ ਨਹੀਂ ਬਣ ਜਾਂਦੀ। ਪਾਣੀ ਦਾ ਪੱਧਰ ਡਿੱਗਣ ਦਾ ਇੱਕ ਵੱਡਾ ਕਾਰਨ ਪੰਜਾਬ ਦੇ ਲੋਕਾਂ ਦਾ ਅਖੌਤੀ-ਉੱਚ ਜੀਵਨ-ਪੱਧਰ ਵੀ ਹੈ। ਪੰਜਾਬ ਦੇ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਭਾਰਤ ਦੇ ਇੱਕ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਨਾਲੋਂ ਕਿਤੇ ਵੱਧ ਹੈ ਜਿਸ ਕਾਰਨ ਉਹ ਘਰ ਵਿਚ ਵੀ ਬਿਜਲੀ/ਪਾਣੀ ਦੀ ਦੁਰਵਰਤੋਂ ਤੋਂ ਬਾਜ਼ ਨਹੀਂ ਆਉਂਦਾ। ਉਹ ਸੋਚਦਾ ਹੈ ਕਿ ਜੇਕਰ ਉਹ ਬਿੱਲ ਦੇਣ ਦੀ ਸਮਰੱਥਾ ਰੱਖਦਾ ਹੈ ਤਾਂ ਪਾਣੀ ਦੀ ਦੁਰਵਰਤੋਂ ਕਰਨਾ ਉਸ ਦਾ ਹੱਕ ਹੈ। ਆਧੁਨਿਕੀਕਰਨ ਦੀ ਦੌੜ ਵਿਚ ਵੱਖ-ਵੱਖ ਪਿੰਡਾਂ/ਕਸਬਿਆਂ/ਸ਼ਹਿਰਾਂ ਵਿਚ ਵੱਸਦੀ ਲੋਕਾਈ ਦੀ ਬਦਲ ਰਹੀ ਜੀਵਨ-ਜਾਚ ਰਹਿਣ-ਸਹਿਣ ਦੇ ਨਵੀਨ ਢੰਗ ਸਰਕਾਰ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੇ ਜਾਲ ਆਦਿ ਵੀ ਵਰਤਮਾਨ ਸਮੇਂ ਵਿਚ ਧਰਤ ਹੇਠਲੇ ਪਾਣੀ ਦੇ ਪੱਧਰ ਨੂੰ ਸੁੱਟਣ ਵਿਚ ਅਹਿਮ ਰੋਲ ਨਿਭਾਅ ਰਹੇ ਹਨ। ਮੁਨਾਫ਼ਾਖ਼ੋਰੀ ਅਤੇ ਨਿੱਜੀਕਰਨ ਦੀ ਭਾਵਨਾ ਅਧੀਨ ਵਿਚਰਦਿਆਂ ਵਰਤਮਾਨਕ ਪੰਜਾਬੀ ਮਨੁੱਖ ਸਮੇਂ ਦੀ ਘਾਟ ਕਾਰਨ ਸਮਾਜਿਕ ਅਤੇ ਸਮੂਹਿਕ ਲਾਭ ਦੀ ਭਾਵਨਾ ਤੋਂ ਭੱਜਦਾ ਹੋਇਆ ਆਪਣੇ ਨਿੱਜੀ ਮੁਫਾਦਾਂ ਨੂੰ ਪਹਿਲ ਦਿੰਦਾ ਹੈ। ਉਸ ਦੁਆਰਾ ਬਣਾਈਆਂ ਜਾ ਰਹੀਆਂ ਵੱਡੀਆਂਵੱਡੀਆਂ ਬਿਲਡਿੰਗਾਂ, ਮਾਲ ਅਤੇ ਮਲਟੀ ਸਪੈਸ਼ਲਿਟੀ ਸ਼ੋਅਰੂਮ ਵੀ ਇਸ ਧਰਤ ਨੂੰ ਬੰਜਰ ਕਰਨ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ। ਬੇ-ਆਬ ਹੋ ਰਹੇ ਇਸ ਪੰਜਾਬ ਨੂੰ ਬਚਾਉਣ ਲਈ ਸਰਕਾਰਾਂ ਨੂੰ ਕੁਝ ਸਖ਼ਤ ਨਿਯਮ ਬਣਾਉਣ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਾਉਣ ਦੀ ਲੋੜ ਹੈ। ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਅਨੁਸਾਰ, 'ਪੰਜਾਬ ਦੇ ਵਿਚ ਜਿੱਥੇ ਟਿਊਬਵੈੱਲਾਂ ਦੇ ਨਾਲ ਪਾਣੀ ਕੱਢ ਕੇ ਝੋਨਾ ਲਾਇਆ ਜਾ ਰਿਹਾ ਹੈ, ਉਹਨਾਂ ਥਾਵਾਂ 'ਤੇ ਝੋਨੇ ਦੀ ਖੇਤੀ ਬੰਦ ਕਰ ਦੇਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਕਿਸੇ ਹੋਰ ਖੇਤੀ ਲਈ ਪ੍ਰਰਿਤ ਕਰਕੇ ਐਮ.ਐੱਸ.ਪੀ. ਦੇਵੇ ਤਾਂ ਜੋ ਇਸ ਨਾਲ ਪੰਜਾਬ ਦੇ ਪਾਣੀ ਨੂੰ ਬਚਾਇਆ ਜਾ ਸਕੇ।' ਕਿਸਾਨਾਂ ਨੂੰ ਫ਼ਸਲੀ ਚੱਕਰ ਬਦਲਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਇਸ ਲਈ ਪ੍ਰਭਾਵੀ ਨੀਤੀਆਂ ਬਣਾਈਆਂ ਜਾਣ, ਜਿਨ੍ਹਾਂ ਨੂੰ ਵਿਧੀਵਤ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਪਾਣੀ ਰੀਚਾਰਜ ਕਰਨ ਦੇ ਵੱਡੇ-ਵੱਡੇ ਪ੍ਰਾਜੈਕਟ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਢੁੱਕਵੀਆਂ ਥਾਵਾਂ 'ਤੇ ਲਾਏ ਜਾਣ। ਆਮ-ਜਨ ਨੂੰ ਪ੍ਰਭਾਵਿਤ ਕਰਨ ਵਾਲੇ ਸੰਚਾਰ ਦੇ ਭਿੰਨ-ਭਿੰਨ ਸਾਧਨਾਂ ਦੀ ਵਰਤੋਂ ਕਰਦਿਆਂ ਲੋਕਾਂ ਨੂੰ ਪਾਣੀ ਬਚਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਤੋਂ ਜਾਣੂ ਕਰਾਇਆ ਜਾਵੇ। ਯੂਨੀਵਰਸਿਟੀਆਂ ਵਿਚ ਘੱਟ ਪਾਣੀ ਵਰਤਣ ਅਤੇ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਕੀਤੀਆਂ ਜਾ ਰਹੀਆਂ ਖੋਜਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਪੂਰਬਲੀਆਂ ਖੋਜਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਸ਼ਹਿਰਾਂ ਵਿਚ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਜਾਣ ਤਾਂ ਜੋ ਕੋਈ ਵੀ ਪਾਣੀ ਦੀ ਦੁਰਵਰਤੋਂ ਕਰਦਿਆਂ ਪਾਈਪ ਨਾਲ ਕਾਰ ਧੋਣ ਜਾਂ ਗਲੀਆਂ ਵਿਚ ਪਾਣੀ ਰੋੜ੍ਹਨ ਦੀ ਹਿੰਮਤ ਨਾ ਕਰੇ। ਜੇਕਰ ਅਸੀਂ ਆਪਣਾ ਅੱਜ ਸੰਭਾਲਣ ਦੇ ਯੋਗ ਹੋ ਜਾਵਾਂਗੇ ਤਾਂ ਸਾਡਾ ਆਉਣ ਵਾਲਾ ਕੱਲ੍ਹ ਵੀ ਪਾਣੀ ਰਹਿਤ ਹੋਣ ਤੋਂ ਬਚ ਜਾਵੇਗਾ।



# ਰੁਜ਼ਗਾਰ ਵਿਹੂਣੇ ਵਿਕਾਸ ਦੀ ਹਕੀਕਤ




ਲੇਖਕ : ਪਾਵੇਲ ਕੁੱਸਾ

ਭਾਰਤ ਅੰਦਰ ਰੁਜ਼ਗਾਰ ਦਾ ਸੰਕਟ ਬਹੁਤ ਤਿੱਖਾ ਹੋ ਚੁੱਕਿਆ ਹੈ ਤੇ ਬੇਰੁਜ਼ਗਾਰੀ ਦੀ ਦਰ ਦੇ ਅੰਕੜੇ ਪਿਛਲੇ ਸਭ ਰਿਕਾਰਡ ਤੋੜ ਰਹੇ ਹਨ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਰੁਜ਼ਗਾਰ ਦਾ ਸੰਕਟ ਅਹਿਮ ਮੁੱਦੇ ਵਜੋਂ ਉੱਭਰਿਆ ਸੀ ਤੇ ਇਸ ਦਾ ਸੇਕ ਨੌਜਵਾਨਾਂ ਦੇ ਗੁੱਸੇ ਦੇ ਰੂਪ 'ਚ ਭਾਜਪਾ ਨੂੰ ਝੱਲਣਾ ਪਿਆ ਸੀ। ਇਹ ਭਾਵੇਂ ਭਾਜਪਾ ਹਕੂਮਤ ਸੀ ਤੇ ਭਾਵੇਂ ਉਸ ਤੋਂ ਪਹਿਲਾਂ ਦੀਆਂ ਹਕੂਮਤਾਂ ਸਨ, ਸਭਨਾਂ ਨੇ ਨਵ-ਉਦਾਰਵਾਦੀ ਨੀਤੀਆਂ ਦਾ ਮਾਡਲ ਲਾਗੂ ਕਰ ਕੇ ਜਿਸ ਤਰ੍ਹਾਂ ਦੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਦਾਅਵੇ ਕੀਤੇ ਸਨ, ਉਹਨਾਂ ਦੀ ਹਕੀਕਤ ਹੁਣ ਮੁਲਕ ਹੰਢਾ ਚੁੱਕਿਆ ਹੈ। ਜੀ.ਡੀ.ਪੀ. ਦੀ ਵਿਕਾਸ ਦਰ ਦੇ ਦਾਅਵਿਆਂ ਦਰਮਿਆਨ ਬੇਰੁਜ਼ਗਾਰੀ ਦਾ ਸੰਕਟ ਹੱਲ ਨਹੀਂ ਹੋਇਆ ਸਗੋਂ ਹੋਰ ਡੂੰਘਾ ਹੋਇਆ ਹੈ ਤੇ ਹੁਣ ਇਹ ਗੱਲ ਹਾਕਮ ਜਮਾਤੀ ਹਲਕਿਆਂ, ਖਾਸ ਕਰ ਕੇ ਹਾਕਮ ਜਮਾਤੀ ਮੀਡੀਆ ਦੇ ਟਿੱਪਣੀਕਾਰਾਂ ਦੀ ਜ਼ੁਬਾਨ 'ਤੇ ਆਉਣੀ ਸ਼ੁਰੂ ਹੋ ਚੁੱਕੀ ਹੈ ਕਿ ਜੀ.ਡੀ.ਪੀ. ਦਾ ਵਾਧਾ ਰੁਜ਼ਗਾਰ ਦੀ ਗਾਰੰਟੀ ਨਹੀਂ ਲੈ ਕੇ ਆਉਂਦਾ ਹੈ। ਇਹ ਹਕੀਕਤ ਹੁਣ ਹੋਰ ਜ਼ਿਆਦਾ ਉੱਘੜ ਕੇ ਦਿਖਾਈ ਦੇ ਰਹੀ ਹੈ ਕਿ ਆਰਥਿਕਤਾ ਦੇ ਹੋਰ ਵੱਡੀ ਹੋ ਜਾਣ 'ਤੇ ਜੀ.ਡੀ.ਪੀ. ਦੇ ਅੰਕੜਿਆਂ ਦੀ ਦਰ ਵਧ ਜਾਣਾ ਵੀ ਰੁਜ਼ਗਾਰ ਨਹੀਂ ਪੈਦਾ ਕਰਦਾ ਸਗੋਂ ਆਮ ਕਰ ਕੇ ਰੁਜ਼ਗਾਰ ਦੇ ਮੌਕੇ ਸੁੰਗੜਦੇ ਹਨ। ਹੁਣ ਤੱਕ ਭਾਰਤੀ ਹਕੂਮਤਾਂ ਦੀ ਜੋ ਪਹੁੰਚ ਤੁਰੀ ਆ ਰਹੀ ਹੈ, ਉਹ ਕਾਰਪੋਰੇਟ ਘਰਾਣਿਆਂ ਨੂੰ ਵੱਧ ਤੋਂ ਵੱਧ ਰਿਆਇਤਾਂ/ਛੋਟਾਂ ਦੇਣ ਦੀ ਹੈ ਕਿਉਂਕਿ ਇਸ ਸੋਚਣੀ ਅਨੁਸਾਰ ਪੈਦਾਵਾਰ ਦੇ ਵਾਧੇ ਨਾਲ ਕੁੱਲ ਜੀ.ਡੀ.ਪੀ. ਵਧਦੀ ਹੈ ਤੇ ਇਹਦੇ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ। ਵੱਡੇ ਸਰਮਾਏਦਾਰਾਂ ਤੇ ਬਹੁਕੌਮੀ ਕੰਪਨੀਆਂ ਨੂੰ ਟੈਕਸ ਛੋਟਾਂ ਤੇ ਹੋਰ ਤਰ੍ਹਾਂ-ਤਰ੍ਹਾਂ ਦੀਆਂ ਰਿਆਇਤਾਂ ਐਲਾਨੀਆਂ ਜਾਂਦੀਆਂ ਹਨ ਤਾਂ ਕਿ ਉਹ ਨਿਵੇਸ਼ ਕਰਨ ਜਿਸ ਨਾਲ ਪੈਦਾਵਾਰ ਵਧੇ ਅਤੇ ਇਹਦੇ ਨਾਲ ਆਪਣੇ ਆਪ ਰੁਜ਼ਗਾਰ ਪੈਦਾ ਹੋਵੇਗਾ। ਮੌਜੂਦਾ ਹਕੂਮਤ ਨੇ ਅਜਿਹਾ ਕਈ ਕੁਝ ਕੀਤਾ ਜਿਵੇਂ 2014 'ਚ ਮੇਕ ਇਨ ਇੰਡੀਆ ਦੇ ਨਾਂ ਹੇਠ ਕੰਪਨੀਆਂ ਨੂੰ ਰਿਆਇਤਾਂ ਦਿੱਤੀਆਂ ਗਈਆਂ। 2019 'ਚ ਵੀ ਇਸ ਦਾਅਵੇ ਨਾਲ ਕਾਰਪੋਰੇਟ ਟੈਕਸ 'ਚ ਵੱਡੀਆਂ ਛੋਟਾਂ ਦਿੱਤੀਆਂ ਗਈਆਂ ਕਿ ਪੂੰਜੀ ਨਿਵੇਸ਼ ਵਧੇਗਾ ਤੇ ਇਸ ਦੇ ਸਿੱਟੇ ਵਜੋਂ ਨੌਕਰੀਆਂ ਦੇ ਮੌਕੇ ਵਧਣਗੇ। ਇਉਂ ਹੀ 2020 'ਚ ਪੈਦਾਵਾਰ ਰਿਆਇਤ ਸਕੀਮ ਐਲਾਨੀ ਗਈ ਸੀ ਜਿਸ ਤਹਿਤ ਕੁਝ ਖਾਸ ਪੈਦਾਵਾਰੀ ਟੀਚੇ ਹਾਸਲ ਕਰਨ 'ਤੇ ਕੰਪਨੀਆਂ ਨੂੰ ਵਿੱਤੀ ਲਾਭ ਮੁਹੱਈਆ ਕਰਵਾਇਆ ਜਾਵੇਗਾ ਪਰ ਇਹਨਾਂ ਸਭ ਵਿਉਂਤਾਂ ਦਾ ਸਿੱਟਾ ਕਿਸੇ ਤਰ੍ਹਾਂ ਵੀ ਨੌਕਰੀਆਂ ਦੇ ਵਾਧੇ 'ਚ ਨਹੀਂ ਨਿੱਕਲਿਆ ਸਗੋਂ ਕਾਰਪੋਰੇਟ ਘਰਾਣੇ ਟੈਕਸ ਛੋਟਾਂ ਲੈ ਕੇ ਚਲਦੇ ਬਣੇ ਤੇ ਹਕੂਮਤੀ ਗਰਾਂਟਾਂ ਜੇਬਾਂ 'ਚ ਪਾਈਆਂ ਗਈਆਂ। ਲੋਕ ਨੌਕਰੀਆਂ ਉਡੀਕਦੇ ਰਹੇ। ਲੋਕ ਪੱਖੀ ਬੁੱਧੀਜੀਵੀ ਤੇ ਅਰਥ ਸ਼ਾਸਤਰੀ ਇਹਨਾਂ ਨਵ-ਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਵੇਲੇ ਤੋਂ ਇਹ ਕਹ ਰਹੇ ਹਨ ਕਿ ਜੀ.ਡੀ.ਪੀ. ਦਾ ਅਜਿਹਾ ਵਿਕਾਸ ਨੌਕਰੀਆਂ ਪੈਦਾ ਕਰਨ ਤੋਂ ਟੁੱਟਿਆ ਹੋਇਆ ਹੈ ਤੇ ਇਹ ਲੋਕਾਂ ਦੀਆਂ ਜ਼ਿੰਦਗੀਆਂ 'ਚ ਰਾਹਤ ਦਾ ਜ਼ਰੀਆ ਨਹੀਂ ਬਣਦਾ ਕਿਉਂਕਿ ਵਿਦੇਸ਼ੀ ਕੰਪਨੀਆਂ ਦਾ ਇਹ ਪੈਦਾਵਾਰ ਅਮਲ ਸਥਾਨਕ ਪੈਦਾਵਾਰੀ ਕੜੀਆਂ ਨਾਲ ਨਹੀਂ ਬੱਝਿਆ ਹੋਇਆ ਤੇ ਨਾ ਹੀ ਇਹ ਘਰੇਲੂ ਮੰਗ ਦੁਆਲੇ ਕੀਤੀ ਜਾਂਦੀ ਪੈਦਾਵਾਰ ਹੈ। ਇਹ ਵਿਦੇਸ਼ੀ ਬਰਾਮਦਾਂ ਲਈ ਉੱਚ ਪੱਧਰੀ ਤਕਨੀਕ ਨਾਲ ਕੀਤੀ ਜਾਂਦੀ ਪੈਦਾਵਾਰ ਹੈ ਅਤੇ ਮਨੁੱਖੀ ਕਿਰਤ ਸ਼ਕਤੀ ਦੀ ਘੱਟ ਤੋਂ ਘੱਟ ਵਰਤੋਂ ਨਾਲ ਕੀਤੀ ਜਾਂਦੀ ਪੈਦਾਵਾਰ ਹੈ। ਇਸ ਤੋਂ ਵੀ ਅੱਗੇ ਵੱਡੇ ਸਰਮਾਏਦਾਰ ਤੇ ਬਹੁਕੌਮੀ ਕੰਪਨੀਆਂ ਆਮ ਕਰ ਕੇ ਮੈਨੂਫੈਕਚਰਿੰਗ (ਨਿਰਮਾਣ) ਦੇ ਉੱਦਮ ਤੋਂ ਦੂਰ ਹੀ ਰਹਿੰਦੇ ਹਨ ਤੇ ਘੱਟ ਨਿਵੇਸ਼ ਵਾਲੇ ਖੇਤਰਾਂ 'ਚ ਮਲਾਈ ਛਕਣਾ ਪਸੰਦ ਕਰਦੇ ਹਨ। ਜ਼ਿਆਦਾਤਰ ਨਿਵੇਸ਼ ਸ਼ੇਅਰ ਬਾਜ਼ਾਰਾਂ, ਸੱਟਾ ਬਾਜ਼ਾਰਾਂ ਤੇ ਫਿਊਚਰ ਟ੍ਰੇਡਿੰਗ ਵਰਗੇ ਖੇਤਰਾਂ 'ਚ ਕੀਤਾ ਜਾਂਦਾ ਹੈ ਜਦਕਿ ਰੁਜ਼ਗਾਰ ਪੈਦਾ ਕਰਨ ਵਾਲੀ ਘਰੇਲੂ ਤੇ ਛੋਟੀ ਪੂੰਜੀ ਵਾਲੀ ਸਨਅਤ ਸਰਕਾਰੀ ਸਹਾਇਤਾ ਦੀ ਤੋਟ ਹੰਢਾਉਂਦੀ ਰਹਿੰਦੀ ਹੈ। ਘਰੇਲੂ ਮੰਗ ਦੇ ਸੁੰਗੜੇ ਰਹਿਣ ਤੇ ਖੇਤੀ ਖੇਤਰ 'ਚ ਭਾਰੀ ਸੰਕਟ ਬਣੇ ਰਹਿਣ ਨਾਲ ਨੌਕਰੀਆਂ ਦੀ ਪੈਦਾਵਾਰ ਲਈ ਸਾਮਰਾਜੀ ਕੰਪਨੀਆਂ 'ਤੇ ਟੇਕ ਰੱਖਣੀ ਅਸਲ ਵਿਕਾਸ ਤੋਂ ਬੇਮੁਖ ਗ਼ਲਤ ਪਹੁੰਚ ਹੈ ਪਰ ਨਵਉਦਾਰਵਾਦੀ ਨੀਤੀਆਂ ਦੇ ਸਮਰਥਕ ਤੇ ਹਾਕਮ ਜਮਾਤੀ ਅਰਥ ਸ਼ਾਸਤਰੀ ਇਸੇ ਢੰਗ ਨੂੰ ਉਚਿਆਉਂਦੇ ਆ ਰਹੇ ਹਨ ਤੇ ਵਿਦੇਸ਼ੀ ਪੂੰਜੀ ਨਿਵੇਸ਼ ਤੇ ਵੱਡੀਆਂ ਕੰਪਨੀਆਂ ਦੇ ਮੈਗਾ ਪ੍ਰੋਜੈਕਟਾਂ 'ਚ ਹੀ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦਾ ਦਾਅਵਾ ਕਰਦੇ ਰਹੇ ਹਨ ਜੋ ਕਦੇ ਵੀ ਹਕੀਕਤ ਨਹੀਂ ਬਣਿਆ। ਦਿਲਚਸਪ ਪੱਖ ਤਾਂ ਇਹ ਹੈ ਕਿ ਹੁਣ ਮੋਦੀ ਸਰਕਾਰ ਨੂੰ ਵੀ ਚੁੱਪ-ਚੁਪੀਤੇ ਹੀ ਇਹ ਹਕੀਕਤ ਪ੍ਰਵਾਨ ਕਰਨੀ ਪਈ ਹੈ। ਉਸ ਵੱਲੋਂ ਇਸ ਵਾਰ ਦੇ ਬੱਜਟ 'ਚ ਲਿਆਂਦੀ ਗਈ ਰੁਜ਼ਗਾਰ ਨਾਲ ਜੁੜੀਆਂ ਰਿਆਇਤਾਂ ਨਾਮ ਦੀ ਸਕੀਮ ਇਹੀ ਦੱਸਦੀ ਹੈ ਕਿ ਉਸ ਨੂੰ ਇਹ ਪ੍ਰਵਾਨ ਕਰਨਾ ਪਿਆ ਹੈ ਕਿ ਕਾਰਪੋਰੇਟ ਪੂੰਜੀ ਆਪਣੇ ਆਪ 'ਚ ਹੀ ਰੁਜ਼ਗਾਰ ਪੈਦਾ ਨਹੀਂ ਕਰਦੀ। ਇਹ ਸਕੀਮ ਲਿਆਉਣੀ ਇਸ ਹਕੀਕਤ ਨੂੰ ਹੀ ਮੰਨਣਾ ਹੈ ਕਿ ਕਾਰਪੋਰੇਟਾਂ ਦੇ ਮੈਗਾ ਪ੍ਰੋਜੈਕਟ ਆਪਣੇ ਆਪ ਹੀ ਨੌਕਰੀਆਂ ਨਹੀਂ ਲਿਆਉਂਦੇ। ਇਸ ਲਈ ਇਹ ਸਕੀਮ ਸਨਅਤੀ ਘਰਾਣਿਆਂ ਨੂੰ ਨੌਕਰੀਆਂ ਪੈਦਾ ਕਰਨ ਬਦਲੇ ਰਿਆਇਤਾਂ ਦੇਣ ਦੀ ਸਕੀਮ ਹੈ। ਜਿਹੜੇ ਕਾਰਪੋਰੇਟ ਕਾਰੋਬਾਰੀ ਰੁਜ਼ਗਾਰ ਪੈਦਾ ਕਰਨਗੇ, ਉਹਨਾਂ ਨੂੰ ਸਰਕਾਰ ਵਿਸ਼ੇਸ਼ ਰਿਆਇਤਾਂ ਦੇਵੇਗੀ। ਇਹ ਇਸ ਹਕੀਕਤ ਦਾ ਅਣਕਿਹਾ ਇਕਬਾਲ ਹੈ ਕਿ ਇਹ ਟ੍ਰਿਲੀਅਨ ਡਾਲਰਾਂ ਵਾਲੀ ਆਰਥਿਕਤਾ ਲੋਕਾਂ ਦੀ ਜ਼ਿੰਦਗੀ 'ਚ ਸੁਧਾਰ ਲਿਆਉਣ ਜੋਗੀ ਨਹੀਂ ਹੈ। ਇਹ ਵੱਡੀ ਆਰਥਿਕਤਾ ਵੱਡੇ ਘਰਾਣਿਆਂ ਦੀ ਪੂੰਜੀ ਵਧਣ ਤੇ ਕਾਰੋਬਾਰ ਵਧਣ ਦਾ ਸਿੱਟਾ ਹੈ ਨਾ ਕਿ ਆਮ ਲੋਕਾਂ ਦੀ ਜ਼ਿੰਦਗੀ 'ਚ ਕਿਸੇ ਤਰ੍ਹਾਂ ਦੀ ਖੁਸ਼ਹਾਲੀ ਆਉਣ ਦਾ ਸਿੱਟਾ ਹੈ। ਆਮ ਲੋਕਾਂ ਤੇ ਅਰਬਾਂਪਤੀ ਕਾਰੋਬਾਰੀਆਂ 'ਚ ਪਾੜਾ ਕਈ ਗੁਣਾ ਵਧ ਗਿਆ ਹੈ। ਇਸ ਲਈ ਸਰਕਾਰ ਨੇ ਇਸ ਸਕੀਮ 'ਚ ਕਿਹਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਉਦਯੋਗਪਤੀ ਘੱਟ ਤੋਂ ਘੱਟ ਆਟੋਮੈਟਿਕ ਮਸ਼ੀਨਾਂ ਵਰਤਣ ਤੇ ਵੱਧ ਤੋਂ ਵੱਧ ਕਿਰਤੀਆਂ ਤੋਂ ਕੰਮ ਲੈਣ। ਵੱਧ ਤੋਂ ਵੱਧ ਕਿਰਤੀਆਂ ਤੋਂ ਕੰਮ ਲੈਣ ਲਈ ਇੰਡਸਟਰੀ ਨੂੰ ਸਕੀਮਾਂ ਬਣਾਉਣੀਆਂ ਬੇਰੁਜ਼ਗਾਰੀ ਦੇ ਭੂਤ ਦੇ ਡਰ 'ਚੋਂ ਹੀ ਨਿੱਕਲਿਆ ਕਦਮ ਹੈ ਜਿਹੜਾ ਭੂਤ ਮੋਦੀ ਸਰਕਾਰ ਨੂੰ ਲੋਕ ਸਭਾ ਚੋਣਾਂ 'ਚ ਡਰਾ ਚੁੱਕਿਆ ਹੈ ਤੇ ਅੱਗੇ ਹੋਰ ਵੀ ਵੱਡਾ ਹੋ ਕੇ ਡਰਾਉਣ ਜਾ ਰਿਹਾ ਹੈ। ਇਹ ਸਕੀਮ ਭਾਵੇਂ ਬੇਰੁਜ਼ਗਾਰੀ ਦੇ ਭਾਰੀ ਸੰਕਟ ਤੇ ਇਸ ਰੁਜ਼ਗਾਰ ਵਿਹੂਣੇ ਵਿਕਾਸ ਮਾਡਲ ਦੀ ਅਸਫ਼ਲਤਾ 'ਚੋਂ ਨਿੱਕਲੀ ਹੈ ਪਰ ਅਜੇ ਵੀ ਇਸੇ ਮਾਡਲ ਦੇ ਅੰਦਰ ਹੀ ਬੇਰੁਜ਼ਗਾਰੀ ਨਾਲ ਨਜਿੱਠਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਰੁਜ਼ਗਾਰ ਪੈਦਾ ਕਰਨ ਦੀ ਟੇਕ ਉਹਨਾਂ ਕਾਰਪੋਰੇਟ ਘਰਾਣਿਆਂ 'ਤੇ ਹੀ ਹੈ ਤੇ ਹਰ ਇੱਕ ਨਵਾਂ ਮੁਲਾਜ਼ਮ ਰੱਖਣ ਲਈ ਉਹਨਾਂ ਨੂੰ ਰਿਆਇਤਾਂ ਦੇਣ ਦੀ ਸਕੀਮ ਹੈ ਹਾਲਾਂਕਿ ਕੰਪਨੀਆਂ ਆਪਣੇ ਮੁਨਾਫ਼ਿਆਂ ਦੇ ਹਿਸਾਬ ਸੋਚਦੀਆਂ ਹਨ ਤੇ ਉਹ ਘੱਟ ਤੋਂ ਘੱਟ ਕਾਮਿਆਂ ਨਾਲ ਕੰਮ ਚਲਾਉਂਦੀਆਂ ਹਨ। ਕਿਰਤ ਸ਼ਕਤੀ 'ਤੇ ਖਰਚਾ ਘਟਾਉਣਾ ਉਹਨਾਂ ਦਾ ਪਹਿਲਾ ਟੀਚਾ ਰਹਿੰਦਾ ਹੈ ਤੇ ਉਹਨਾਂ ਤੋਂ ਇਹ ਉਮੀਦ ਕਰਨੀ ਕਿ ਇਹ ਇਸ ਰਾਸ਼ੀ ਲਈ ਕਿਰਤੀਆਂ ਦੀ ਗਿਣਤੀ ਵਧਾਉਣਗੀਆਂ, ਇਹ ਗੈਰਦਿਆਨਦਾਰੀ 'ਚੋਂ ਉਪਜਦੀ ਸੋਚਣੀ ਹੈ। ਹਾਂ, ਕਾਗਜ਼ਾਂ 'ਚ ਜ਼ਰੂਰ ਇਹ ਗਿਣਤੀ ਵਧਾਈ ਜਾ ਸਕਦੀ ਹੈ ਤੇ ਇਸ ਰਿਆਇਤੀ ਰਾਸ਼ੀ ਦਾ ਲਾਹਾ ਲਿਆ ਜਾ ਸਕਦਾ ਹੈ। ਇਸ ਢੰਗ ਨਾਲ ਵੀ ਸਰਕਾਰੀ ਖ਼ਜ਼ਾਨਾ ਕਾਰਪੋਰੇਟ ਘਰਾਣਿਆਂ ਦੀ ਝੋਲੀ ਪੈ ਜਾਣਾ ਹੈ। ਅਸਲ ਅਰਥਾਂ 'ਚ ਰੁਜ਼ਗਾਰ ਪੈਦਾ ਕਰਨ ਲਈ ਇਸ ਵਿਕਾਸ ਮਾਡਲ ਨੂੰ ਰੱਦ ਕਰਨ ਤੇ ਮੁਲਕ ਦੇ ਸੋਮਿਆਂ ਆਧਾਰਿਤ ਸਵੈ-ਨਿਰਭਰ ਵਿਕਾਸ ਮਾਡਲ ਅਖ਼ਤਿਆਰ ਕਰਨ ਦੀ ਲੋੜ ਹੈ। ਬਰਾਮਦਾਂ ਆਧਾਰਿਤ ਪੈਦਾਵਾਰ ਦੀ ਪਹੁੰਚ ਨੂੰ ਰੱਦ ਕਰ ਕੇ ਘਰੇਲੂ ਮੰਡੀ ਦੀਆਂ ਲੋੜਾਂ ਅਨੁਸਾਰ ਪੈਦਾਵਾਰੀ ਅਮਲ ਵਿਉਂਤਣ ਦੀ ਲੋੜ ਹੈ ਜਿਸ ਵਿੱਚ ਖੇਤੀ ਖੇਤਰ ਨੂੰ ਆਧਾਰ ਬਣਾ ਕੇ ਚੱਲਣ ਤੇ ਮੁਲਕ ਨੂੰ ਰਾਸ ਬੈਠਦੀ ਔਸਤ ਤਕਨੀਕ ਅਨੁਸਾਰ ਸਨਅਤ ਦੀ ਉਸਾਰੀ ਕਰਨ ਦਾ ਰਾਹ ਅਖ਼ਤਿਆਰ ਕਰਨ ਦੀ ਲੋੜ ਹੈ। ਛੇਤੀ ਸੰਕਟ ਦਾ ਹੱਲ ਕਰ ਰਾਹੀਂ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੀ ਵਿਸ਼ਾਲ ਬਹੁ ਗਿਣਤੀ ਦੀ ਖਰੀਦ ਸ਼ਕਤੀ ਵਧਾਏ ਜਾਣ ਦੀ ਲੋੜ ਹੈ ਜਿਹੜੀ ਸਥਾਨਕ ਕੜੀਆਂ ਨਾਲ ਬੱਝੀ ਹੋਈ ਸਨਅਤ ਦੀ ਜਾਨਦਾਰ ਮੰਡੀ ਬਣਨ ਦੀ ਸਮਰਥਾ ਰੱਖਦੇ ਹਨ। ਸਮੁੱਚੇ ਤੌਰ 'ਤੇ ਇਹ ਬਦਲਵਾਂ ਮਾਡਲ ਸਾਮਰਾਜੀ ਮੁਲਕਾਂ, ਦੇਸੀ ਕਾਰਪੋਰੇਟ ਘਰਾਣਿਆਂ ਤੇ ਜਗੀਰਦਾਰਾਂ ਦੀ ਸਮੁੱਚੀ ਆਰਥਿਕਤਾ ਤੋਂ ਜਕੜ ਤੋੜ ਕੇ ਅਤੇ ਅਤੇ ਖੇਤੀ ਖੇਤਰ ਤੇ ਛੋਟੀ ਸਨਅਤ ਲਈ ਭਾਰੀ ਸਰਕਾਰੀ ਬਜਟ ਜੁਟਾ ਕੇ ਹੀ ਲਾਗੂ ਹੋ ਸਕਦਾ ਹੈ। ਇਹ ਮਹਿਜ਼ ਆਰਥਿਕ ਮਸਲਾ ਨਹੀਂ, ਇਹ ਸਿਆਸੀ ਪਹੁੰਚ ਦਾ ਸਵਾਲ ਹੈ ਅਤੇ ਰਾਜ ਚਲਾਉਣ ਵਾਲਿਆਂ ਦੀ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ।

# ਔਰਤਾਂ ਨਾਲ ਹੁੰਦੀ ਵਧੀਕੀ-ਦਰ-ਵਧੀਕੀ



ਲੇਖਕ : ਸ਼ਮੀਲਾ ਖ਼ਾਨ
ਫੋਨ: +91-99882-08123

ਮੁੰਬਈ ਦੀਆਂ ਕੁੜੀਆਂ ਨੇਹਾ ਠਾਕੁਰ ਅਤੇ ਤਮੰਨਾ ਮਿਸ਼ਰਾ ਨੇ ਅਨੋਖੇ ਪ੍ਰੋਜੈਕਟ 'ਤੇ ਕੰਮ ਸ਼ੁਰੂ ਕੀਤਾ। ਗਾਲ਼ਾਂ 'ਚ ਕਿਵੇਂ ਔਰਤ ਨਿਸ਼ਾਨਾ ਬਣਦੀ ਹੈ, ਇਸ ਭਾਵ ਨੂੰ ਲੈ ਕੇ ਇਨ੍ਹਾਂ ਕੁੜੀਆਂ ਨੇ ਗਾਲ਼ਾਂ ਦਾ ਲੰਮਾ ਚੌੜਾ ਸੰਗ੍ਰਹਿ ਤਿਆਰ ਕੀਤਾ ਹੈ। ਅੱਜ ਦੇ ਦੌਰ 'ਚ ਜਦ ਔਰਤ ਆਪਣੇ ਆਪ ਨੂੰ ਪੁਰਸ਼ ਦੇ ਮੇਚ ਦਾ ਹੀ ਨਹੀਂ ਬਲਕਿ ਸਮਾਜਿਕ ਕੱਦ ਕਾਠ 'ਚ ਰਤਾ ਉੱਚਾ ਹੀ ਸਮਝਦੀ ਹੈ ਤਾਂ ਗਾਲ਼ੀ ਗਲੋਚ ਦੀ ਭਾਸ਼ਾ 'ਚ ਉਸ ਨੂੰ ਬੌਣੇਪਣ ਦਾ ਅਹਿਸਾਸ ਕਰਾਇਆ ਜਾਂਦਾ ਹੈ। ਮੁੱਢ ਕਦੀਮ ਤੋਂ ਸਮਾਜ 'ਚ ਗਾਲ਼ਾਂ ਦੀ ਮੌਜੂਦਗੀ ਕਿਸੇ ਨਾ ਕਿਸੇ ਰੂਪ ਵਿਚ ਰਹੀ ਹੈ। ਲੋਕ ਸਾਹਿਤ 'ਚ ਪਹਿਲਾਂ ਕਦੇ ਗਾਲ਼ਾਂ ਦੀ ਹੁੱਬ ਨਹੀਂ ਪੈਂਦੀ ਸੀ। ਲੋਕ ਗੀਤਾਂ 'ਚ ਸਿੱਠਣੀਆਂ ਗਾਲ਼ਾਂ ਦਾ ਸੋਧਿਆ ਰੂਪ ਕਿਹਾ ਜਾ ਸਕਦਾ ਹੈ। ਵਿਆਹ ਸਾਹੇ 'ਤੇ ਸਿੱਠਣੀਆਂ ਮਨੋਰੰਜਨ ਵਾਲਾ ਰੰਗ ਭਰਦੀਆਂ ਸਨ ਜਿਨ੍ਹਾਂ 'ਚ ਸਮਾਜਿਕ ਸਦਭਾਵ ਭਾਰੂ ਹੁੰਦਾ ਸੀ। ਕਿਸੇ ਨੂੰ ਦੁੱਖ ਪਹੁੰਚਾਉਣ ਲਈ ਨਹੀਂ, ਅਪਣੱਤ ਦੇ ਭਾਵ 'ਚੋਂ ਹੇਕ ਲੱਗਦੀ ਸੀ। ਅਸਲ ਵਿਚ ਮਨੁੱਖ ਦੀ ਭਾਸ਼ਾ ਹੀ ਉਸ ਦਾ ਦਰਪਣ ਹੁੰਦੀ ਹੈ। ਇਸੇ ਦਰਪਣ 'ਚੋਂ ਮਨੁੱਖ ਦੀ ਮਾਨਸਿਕਤਾ ਦੀ ਅਜ਼ਮਾਇਸ਼ ਹੋ ਸਕਦੀ ਹੈ। ਇੰਝ ਕਿਉਂ ਹੁੰਦਾ ਹੈ ਕਿ ਜਦੋਂ ਦੋ ਆਦਮੀ ਆਪਸ 'ਚ ਗਾਲ਼ੀ ਗਲੋਚ 'ਤੇ ਉੱਤਰਦੇ ਹਨ ਤਾਂ ਗਾਲ਼ਾਂ ਦੀ ਭਾਸ਼ਾ 'ਚ ਫੱਟ ਔਰਤ ਦੇ ਹੀ ਲੱਗਦੇ ਨੇ? ਨਵਾਂ ਪੋਚ ਤਾਂ ਮਜ਼ੇ ਖ਼ਾਤਿਰ ਹੁਣ ਗਾਲ਼ਾਂ ਕੱਢਣ ਨੂੰ ਸਹਿਜ ਨਾਲ ਲੈਂਦਾ ਹੈ। ਗਾਲ਼ਾਂ 'ਚ ਕਿਸੇ ਦੀ ਮਾਂ, ਭੈਣ ਅਤੇ ਧੀ ਨਿਸ਼ਾਨਾ ਬਣਦੀ ਹੈ, ਉਹ ਵੀ ਬਿਨਾਂ ਕਸੂਰ ਤੋਂ। ਇੱਕ ਦੌਰ ਉਹ ਵੀ ਸੀ ਜਦੋਂ ਗਾਲ਼ਾਂ ਦੀ ਭਾਸ਼ਾ 'ਚ ਸੰਜਮ ਹੁੰਦਾ ਸੀ, ਕੋਈ ਚੋਭ ਨਹੀਂ ਸੀ ਹੁੰਦੀ। ਗਿੱਧੇ 'ਚ ਕੁੜੀਆਂ ਬੋਲੀ ਪਾਉਂਦੀਆਂ ਨੇ: ਜੈਤੋ ਦਾ ਕਿਲਾ ਟਪਾ'ਦੂੰ ਜੇ ਕੱਢੀ ਮਾਂ ਦੀ ਗਾਲ਼। ਅੰਦਾਜ਼ਾ ਲਾ ਲਓ, ਕਿਸੇ ਜ਼ਮਾਨੇ 'ਚ ਔਰਤ ਦੇ ਚਰਿੱਤਰ 'ਤੇ ਉਂਗਲ ਉਠਾਉਣ ਲਈ ਕੱਢੀ ਗਾਲ਼ ਦਾ ਖ਼ਮਿਆਜ਼ਾ ਕੀ ਹੁੰਦਾ ਸੀ। ਗਾਲ਼ਾਂ ਤੋਂ ਦਰਅਸਲ, ਕਿਸੇ ਸਮਾਜ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਦੂਜੇ ਨੂੰ ਨੀਵਾਂ ਦਿਖਾਉਣ ਅਤੇ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਗਾਲ਼ਾਂ ਦੀ ਵਰਤੋਂ ਹੁੰਦੀ ਹੈ। ਮਸਲਾ ਇਹ ਹੈ ਕਿ ਗਾਲ਼ ਦੇ ਕੇਂਦਰ ਬਿੰਦੂ 'ਚ ਔਰਤ ਕਿਉਂ? ਇਹ ਗਾਲ਼ੀ ਗਲੋਚ ਜਿਸ ਦੀਆਂ ਜੜ੍ਹਾਂ ਪਿੱਤਰੀਵਾਦੀ ਸੋਚ ਨਾਲ ਜੁੜੀਆਂ ਹੋਈਆਂ ਹਨ, ਦਾ ਸਬੰਧ ਔਰਤਾਂ ਦੀ ਹੀਣ ਭਾਵਨਾ ਅਤੇ ਜ਼ੁਲਮ ਨਾਲ ਹੈ। ਸਾਡੇ ਸਮਾਜ ਵਿਚ ਔਰਤ ਨੂੰ ਘਰ ਦੀ 'ਇੱਜ਼ਤ' ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਕੁਝ ਸੀਮਤ ਰਿਸ਼ਤਿਆਂ ਵਿਚ ਬੰਨ੍ਹ ਦਿੱਤਾ ਗਿਆ ਹੈ। ਉਹ ਮਨੁੱਖ ਹੋਣ ਦੀ ਥਾਂ ਮਾਂ, ਭੈਣ, ਧੀ, ਪਤਨੀ ਤੱਕ ਸੀਮਤ ਹੈ। ਮਰਦ ਔਰਤਾਂ ਦੇ ਚਰਿੱਤਰ ਅਤੇ ਉਨ੍ਹਾਂ ਦੇ ਸਰੀਰ ਨੂੰ ਆਪਣੀ ਜਾਇਦਾਦ ਸਮਝਦੇ ਹਨ ਜਿਸ ਨੂੰ ਸੰਭਾਲਣ ਅਤੇ ਉਸ ਅਨੁਸਾਰ ਸੁਰੱਖਿਅਤ ਕਰਨ ਦੀ ਲੋੜ ਹੈ। ਫਿਰ ਜੇ ਇਸ ਦੀ ਰਾਖੀ ਕਰਨੀ ਹੈ ਤਾਂ ਔਰਤਾਂ ਨੂੰ ਘਰ ਦੀਆਂ ਦੀਵਾਰਾਂ ਦੇ ਅੰਦਰ ਰੱਖਣ ਦੀ ਪਰੰਪਰਾ ਅਪਣਾਈ ਜਾਂਦੀ ਹੈ। ਇਹ ਸੋਚ ਇਸ ਵਿਚਾਰ ਨੂੰ ਜਨਮ ਦਿੰਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਬੇਇੱਜ਼ਤ ਜਾਂ ਤੰਗ ਕਰਨਾ ਚਾਹੁੰਦੇ ਹੋ ਤਾਂ ਉਸ ਦੇ ਘਰ ਦੀਆਂ ਔਰਤਾਂ ਨੂੰ ਗਾਲ਼ਾਂ ਕੱਢੋ ਅਤੇ ਉਨ੍ਹਾਂ ਦਾ ਅਪਮਾਨ ਕਰੋ। ਇਸੇ ਕਾਰਨ ਔਰਤਾਂ ਸ਼ੋਸ਼ਣ ਦਾ ਕੇਂਦਰ ਬਣ ਜਾਂਦੀਆਂ ਹਨ। ਔਰਤਾਂ ਦੇ ਅਧਿਐਨ ਦੀ ਮਾਹਿਰ ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਹੈਦਰਾਬਾਦ ਦੀ ਪ੍ਰੋਫੈਸਰ ਡਾ. ਲਕਸ਼ਮੀ ਲਿੰਗਮ ਦੱਸਦੇ ਹਨ- ਇਹ ਗਾਲ਼ਾਂ ਇਹ ਜ਼ਾਹਿਰ ਕਰਦੀਆਂ ਹਨ ਕਿ ਸਾਡਾ ਸਮਾਜ ਔਰਤਾਂ ਨਾਲ ਕਿਵੇਂ ਪੇਸ਼ ਆਉਂਦਾ ਰਿਹਾ ਹੈ। ਇਹ ਗਾਲਾਂ ਸ਼ੋਸ਼ਣ ਕਾਇਮ ਰੱਖਣ ਵਿਚ ਮਦਦ ਕਰਦੀਆਂ ਹਨ ਤੇ ਇਹ ਔਰਤਾਂ ਦੇ ਸਰੀਰ, ਉਨ੍ਹਾਂ ਦੀ ਲਿੰਗਕਤਾ, ਇੱਥੋਂ ਤੱਕ ਕਿ ਉਹਨਾਂ ਦੇ ਪ੍ਰਜਨਨ ਨੂੰ ਵੀ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਮਰਦ ਆਪਣੀ ਹਉਮੈ ਨੂੰ ਦੂਸਰਿਆਂ ਨੂੰ ਗਾਲ਼ਾਂ ਕੱਢ ਕੇ ਸੰਤੁਸ਼ਟ ਕਰਦੇ ਹਨ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਔਰਤਾਂ ਵੀ ਬਿਨਾਂ ਝਿਜਕ ਆਪਣੀਆਂ ਮਾਵਾਂ-ਭੈਣਾਂ ਨੂੰ ਗਾਲ਼ਾਂ ਕੱਢਦੀਆਂ ਹਨ। ਆਖ਼ਿਰ ਉਹ ਕਿਸ ਹਉਮੈ ਨੂੰ ਸੰਤੁਸ਼ਟ ਕਰਦੀਆਂ ਹਨ? ਅੱਜ ਦਾ ਸੋਸ਼ਲ ਮੀਡੀਆ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਰਿਹਾ। ਮਾੜੀ ਸ਼ਬਦਾਵਲੀ ਦੀ ਵਰਤੋਂ ਵੈਬ ਸੀਰੀਜ਼ ਵਿਚ ਆਮ ਹੋ ਰਹੀ ਹੈ। ਇਹਨਾਂ ਸੀਰੀਜ਼ ਵਿਚ ਗਾਲ਼ਾਂ ਆਸਾਨੀ ਨਾਲ ਵਰਤਾਈਆਂ ਜਾ ਰਹੀਆਂ ਹਨ। ਕੈਰੀ ਮਿਨਾਤੀ ਵਰਗੇ ਤਾਂ ਜਾਣਬੁੱਝ ਕੇ ਆਪਣੇ ਪ੍ਰੋਗਰਾਮਾਂ ਵਿਚ ਗਾਲ਼ਾਂ ਕੱਢਦੇ ਹਨ। ਫਿਰ ਅਜਿਹੇ ਵੀਡੀਓ ਵਾਇਰਲ ਵੀ ਹੋ ਜਾਂਦੇ ਹਨ। ਕੌਣ ਜਾਣਦਾ ਹੈ ਕਿ ਸੋਸ਼ਲ ਮੀਡੀਆ 'ਤੇ ਕਿੰਨੇ ਹੋਰ ਕੈਰੀ ਮਿਨਾਤੀ ਮੌਜੂਦ ਹਨ। ਸਮਝ ਨਹੀਂ ਆਉਂਦੀ, ਅਜਿਹੀਆਂ ਗਾਲ਼ਾਂ ਸੁਣ ਕੇ ਲੋਕ ਕਿਵੇਂ ਹੱਸ ਸਕਦੇ ਹਨ! ਬਹੁਤ ਸਾਰੇ ਲੋਕ ਇਸ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਗਾਲ਼ਾਂ ਵੀ ਪ੍ਰਗਟਾਵੇ ਦਾ ਮਾਧਿਅਮ ਹਨ। 'ਮਰਦ ਨੂੰ ਦਰਦ ਨਹੀਂ' ਅਤੇ 'ਤੂੰ ਕੁੜੀਆਂ ਵਾਂਗ ਕਿਉਂ ਰੋ ਰਹੀ ਹੈਂ' ਵਰਗੀਆਂ ਉਦਾਹਰਨਾਂ ਸਾਡੇ ਵਿਹਾਰ ਦਾ ਹਿੱਸਾ ਹਨ। ਜੇਕਰ ਕੋਈ ਚੀਜ਼ ਕਮਜ਼ੋਰ, ਨਰਮ ਅਤੇ ਛੋਟੀ ਹੈ ਤਾਂ ਉਹ ਇਸਤਰੀ ਲਿੰਗ ਦੀ ਸ਼੍ਰੇਣੀ ਵਿਚ ਆਉਂਦੀ ਹੈ। ਹੁਣ ਤੱਕ ਰਾਸ਼ਟਰਪਤੀ, ਪ੍ਰਧਾਨ ਮੰਤਰੀ ਵਰਗੇ ਸ਼ਬਦਾਂ ਦੇ ਬਰਾਬਰ ਕੋਈ ਇਸਤਰੀ ਜਾਂ ਲਿੰਗ ਨਿਰਪੱਖ ਸ਼ਬਦ ਦੀ ਖੋਜ ਨਹੀਂ ਹੋਈ ਹੈ। ਇਹ ਤਾਂ ਭਲਾ ਹੋਵੇ ਨਾਰੀਵਾਦੀ ਲਹਿਰਾਂ ਦਾ ਜਿਨ੍ਹਾਂ ਕਰ ਕੇ ਭਾਸ਼ਾ ਕੁਝ ਹੱਦ ਤੱਕ ਬਦਲੀ ਹੈ; ਉਦਾਹਰਨ ਵਜੋਂ ਅੰਗਰੇਜ਼ੀ ਵਿਚ ਚੇਅਰਮੈਨ ਦੀ ਥਾਂ ਚੇਅਰਪਰਸਨ ਵਰਗੇ ਸ਼ਬਦ ਪ੍ਰਚਲਿਤ ਹੋਏ ਹਨ। ਜੇਕਰ ਅਸੀਂ ਸਮਾਜ ਵਿਚ ਤਬਦੀਲੀ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਭਾਸ਼ਾ ਤੋਂ ਸ਼ੁਰੂਆਤ ਕਰਨੀ ਪਵੇਗੀ। ਸਿੱਠਣੀਆਂ ਨਾਲ ਵੀ ਮਨੁੱਖ ਦਾ ਅੰਦਰਲਾ ਹਲੂਣਿਆ ਜਾ ਸਕਦਾ ਹੈ। ਜਿਵੇਂ ਜਾਤੀਗਤ ਸ਼ਬਦ ਬੋਲਣ 'ਤੇ ਪਾਬੰਦੀ ਹੈ, ਉਸੇ ਤਰ੍ਹਾਂ ਔਰਤਾਂ ਵਿਰੋਧੀ ਗਾਲ਼ਾਂ 'ਤੇ ਵੀ ਸਮਾਜਿਕ ਸੈਂਸਰਸ਼ਿਪ ਹੋਣੀ ਚਾਹੀਦੀ ਹੈ ਅਤੇ ਕਾਨੂੰਨੀ ਸ਼ਿਕੰਜਾ ਵੀ। ਲੋੜ ਹੈ, ਅਸੀਂ ਆਪਣੀ ਭਾਸ਼ਾ ਸੁਧਾਰੀਏ ਅਤੇ ਭਵਿੱਖ ਸੁਧਾਰਨ ਲਈ ਆਪਣੀ ਭੂਮਿਕਾ ਨਿਭਾਈਏ।

## ਸੁਲਤਾਨ-ਉਲ-ਕੌਮ

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਲੇਖਕ : ਪ੍ਰੋ: ਕਿਰਪਾਲ ਸਿੰਘ



ਮਹਾਨ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਪੰਥ ਦੀ ਇਕ ਮਾਨਯੋਗ ਹਸਤੀ ਸੀ। ਉਹ ਆਹਲੂਵਾਲੀਆ ਮਿਸਲ ਦਾ ਸਰਦਾਰ ਤੇ ਇਕ ਵੱਡਾ ਯੋਧਾ ਸੀ। ਮੁੱਢ ਵਿਚ ਆਹਲੂਵਾਲੀਆ ਮਿਸਲ ਦਾ ਬਾਨੀ ਸ੍ਰ. ਬਾਘ ਸਿੰਘ ਸੀ। ਉਹ ਆਹਲੂ ਪਿੰਡ ਦਾ ਸਰਦਾਰ ਸੀ ਇਸ ਕਰਕੇ ਇਸ ਮਿਸਲ ਦਾ ਨਾਂ ਆਹਲੂਵਾਲੀਆ ਪੈ ਗਿਆ ਸੀ। ਬਾਘ ਸਿੰਘ ਦੇ ਸੰਤਾਨ ਨਾ ਹੋਣ ਕਰਕੇ ਇਸ ਮਿਸਲ ਦਾ ਮੁਖੀ ਉਸਦਾ ਭਾਣਜਾ ਜੱਸਾ ਸਿੰਘ ਬਣਿਆ।ਜੱਸਾ ਸਿੰਘ ਦਾ ਜਨਮ ਮਾਤਾ ਜੀਵਨ ਕੌਰ ਪਿਤਾ ਸ੍ਰ. ਬਦਰ ਸਿੰਘ ਦੇ ਘਰ 3 ਮਈ, 1718 ਈ: ਨੂੰ ਹੋਇਆ। 1723 ਵਿਚ ਬਦਰ ਸਿੰਘ ਦਾ ਅਕਾਲ ਚਲਾਣਾ ਹੋ ਗਿਆ। ਜੱਸਾ ਸਿੰਘ ਦੀ ਮਾਤਾ ਪੁੱਤਰ ਸਮੇਤ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਦਿੱਲੀ ਚਲੀ ਗਈ। ਉਹ ਮਾਤਾ ਜੀ ਨੂੰ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਾਉਂਦੀ ਸੀ ਅਤੇ ਬਾਲਕ ਜੱਸਾ ਸਿੰਘ ਉਨ੍ਹਾਂ ਦੇ ਨਾਲ-ਨਾਲ ਸ਼ਬਦ ਉਚਾਰਨ ਲੱਗੇ। ਇਸ ਤਰ੍ਹਾਂ ਜੱਸਾ ਸਿੰਘ ਨੂੰ ਮਾਤਾ ਸੁੰਦਰੀ ਜੀ ਦੀ ਛਤਰ ਛਾਇਆ ਹੇਠ ਰਹਿਣ ਦਾ ਮੌਕਾ, ਉਨ੍ਹਾਂ ਦਾ ਲਾਡ ਪਿਆਰ ਤੇ ਆਸ਼ੀਰਵਾਦ ਪ੍ਰਾਪਤ ਹੋਇਆ। 1729 ਵਿਚ ਬਾਘ ਸਿੰਘ ਦਿੱਲੀ ਗਏ ਉਹ ਮਾਤਾ ਸੁੰਦਰੀ ਜੀ ਤੋਂ ਆਗਿਆ ਲੈ ਕੇ ਭੈਣ ਤੇ ਭਾਣਜੇ ਨੂੰ ਆਪਣੇ ਨਾਲ ਲੈ ਆਏ। ਦਿੱਲੀ ਤੋਂ ਆ ਕੇ ਬਾਲਕ ਜੱਸਾ ਸਿੰਘ ਨਵਾਬ ਕਪੂਰ ਸਿੰਘ ਦੇ ਜੱਥੇ ਨਾਲ ਰਹਿਣ ਲੱਗ ਗਿਆ। ਉਸਨੇ ਸ਼ਸਤਰ ਵਿੱਦਿਆ ਵਿਚ ਪ੍ਰਵੀਨਤਾ ਹਾਸਲ ਕੀਤੀ। ਨਵਾਬ ਕਪੂਰ ਸਿੰਘ ਨੇ ਉਨ੍ਹਾਂ ਨੂੰ ਆਪਣਾ ਸਹਾਇਕ ਥਾਪ ਦਿੱਤਾ। ਕਈ ਜੰਗਾਂ ਵਿਚ ਕਪੂਰ ਸਿੰਘ ਦੇ ਨਾਲ ਰਹਿਣ ਕਰਕੇ ਯੁੱਧ ਵਿਦਿਆ ਵਿਚ ਨਿਪੁੰਨ ਹੋ ਗਿਆ ਸੀ ਅਤੇ ਉਨ੍ਹਾਂ ਦਾ ਮੈਦਾਨੇ-ਏ-ਜੰਗ ਵਿਚ ਕਰਤੱਵ ਦਿਖਾਉਣ ਲਈ ਦਿਲ ਖੁੱਲ੍ਹ ਗਿਆ ਸੀ। 1732 ਵਿਚ ਬਾਘ ਸਿੰਘ ਦੇ ਸ਼ਹੀਦ ਹੋ ਜਾਣ ਤੇ ਜੱਸਾ ਸਿੰਘ ਮਿਸਲ ਦਾ ਸਰਦਾਰ ਬਣ ਗਿਆ।ਸਰਦਾਰ ਜੱਸਾ ਸਿੰਘ ਬੜਾ ਬਹਾਦਰ ਤੇ ਦਾਨੀ ਸੀ। ਨਵਾਬ ਕਪੂਰ ਸਿੰਘ ਤੋਂ ਬਾਅਦ ਉਨ੍ਹਾਂ ਦਾ ਸਥਾਨ ਦੂਜੇ ਨੰਬਰ 'ਤੇ ਸਮਝਿਆ ਜਾਂਦਾ ਸੀ। ਨਵਾਬ ਕਪੂਰ ਸਿੰਘ ਦੇ ਹੱਥੋਂ ਉਨ੍ਹਾਂ ਨੇ ਅੰਮ੍ਰਿਤ ਛਕਿਆ ਸੀ।

1740 ਵਿਚ ਸ੍ਰ. ਜੱਸਾ ਸਿੰਘ ਨੇ ਨਾਦਰ ਸ਼ਾਹ ਤੋਂ ਲੁੱਟ ਦਾ ਮਾਲ ਖੋਹ ਲਿਆ ਤੇ ਸ਼ਾਹੀ ਖਜ਼ਾਨਾ ਲੁੱਟ ਲਿਆ। ਨਾਦਰ ਸ਼ਾਹ ਨੂੰ ਜਦੋਂ ਸਿੰਘਾਂ ਦੁਆਰਾ ਸ਼ਾਹੀ ਖਜ਼ਾਨਾ ਲੁੱਟਣ ਦੀ ਖ਼ਬਰ ਮਿਲੀ ਤਾਂ ਉਸਨੇ ਜ਼ਕਰੀਆ ਖਾਨ ਨੂੰ ਉਨ੍ਹਾਂ ਬਾਰੇ ਪੁੱਛਿਆ ਕਿ ਸ਼ੇਰ ਦੇ ਮੂੰਹ 'ਚੋਂ ਖੋਹਣ ਵਾਲੇ ਇਹ ਕੌਣ ਲੋਕ ਹਨ? ਜ਼ਕਰੀਆ ਖਾਨ ਨੇ ਉੱਤਰ ਦਿੱਤਾ "ਜਹਾਂ ਪਨਾਹ ਇਹ ਸਿੰਘ ਨਾਮ ਦਾ ਖ਼ਾਲਸਾ ਪੰਥ ਹੈ। ਇਨ੍ਹਾਂ ਦਾ ਪਿੰਡ ਦੇਸ਼, ਘਰ, ਘਾਟ, ਕਿਲ੍ਹਾ, ਕੋਟ ਕੋਈ ਨਹੀਂ। ਬਿਨਾਂ ਕੁਝ ਖਾਧੇ ਪੀਤੇ ਸੌ-ਸੌ ਕੋਹ ਤਕ ਰੋਜ਼ ਧਾਵੇ ਮਾਰਦੇ ਹਨ। ਘੋੜੇ ਦੀ ਪਿੱਠ ਹੀ ਪਲੰਘ ਹੈ, ਤੁਰਦੇ ਫਿਰਦੇ ਸੌਂ ਲੈਂਦੇ ਹਨ। ਨਾਦਰ ਸ਼ਾਹ ਨੇ ਹੈਰਾਨ ਹੋ ਕੇ ਆਖਿਆ ਜੇਕਰ ਇਹ ਕੌਮ ਠੀਕ ਐਸੀ ਹੀ ਹੈ ਜੈਸੀ ਤੂੰ ਆਖਦਾ ਹੈਂ ਤਾਂ ਅਸੀਂ ਇਨ੍ਹਾਂ ਦਾ ਕੀ ਖੋਹ ਸਕਦੇ ਹਾਂ? ਤੁਸੀਂ ਸੱਚ ਜਾਣੋ ਕਦੇ ਨਾ ਕਦੇ ਇਹ ਪੰਥ ਮੁਲਕ ਦਾ ਮਾਲਕ ਬਣ ਜਾਵੇਗਾ।" (ਤਵਾਰੀਖ ਗੁਰੂ ਖ਼ਾਲਸਾ)

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਿਚ ਪੰਥਕ ਭਾਵਨਾ ਬਹੁਤ ਡੂੰਘੀ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਪੰਥ ਨੇ ਕੁੜੀ ਮਾਰਨ ਦੇ ਦੋਸ਼ ਕਾਰਨ ਪੰਥ ਵਿੱਚੋਂ ਛੇਕਿਆ ਹੋਇਆ ਸੀ। 1748 ਈ: ਵਿੱਚ ਜਦੋਂ ਰਾਮ ਰੌਣੀ ਦੇ ਕਿਲ੍ਹੇ ਵਿਚ ਖ਼ਾਲਸਾ ਦਲ ਨੂੰ ਜਲੰਧਰ ਦੇ ਹਾਕਮ ਅਦੀਨਾ ਬੇਗ ਨੇ ਘੇਰਾ ਪਾਇਆ ਹੋਇਆ ਸੀ। ਉਦੋਂ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਦੇ ਮਨ ਵਿਚ ਸਿੱਖੀ ਜੋਸ਼ ਜਾਗਿਆ। ਉਹ ਖ਼ਾਲਸਾ ਦਲ ਨਾਲ ਮਿਲਣਾ ਚਾਹੁੰਦਾ ਸੀ। ਇਸ ਮੰਤਵ ਲਈ ਉਸਨੇ ਤੀਰ ਦੇ ਨਾਲ ਇਕ ਪੱਤਰ ਭੇਜਿਆ ਕਿ ਜੇ ਪੰਥ ਮੈਨੂੰ ਆਪਣੇ ਵਿਚ ਮਿਲਾ ਲਵੇ ਤਾਂ ਮੈਂ ਅਦੀਨਾ ਬੇਗ ਦਾ ਸਾਥ ਛੱਡ ਕੇ ਆਉਣ ਨੂੰ ਤਿਆਰ ਹਾਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਹੋਰ ਸਰਦਾਰਾਂ ਨੇ ਸਲਾਹ ਕਰ ਕੇ ਉਸਨੂੰ ਮਿਲਾਉਣ ਦਾ ਫ਼ੈਸਲਾ ਕਰ ਲਿਆ ਤੇ ਸੱਦਾ ਭੇਜ ਦਿੱਤਾ। ਇਸ ਤਰ੍ਹਾਂ ਸ੍ਰ: ਜੱਸਾ ਸਿੰਘ ਆਹਲੂਵਾਲੀਏ ਵਿਚ ਭਰਾਵਾਂ ਨੂੰ ਮਾਫ਼ ਕਰਨ ਦੀ ਪੰਥ ਵਿਚ ਏਕਤਾ ਰੱਖਣ ਦੀ ਦਿਲੀ ਖ਼ਾਹਿਸ਼ ਸੀ। ਉਨ੍ਹਾਂ ਦੀ ਇਹ ਪੰਥ ਵਿਚ ਏਕਤਾ ਰੱਖਣ ਦੀ ਬਿਰਤੀ ਪੰਥਕ ਆਗੂਆਂ ਲਈ ਇਕ ਕੀਮਤੀ ਸਿੱਖਿਆ ਹੈ। ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦੇ ਹੋਏ ਸਾਡੇ ਆਗੂਆਂ ਨੂੰ ਅੱਜ ਵੀ ਪੰਥ ਵਿਚ ਏਕਤਾ ਬਣਾਈ ਰੱਖਣ ਵਾਲੀ ਸੋਚ ਰੱਖਣੀ ਚਾਹੀਦੀ ਹੈ।

ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਨੇਕ ਮੁਸੀਬਤਾਂ ਦਾ ਸਾਹਮਣਾ ਦਲੇਰੀ ਨਾਲ ਕੀਤਾ। ਮਈ 1746 ਈ: ਵਿਚ ਦੀਵਾਨ ਲੱਖਪੱਤ ਰਾਇ ਨੇ ਆਪਣੇ ਭਰਾ ਜੱਸਪੱਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ ਦੇ ਸੂਬੇ ਬਿਜੈ ਖਾਂ ਤੋਂ ਆਗਿਆ ਲੈ ਲਈ ਅਤੇ ਭਾਰੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਨੀਅਤ ਨਾਲ ਚੜ੍ਹ ਆਇਆ। ਉਸਨੇ ਢੋਲ-ਨਗਾਰੇ ਵਜਾਕੇ ਪੰਜਾਬ ਦੇ ਸਾਰੇ ਮੁਸਲਮਾਨ ਇਕੱਠੇ ਕਰ ਲਏ। ਸਿੰਘ ਗੁਰਮੱਤਾ ਕਰ ਕੇ ਕਾਹਨੂੰਵਾਨ ਦੇ ਛੰਭ ਵਿਚ ਜਾ ਵੜੇ। ਲੱਖਪੱਤ ਰਾਇ ਨੇ ਉਸ ਜੰਗਲ ਨੂੰ ਹੀ ਘੇਰਾ ਪਾ ਲਿਆ ਅਤੇ ਅੱਗ ਲਗਵਾ ਦਿੱਤੀ। ਸਿੰਘ ਉੱਥੋਂ ਨਿਕਲ ਕੇ ਪਹਾੜਾਂ ਵੱਲ ਨੂੰ ਤੁਰ ਪਏ। ਅੱਗੋਂ ਪਹਾੜੀਆਂ ਨੇ ਰਾਹ ਰੋਕ ਲਿਆ। ਹੁਣ ਸਿੰਘਾਂ ਨੇ ਸੋਚਿਆ ਕਿ ਇਕੋ ਵਾਰ ਹੱਲਾ ਕਰਕੇ ਦੁਆਬੇ ਵੱਲ ਨਿਕਲ ਚਲੋਂ ਤੇ ਖਿੰਡ ਜਾਵੋ। ਇਸ ਤਰ੍ਹਾਂ ਸਿੰਘਾਂ ਨੇ ਲੱਖਪੱਤ ਰਾਏ ਦੀ ਫ਼ੌਜ ਵੱਲ ਇਕ ਜ਼ੋਰਦਾਰ ਹੱਲਾ ਕੀਤਾ ਅਤੇ ਫ਼ੌਜ ਦੀਆਂ ਸਫਾਂ ਨੂੰ ਚੀਰਦੇ ਹੋਏ ਲੰਘ ਗਏ। ਪਰ ਅੱਗੇ ਰਾਵੀ ਭਰੀ ਵਗਦੀ ਸੀ। ਪਾਣੀ ਬੜਾ ਡੂੰਘਾ ਸੀ। ਇਸ ਵਿੱਚੋਂ ਤਾਂ ਘੋੜੇ ਵੀ ਪਾਰ ਨਹੀਂ ਹੋ ਸਕਦੇ ਸੀ।

ਸੋ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਰਦਾਰਾਂ ਨੇ ਫ਼ੈਸਲਾ ਕੀਤਾ ਕਿ ਡੁੱਬਕੇ ਮਰਨ ਨਾਲੋਂ ਤਾਂ ਲੜਕੇ ਮਰਨਾ ਹੀ ਚੰਗਾ ਹੈ। ਉਸ ਸਮੇਂ ਸਭ ਪਿੱਛੇ ਮੁੜਕੇ ਵੈਰੀ ਦਲ 'ਤੇ ਜਾ ਪਏ। ਇਸ ਜੰਗ ਵਿਚ ਜਸਪੱਤ ਰਾਏ ਦਾ ਬੇਟਾ ਹਾਰ ਕੇ ਭੱਜ ਗਿਆ, ਬਿਜੈ ਖਾਂ ਦਾ ਬੇਟਾ ਨਾਹਰ ਖਾਂ ਅਤੇ ਸੈਫ ਅਲੀ ਖਾਂ ਫ਼ੌਜਦਾਰ ਮਾਰੇ ਗਏ। ਸਿੰਘਾਂ ਦਾ ਵੀ ਬਹੁਤ ਨੁਕਸਾਨ ਹੋਇਆ। ਲੜਦਿਆਂ ਨੂੰ ਰਾਤ ਪੈ ਗਈ। ਮੁਸਲਮਾਨੀ ਲਸ਼ਕਰ ਤਾਂ ਬੇਖਟਕ ਹੋ ਕੇ ਸੌਂ ਗਿਆ ਪਰ ਸਿੰਘ ਸਲਾਹਾਂ ਕਰਦੇ ਰਹੇ। ਉਨ੍ਹਾਂ ਨੇ ਪੰਜ-ਛੇ ਘੜੀ ਰਾਤ ਰਹਿੰਦੇ ਫੇਰ ਸੁੱਤੇ ਪਏ ਮੁਸਲਮਾਨੀ ਲਸ਼ਕਰ 'ਤੇ ਹਮਲਾ ਕਰ ਦਿੱਤਾ। ਬੇਸ਼ੁਮਾਰ ਦੁਸ਼ਮਣ ਨੂੰ ਕੱਟ-ਵੱਢ, ਘੋੜੇ ਬਸਤਰ-ਸ਼ਸਤਰ ਲੈ ਕੇ ਮੁੜ ਆਏ ਅਤੇ ਸਵੇਰ ਨੂੰ ਰਾਵੀ ਟੱਪ ਦੁਆਬੇ ਵੱਲ ਹੋ ਤੁਰੇ। ਇਸ ਦਿਨ ਤਿੰਨ ਪਹਿਰ ਤੋਂ ਘੇਰੇ ਵਿਚ ਫਸੇ ਸਿੰਘਾਂ ਨਾਲ ਕਹਿਰ ਦਾ ਜੰਗ ਹੋਇਆ। ਇਸ ਵਿਚ ਅਨੇਕਾਂ ਸਿੰਘ ਸ਼ਹੀਦ ਹੋਏ। ਇਸ ਲਈ ਸਿੱਖ ਇਤਿਹਾਸ ਵਿਚ ਇਸ ਨੂੰ 1746 ਈ: ਦਾ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1749 ਈ: ਵਿਚ ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਨੂੰ ਮੁਲਤਾਨ ਦੀ ਮੁਹਿੰਮ 'ਤੇ ਭੇਜਿਆ। ਉਸ ਕੋਲ ਫ਼ੌਜ ਥੋੜ੍ਹੀ ਸੀ ਜਿਸ ਕਰਕੇ ਉਹ ਮੁਲਤਾਨ ਨੂੰ ਸਰ ਨਹੀਂ ਸੀ ਕਰ ਸਕਦਾ। ਦੀਵਾਨ ਕੌੜਾ ਮੱਲ ਦੇ ਦੀਵਾਨ ਨੌਨੀਤ ਰਾਇ ਨੇ ਸਲਾਹ ਦਿੱਤੀ ਕਿ ਤੁਸੀਂ ਸਿੰਘਾਂ ਤੋਂ ਸਹਾਇਤਾ ਦੀ ਮੰਗ ਕਰੋ। ਉਸਦੀ ਸਲਾਹ ਮੰਨਕੇ ਦੀਵਾਨ ਕੌੜਾ ਮੱਲ ਨੇ ਆਪਣੇ ਪ੍ਰਤੀਨਿਧੀ ਭੇਜਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸੇ ਨੂੰ ਬੇਨਤੀ ਕੀਤੀ। ਦੀਵਾਨ ਕੌੜਾ ਮੱਲ ਖ਼ਾਲਸੇ ਨਾਲ ਸਾਂਝ ਰੱਖਦਾ ਸੀ। ਇਸ ਲਈ ਸਿੰਘਾਂ ਨੇ ਉਸਦੀ ਸਹਾਇਤਾ ਲਈ ਸਹਿਮਤੀ ਦੇ ਦਿੱਤੀ। ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਦਸ ਹਜ਼ਾਰ ਦੇ ਲਗਪਗ ਸਿੰਘ ਮੁਲਤਾਨ ਦੀ ਲੜਾਈ ਵਿਚ ਸ਼ਾਮਲ ਹੋਇਆ। ਸਿੰਘਾਂ ਦੀ ਬਹਾਦਰੀ ਸਦਕਾ ਦੀਵਾਨ ਕੌੜਾ ਮੱਲ ਦੀ ਜਿੱਤ ਹੋਈ ਅਤੇ ਮੁਲਤਾਨ ਦਾ ਹਾਕਮ ਸ਼ਾਹ ਨਿਵਾਜ਼ ਖਾਨ ਸਰਦਾਰ ਦੀਪ ਸਿੰਘ ਦੇ ਹੱਥੋਂ ਮਾਰਿਆ ਗਿਆ। ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਨੂੰ 'ਮਹਾਰਾਜ ਬਹਾਦੁਰ' ਦਾ ਖ਼ਿਤਾਬ ਦਿੱਤਾ ਅਤੇ ਮੁਲਤਾਨ ਠੱਟਾ ਆਦਿ ਦਾ ਸੂਬੇਦਾਰ ਮੁਕਰਰ ਕਰ ਦਿੱਤਾ। ਇਸ ਜਿੱਤ ਦੀ ਖ਼ੁਸ਼ੀ ਵਿਚ ਦੀਵਾਨ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਿਆ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਭੇਟਾ ਕੀਤਾ। ਇਸ ਧਨ ਨਾਲ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ ਅਤੇ ਕਈ ਸਾਲਾਂ ਤੋਂ ਬਾਅਦ ਸਿੰਘਾਂ ਨੇ ਦੀਵਾਲੀ ਦਾ ਤਿਉਹਾਰ ਇਥੇ ਮਨਾਇਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ 1752 ਈ: ਵਿਚ ਸ੍ਰੀ ਅਨੰਦਪੁਰ ਸਾਹਿਬ ਠਹਿਰਿਆ ਹੋਇਆ ਸੀ। ਇਸ ਵੇਲੇ ਮੀਰ ਮਨੂੰ ਦਾ ਇਕ ਕਾਰਦਾਰ ਪਹਾੜੀ ਰਾਜਿਆਂ ਤੋਂ ਖਰਾਜ ਲੈਣ ਆਇਆ। ਉਸ ਤੋਂ ਤੰਗ ਆ ਕੇ ਕਟੋਚ, ਹਰੀਪੁਰ ਆਦਿ ਦੇ ਰਾਜਿਆਂ ਨੇ ਏਲਚੀ ਭੇਜਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਸਹਾਇਤਾ ਮੰਗੀ। ਨਦੌਣ ਦੇ ਅਸਥਾਨ ਉੱਤੇ ਪਹਾੜੀਆਂ ਅਤੇ ਸਿੰਘਾਂ ਦੀ ਕਾਰਦਾਰ ਨੇ ਲਸ਼ਕਰ ਨਾਲ ਲੜਾਈ ਹੋਈ। ਇਸ ਲੜਾਈ ਵਿਚ ਕਾਰਦਾਰ ਮਾਰਿਆ ਗਿਆ। ਪਹਾੜੀ ਰਾਜਿਆਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸ਼ੁਕਰਾਨੇ ਅਤੇ ਨਜ਼ਰਾਨੇ ਦੇ ਕੇ ਵਿਦਾ ਕੀਤਾ।

ਨਵਾਬ ਕਪੂਰ ਸਿੰਘ ਬੁੱਢਾ ਦਲ ਦੇ ਜਥੇਦਾਰ ਅਤੇ ਸਮੁੱਚੇ ਦਲ ਖ਼ਾਲਸਾ ਦੇ ਮੋਹਰੀ ਸਨ।

7 ਅਕਤੂਬਰ, 1753 ਅੱਸੂ ਸੁਦੀ 10 ਸੰਮਤ 1810 ਨੂੰ ਨਵਾਬ ਕਪੂਰ ਸਿੰਘ ਬੰਦੂਕ ਦੇ ਇਕ ਜ਼ਖ਼ਮ ਦੇ ਵਿਗੜ ਜਾਣ ਕਰਕੇ ਚਲਾਣਾ ਕਰ ਗਏ। ਉਨ੍ਹਾਂ ਨੇ ਇਕ ਦਿਨ ਪਹਿਲਾਂ 6 ਅਕਤੂਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਫੌਲਾਦੀ ਚੋਬ ਸ੍ਰ: ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪ ਦਿੱਤੀ ਅਤੇ ਖ਼ਾਲਸੇ ਦੀ ਸੇਵਾ ਕਰਨ ਲਈ ਬਚਨ ਕੀਤਾ। ਨਵਾਬ ਸਾਹਿਬ ਦੀ ਸਮਾਧ ਬਾਬਾ ਅਟਲ ਰਾਏ ਜੀ ਦੇ ਦੇਹੁਰੇ ਦੇ ਪੂਰਬੀ ਦਰਵਾਜ਼ੇ ਕੋਲ ਬਣਾਈ ਗਈ। ਡਾ. ਗੰਡਾ ਸਿੰਘ ਅਨੁਸਾਰ 1923 ਤਕ ਇਹ ਯਾਦਗਾਰ ਕਾਇਮ ਰਹੀ ਪਰ ਅਕਾਲੀ ਦਲ ਦੇ ਪ੍ਰਬੰਧ ਅਧੀਨ ਪ੍ਰਕਰਮਾ ਨੂੰ ਚੌੜੀ ਕਰਨ ਹਿੱਤ ਇਸ ਨੂੰ ਢਾਹ ਦਿੱਤਾ ਗਿਆ ਸੀ।

ਅਗਲੇ ਸਾਲ ਵਿਸਾਖੀ ਦੇ ਮੌਕੇ 10 ਅਪ੍ਰੈਲ 1754 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਰਬੱਤ ਖ਼ਾਲਸਾ ਦਾ ਦੀਵਾਨ ਸਜਾਇਆ ਗਿਆ। ਇਸ ਵਿਚ ਸਰਬਤ ਸੰਗਤ ਨੇ ਨਵਾਬ ਕਪੂਰ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਇਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਹਰ ਪੱਖੋਂ ਯੋਗ ਸਮਝਕੇ ਖ਼ਾਲਸੇ ਦਾ ਜਥੇਦਾਰ ਥਾਪਿਆ ਗਿਆ। ਡਾ. ਗੰਡਾ ਸਿੰਘ ਅਨੁਸਾਰ ਨਵਾਬ ਕਪੂਰ ਸਿੰਘ ਵਾਲਾ 'ਨਵਾਬ' ਦਾ ਖ਼ਿਤਾਬ ਵੀ ਉਨ੍ਹਾਂ ਨੂੰ ਦਿੱਤਾ ਗਿਆ। ਇਸ ਤਰ੍ਹਾਂ 10 ਅਪ੍ਰੈਲ, 1754 ਨੂੰ ਸਿੱਖ ਪੰਥ ਵਲੋਂ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖ਼ਾਲਸਾ ਦਾ ਪ੍ਰਮੁੱਖ ਥਾਪਿਆ ਗਿਆ।

ਇਸ ਤੋਂ ਬਾਅਦ ਜਸਪਤ ਰਾਇ, ਅਦੀਨਾ ਬੇਗ, ਨਾਸਰ ਅਲੀ ਖਾਂ ਆਦਿ ਮੁਗਲ ਹਾਕਮਾਂ ਨਾਲ ਕਈ ਜੰਗਾਂ ਕੀਤੀਆਂ। ਉਸਨੇ ਪੰਜਾਬ ਦੇ ਕਈ ਇਲਾਕਿਆਂ ਫਤਿਹਾਬਾਦ, ਜਗਰਾਉਂ, ਮੁੱਲਾਂ ਵਾਲਾ, ਮਖੂ, ਕੋਟ ਈਸੇ ਖਾਂ ਆਦਿ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। 1760 ਈ: ਵਿਚ ਅਹਿਮਦ ਸ਼ਾਹ ਦੇ ਸੱਤਵੇਂ ਹਮਲੇ ਸਮੇਂ ਦੁਰਾਨੀ ਬਹੁਤ ਸਾਰੇ ਹਿੰਦੁਸਤਾਨੀ ਮਰਦ-ਔਰਤਾਂ, ਲੜਕੇ-ਲੜਕੀਆਂ ਨੂੰ ਬੰਦੀ ਬਣਾ ਕੇ ਕਾਬਲ ਲਿਜਾ ਰਹੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੇ ਗੋਇੰਦਵਾਲ ਤੋਂ ਬਿਆਸਾ ਟੱਪਦੇ ਹੋਏ ਦੁਰਾਨੀਆਂ ਨੂੰ ਜਾ ਦਬਾਇਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2200 ਹਿੰਦੂ ਨੌਜਵਾਨ ਲੜਕੀਆਂ ਨੂੰ ਛੁਡਵਾ ਕੇ ਘਰੋ-ਘਰੀ ਭਿਜਵਾ ਦਿੱਤਾ। ਇਸ ਪਰਉਪਕਾਰ ਨਾਲ ਉਨ੍ਹਾਂ ਦੇ ਜੱਸ ਵਿਚ ਬਹੁਤ ਵਾਧਾ ਹੋਇਆ। 1761 ਵਿਚ ਦਲ ਖ਼ਾਲਸਾ ਨਾਲ ਮਿਲਕੇ ਅਹਿਮਦਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖਾਨ ਨੂੰ ਸ਼ਿਕਸਤ ਦਿੱਤੀ ਤੇ ਲਾਹੌਰ ਉਤੇ ਕਬਜ਼ਾ ਕਰ ਲਿਆ। ਦੁਰਾਨੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚੋਂ ਵੀ ਕੱਢ ਦਿਤਾ ਗਿਆ। ਪੰਥ ਵਲੋਂ ਉਨ੍ਹਾਂ ਨੂੰ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿੱਤਾ ਗਿਆ। ਅੱਜ ਤੀਕ ਖ਼ਾਲਸਾ ਪੰਥ ਵਿਚ ਇਹ ਖ਼ਿਤਾਬ ਹਾਸਲ ਕਰਨ ਵਾਲਾ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਪਹਿਲਾ ਅਤੇ ਆਖਰੀ ਇਕੋ ਇਕ ਸਿੱਖ ਸਰਦਾਰ ਹੈ। 1762 ਵਿਚ ਜ਼ਿਲ੍ਹਾ ਸੰਗਰੂਰ ਦੇ ਪਿੰਡ ਰਹੀੜਾ (ਕੁਪ ਰਹੀੜਾ) ਕੁਤਬਾ ਬਾਹਮਣੀਆਂ ਅਤੇ ਗਹਿਲ ਤਿੰਨ ਸਥਾਨਾਂ ਉੱਤੇ ਖ਼ਾਲਸਾ ਦਲ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਭਾਰੀ ਜੰਗ ਹੋਈ। ਇਸ ਵਿਚ ਲਗਪਗ 30 ਹਜ਼ਾਰ ਸਿੰਘ ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਉਸ ਸਮੇਂ ਦਲ ਖ਼ਾਲਸਾ ਦੀ ਅਗਵਾਈ ਕਰ ਰਹੇ ਸਨ। ਅਬਦਾਲੀ ਦੀਆਂ ਫ਼ੌਜਾਂ ਨਾਲ ਨਵਾਬ ਮਲੇਰਕੋਟਲਾ, ਸੂਬਾ ਸਰਹੰਦ ਨਵਾਬ ਰਾਏਕੋਟ ਅਤੇ ਲੁਧਿਆਣਾ ਤੋਂ ਫ਼ੌਜਾਂ ਜਾ ਸ਼ਾਮਲ ਹੋਈਆਂ। ਇਨ੍ਹਾਂ ਜਰਵਾਣਿਆਂ ਦੀਆਂ ਫ਼ੌਜਾਂ ਅਤੇ ਘੋੜਿਆਂ ਆਦਿ ਦੀ ਖਾਦ ਖੁਰਾਕ ਦਾ ਪ੍ਰਬੰਧ ਫੂਲਕੀਆ ਮਿਸਲ ਦੇ ਮੁਖੀ ਰਿਆਸਤ ਪਟਿਆਲਾ ਵਾਲਿਆਂ ਨੇ ਕੀਤਾ। ਗਹਿਗਚ ਦੀ ਲੜਾਈ ਦੌਰਾਨ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਇਕ ਵਾਰੀ ਅਹਿਮਦਸ਼ਾਹ ਦੇ ਸਾਹਮਣੇ ਹੋ ਕੇ ਦੋ-ਦੋ ਹੱਥ ਕਰਨ ਲਈ ਵੰਗਾਰਿਆ, ਪਰ ਅਹਿਮਦਸ਼ਾਹ ਦਾ ਹੌਂਸਲਾ ਨਾ ਪਿਆ। ਇਸ ਜੰਗ ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੇ ਪਿੰਡੇ ਤੇ 64 ਜ਼ਖ਼ਮ ਲੱਗੇ ਸਨ ਪ੍ਰੰਤੂ ਜਿੱਤ ਖ਼ਾਲਸਾ ਪੰਥ ਦੀ ਹੋਈ ਅਤੇ ਜਰਵਾਣਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇੱਕੋ ਦਿਨ ਵਿਚ ਏਨਾ ਵੱਡਾ ਨੁਕਸਾਨ ਦੁਨੀਆ ਦੀ ਕਿਸੇ ਵੀ ਜੰਗ ਵਿਚ ਨਹੀਂ ਹੋਇਆ ਸਗੋਂ ਅਸਚਰਜਤਾ ਦੀ ਗੱਲ ਹੈ ਕਿ ਏਨੇ ਵੱਡੇ ਨੁਕਸਾਨ ਉਪਰੰਤ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਦਲ ਖ਼ਾਲਸਾ ਨੇ ਜਰਵਾਣਿਆਂ ਉਤੇ ਮੋੜਵਾਂ ਹਮਲਾ ਕਰ ਦਿੱਤਾ ਅਤੇ ਦੁਸ਼ਮਣ ਨੂੰ ਭਾਂਜ ਦਿਤੀ। ਇਹ ਮਿਸਾਲ ਦੁਨੀਆ ਦੇ ਜੰਗਾਂ ਯੁੱਧਾਂ ਦੇ ਇਤਿਹਾਸ ਵਿਚ ਆਪਣੇ ਆਪ ਵਿਚ ਬਿਲਕੁਲ ਨਿਵੇਕਲੀ ਹੈ। ਇਹ ਜੰਗ 5 ਫਰਵਰੀ, 1762 ਨੂੰ ਹੋਇਆ। ਇਸ ਨੂੰ ਸਿੱਖ ਇਤਿਹਾਸ ਵਿਚ ਵੱਡੇ ਘਲੂਘਾਰੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਦਲ ਖ਼ਾਲਸਾ ਨੇ ਜ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ 7 ਅਪ੍ਰੈਲ 1763 ਨੂੰ ਦਿੱਲੀ ਉਤੇ ਹਮਲਾ ਕੀਤਾ ਅਤੇ ਦਿੱਲੀ ਫ਼ਤਹਿ ਕੀਤੀ। 5 ਫਰਵਰੀ, 1762 ਨੂੰ ਵੱਡੇ ਘਲੂਘਾਰੇ ਵਿੱਚ ਇਤਨੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਾਅਦ 7 ਅਪ੍ਰੈਲ, 1763 ਨੂੰ ਦਿੱਲੀ ਨੂੰ ਫਤਹਿ ਕਰ ਲੈਣਾ। ਜੰਗਾਂ-ਯੁੱਧਾਂ ਦੇ ਇਤਿਹਾਸ ਵਿੱਚ ਇੱਕ ਬੜੀ ਹੀ ਅਸਚਰਜਤਾ ਵਾਲੀ ਗੱਲ ਸੀ। ਇਸ ਸਮੇਂ ਜ: ਜੱਸਾ ਸਿੰਘ ਰਾਮਗੜ੍ਹੀਆ ਅਤੇ ਜ: ਬਘੇਲ ਸਿੰਘ ਵੀ ਉਨ੍ਹਾਂ ਨਾਲ ਸ਼ਾਮਲ ਸਨ। ਸੰਨ 1764 ਵਿਚ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹੰਦ ਫਤਹਿ ਕੀਤੀ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਉਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਉਸਾਰੀ ਕਰਵਾਈ। ਮੋਰਿੰਡਾ ਅਤੇ ਮਲੇਰਕੋਟਲਾ ਫਤਹਿ ਕਰਕੇ ਜਰਵਾਣਿਆਂ ਨੂੰ ਬੀਤੇ ਵਿੱਚ ਕੀਤੇ ਦੀ ਸਜਾ ਦੇਕੇ ਹਿਸਾਬ-ਕਿਤਾਬ ਚੁਕਤਾ ਕੀਤਾ।

☛ ਬਾਕੀ ਅਗਲੇ ਸਫ਼ੇ 'ਤੇ




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਸੋ ਉਹਨੇ ਏਸ ਕੰਮ ਵਾਸਤੇ ਸਾਰਾ ਬਲ ਲਾ ਦੇਣ ਦਾ ਫ਼ੈਸਲਾ ਕਰ ਲਿਆ। ਇਲਾਕੇ ਵਿਚ ਨਵੇਂ ਉਤਸ਼ਾਹ ਨਾਲ ਗਸ਼ਤੀ ਫੌਜਾਂ ਦੀ ਚੜਾਈ ਹੋਈ। ਸਿੰਘ ਸਮਾਂ ਵਿਚਾਰ ਕੇ ਮਾਲਵੇ ਨੂੰ ਨਿਕਲ ਗਏ ਤੇ ਕੁਛ ਪਹਾੜਾਂ ਉਤੇ ਜਾ ਚੜੇ ਜਾਂ ਜੰਗਲਾਂ ਵਿਚ ਲੁਕ ਗਏ।

## ਗੁਰਬਖ਼ਸ਼ ਸਿੰਘ ਦੀ ਸ਼ਹੀਦੀ

ਜਹਾਨ ਖ਼ਾਂ ਆਪ ਫ਼ੌਜਾਂ ਲੈ ਕੇ ਅੰਮ੍ਰਿਤਸਰ 'ਤੇ ਚੜ ਆਇਆ। ਉਸ ਵੇਲੇ ਓਥੇ ਬਾਬਾਗੁਰਬਖ਼ਸ਼ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਿਹਾ ਸੀ। ਉਹ ਪਿੰਡ 'ਲੀਲ' ਤਸੀਲ ਕਸੂਰ ਦਾ ਸੀ। ਉਹਨੇ ਭਾਈ ਮੰਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ।ਉਹ ਬੜਾ ਭਜਨੀਕ-ਸੰਤ ਰੂਪ-ਨਿਹੰਗ ਸਿੰਘ ਸੀ। ਉਹ ਹਰ ਵੇਲੇ ਨੀਲੇ ਬਸਤਰ ਪਹਿਨਿਆ ਕਰਦਾ ਸੀ। ਬਾਕੀ ਸਿੰਘ ਤਾਂ ਜੰਗਲਾਂ ਨੂੰ ਨੱਸ ਗਏ, ਪਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਗਿਣਤੀ ਦੇ ਸਾਥੀਆਂ ਸਣੇ-ਸ਼ਹੀਦੀ

ਗਾਂਨੇ ਸਜਾ ਕੇ-ਅਕਾਲ ਤਖਤ 'ਤੇ ਡਟਿਆ ਰਿਹਾ। ਜਹਾਨ ਖ਼ਾਂ ਨੇ ਹਮਲਾ ਕੀਤਾ, ਤਾਂ ਬਾਬਾ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਏ। ਉਹਨਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ

## ਜਹਾਨ ਖ਼ਾਂ ਨੇ ਅੰਮ੍ਰਿਤਸਰ ਬੇਅਦਬੀ ਕੀਤੀ

ਜਹਾਨ ਖਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ।ਉਹਨੇ ਓਥੋਂ ਦੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਸਿੱਖਾਂ ਦਾ ਬਣਾਇਆ ਕਿਲਾ ਰਾਮਗੜ ਢਾਹ ਦਿੱਤਾ ਗਿਆ। ਉਹਦੇ ਵਿਚਲੇ ਕੁਛ ਸਿੱਖ ਸ਼ਹੀਦ ਕਰ ਦਿੱਤੇ ਗਏ। ਅੰਮ੍ਰਿਤਸਰ ਦੀ ਵਸੋਂ ਬੁਰੀ ਤਰਾਂ ਲੁੱਟੀ ਤੇ ਉਸ ਉੱਤੇ-ਨਾ ਕਹੇ ਜਾਣ ਵਾਲੇ-ਜ਼ੁਲਮ ਕੀਤੇ।

## ਬਾਬਾ ਦੀਪ ਸਿੰਘ ਦੀਤਲਵੰਡੀ ਤੋਂ ਤਿਆਰੀ

ਬੈਠੀ ਸੀ। ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣੀ, ਤਾਂ ਉਸ ਸੰਤ ਸਿਪਾਹੀ ਨੇ ਕਲਮ ਰਖ ਦਿੱਤੀ ਤੇ ਤਲਵਾਰ ਫੜ ਲਈ। ਦਮਦਮਾ ਸਾਹਿਬ ਦੀ ਸੇਵਾ ਆਪਣੇ ਭਤੀਜੇ ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ। ਪਿੰਡ ਜੱਗਾ, ਬਾਹਮਣੀ ਵਾਲਾ, ਨੇਹੀਆਂ ਵਾਲਾ, ਬਿੱਜੂਕੇ, ਗੁਰੂ ਚੌਂਤਰਾ, ਫੂਲ, ਮਰਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ, ਲੱਖੀ ਜੰਗਲ ਵਿਚ ਦੀ ਹੁੰਦਾ ਹੋਇਆ ਜੱਥਾ ਫ਼ੀਰੋਜ਼ਪੁਰ, ਖੇਮ ਕਰਨ ਰਾਹੀਂ ਤਰਨ ਤਾਰਨ ਆ ਬੈਠਾ। ਏਥੋਂ ਤਕ ਆਉਂਦਿਆਂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਏਥੇ ਇਲਾਕੇ ਦੇ ਪਿੰਡਾਂ ਵਿਚ ਖ਼ਬਰ ਖਿੱਲਰ ਗਈ, ਕਿ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ। ਇਹ ਸੁਣ ਕੇ ਸਿੰਘ ਲੱਗੇ ਤਰਨ ਤਾਰਨ ਕੱਠੇ ਹੋਣ। ਲੜਾਈ ਵਾਲੇ ਦਿਨ ਤਕ ਸਾਰੇ ਸਿੰਘਾਂ ਦੀ ਗਿਣਤੀ ਦਸ ਹਜ਼ਾਰ ਤਕ ਅਪੜ ਗਈ।

## ਜਹਾਨ ਖ਼ਾ ਦੀ ਫ਼ੌਜ

ਅਗੇ ਜਹਾਨ ਖਾਂ ਨੇ ਗੋਲਵੜ ਮੋਰਚੇ ਆ ਮੱਲੇ। ਆਪਣੀ ਮਦਦ ਵਾਸਤੇ ਉਹਨੇ ਇਲਾਕੇ ਦੇ ਸਭ ਹਾਕਮ ਬੁਲਾ ਲਏ। ਲਾਹੌਰ ਵਿਚ ਰਹਿਣ ਵਾਲੇ ਹਰ ਅਸਵਾਰ ਨੂੰ ਲੜਾਈ ਵਿਚ ਜਾਣ ਦਾ ਹੁਕਮ ਦਿੱਤਾ ਗਿਆ। ਜਹਾਨ ਖਾਂ ਦੇ ਨਾਲ ਹਾਜੀ ਅੱਤੇ ਖ਼ਾਂ, ਕਾਸਮ ਖ਼ਾਂ ਪੱਟੀ ਵਾਲਾ, ਮੀਰ ਨਿਅਮਤੁੱਲਾ, ਸੱਯਦ ਸਾਬਰਅਲੀ, ਅਮੀਰ ਜਾਨਖ਼ਾਨ ਪੰਜ ਹਜ਼ਾਰੀ, ਅਯੂਬ ਖ਼ਾਂ, ਅਮਾਨ ਖ਼ਾਂ, ਯਾਕੂਬ ਖਾਂ, ਜ਼ਬਰਦਸਤ ਖ਼ਾਂ, ਰੁਸਤਮ ਖ਼ਾਂ ਆਦਿ ਅਫ਼ਸਰ ਸਨ।

## ਗੋਲਵੜ ਦੀ ਲੜਾਈ

11 ਨਵੰਬਰ, 1757 ਈ: ਨੂੰ ਹੋਈ। ਸਿੰਘਾਂ ਨੇ ਤਰਨ ਤਾਰਨੋਂ ਉਠ ਕੇਜਹਾਨ ਦੀਖ਼ਾਂ ਉੱਤੇ ਹਮਲਾ ਕੀਤਾ। ਪਹਿਲੇ ਹੱਲੇ ਵਿਚ ਹੀ ਮੁਸਲਮ ਫ਼ੌਜ ਪਿਛਾਂਹ ਨੂੰ ਨੱਸ ਉਠੀ। ਜਹਾਨ ਖ਼ਾਂ ਨੇ ਆਪਣੀ ਫ਼ੌਜ ਨੂੰ ਨੱਸਣ ਤੋਂ ਰੋਕਣ ਵਾਸਤੇ ਤਲਵਾਰ ਨਾਲ ਆਪਣੇ ਹੀ ਕੁਛ ਸਿਪਾਹੀ ਵਟੜ ਕੀਤੇ। ਇਸ ਤਰਾਂ ਦੋਹੀਂ ਪਾਸੀਂ ਮੌਤ ਵੇਖ ਕੇ ਮੁਸਲਮ ਫ਼ੌਜ ਮਾਰੀਦੀ ਲੜਨ ਲੱਗੀ। ਉਹ ਸਿੰਘਾਂ ਦੇ ਅਥਾਹ ਜੋਸ਼ ਅੱਗੇ ਖਲੋ ਨਾ ਸਕੀ। ਅਖ਼ੀਰ ਲੜਦੇ ਲੜਾਉਂਦੇ ਮੁਸਲਮ ਜਰਨੈਲ ਪਿਛਲੇ ਪੈਰੀਂ ਅੰਮ੍ਰਿਤਸਰ ਨੂੰ ਹਟਣ ਲਗੇ। ਦੋਵੇਂ ਦਲ ਲੜਦੇ ਲੜਦੇ ਰਾਮ ਸਰ (ਅੰਮ੍ਰਿਤਸਰ) ਕੋਲ ਜਾਂ ਅਪੜੇ। ਏਥੇ ਬੜਾ ਘਮਸਾਣ ਦਾ ਯੁੱਧ ਹੋਇਆ। ਅਮਾਨ ਖ਼ਾਂ ਤੇ ਬਾਬਾ ਦੀਪ ਸਿੰਘ ਆਮੋ-ਸਾਮਣੇ ਆ ਭਿੜੇ। ਸਾਂਝੇ ਵਾਰ ਨਾਲ ਦੋਹਾਂ ਬਹਾਦਰਾਂ ਦੇ ਸਿਰ ਲਹਿ ਗਏ। ਗਿ, ਗਿਆਨ ਸਿੰਘ ਜੀ ਪੰਥ ਪ੍ਰਕਾਸ਼ (ਪੰਨਾ ੭੯੫) ਵਿਚ ਲਿਖਦੇ ਹਨ, ਕਿ ਇਹ ਘਟਨਾ ਪਿੰਡ ਚਾਟੀ ਵਿੰਡ ਕੋਲ ਹੋਈ। ਕੋਲੋਂ ਇਕ ਸਿੰਘ ਨੇ ਬੋਲੀ ਮਾਰੀ, ਕਿ ਬਾਬਾ ਜੀ = ਆਪ ਨੇ ਤਾਂ ਅੰਮ੍ਰਿਤਸਰ ਪਹੁੰਚ ਕੇ ਸੀਸ ਭੇਟ ਕਰਨ ਦਾ ਬਚਨ ਕੀਤਾ ਸੀ। ਪਰ ਹੁਣ ਰਾਹੇ ਆਸਣ ਜਮਾ ਬਹਿਣ ਲੱਗੇ ਓ ਇਹ ਸੁਣ ਕੇ ਬਾਬਾ ਦੀਪ ਸਿੰਘ ਨੇ ਖੱਬੇ ਹੱਥ 'ਤੇ ਸਿਰ ਧਰ ਲਿਆ ਤੇ ਲੜਦੇ ਹੋਏ ਰਾਮਸਰ ਕੋਲ ਜਾ ਅਪੜੇ। ਸਿੰਘਾਂ ਨੇ ਕਿਹਾ ਧੰਨ ਬਾਬਾ ਦੀਪ ਸਿੰਘ' ਜਿਸ ਦਾ ਧੜ ਲੜਦਾ ਅੰਮ੍ਰਿਤਸਰ ਆ ਪੁੱਜਾ ਹੈ। ਇਹ ਵਾਕ ਸੁਣ ਕੇ ਬਾਬਾ ਜੀ ਨੇ ਓਥੇ ਹੀ ਸਿਰ ਧਰ ਦਿੱਤਾਫ਼ ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਜੀ ਸ਼ਹੀਦ ਹੀ ਗੁ। ਰਾਮਸਰ ਕੋਲ ਹੋਏ। ਓਥੇ ਅੱਜ ਤੱਕ ਸ਼ਹੀਦ ਗੰਜ ਹੈ। ਬਾਬਾ ਦੀਪ ਸਿੰਘ ਦੇ ਸ਼ਹੀਦ ਹੋਣ 'ਤੇ ਵੀ ਲੜਾਈ ਮੁੱਕੀ ਨਹੀਂ।ਸਿੰਘ ਸ਼ੇਰਾਂ ਵਾਂਗ ਹੱਲੇ ਕਰਦੇ ਤੇ ਲਹੂ ਦੀ ਹੋਲੀ ਖੇਡਦੇ ਅੱਗੇ ਵਧਦੇ ਗਏ। ਗੁਰੂ ਕੇ ਬਾਗ, ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਤੇ ਅਕਾਲ ਤਖ਼ਤ

ਦੇ ਪਿਛਲੇ ਪਾਸੇ ਤਕ ਬੜਾ ਲਹੂ ਡੋਲਵਾਂ ਘਮਸਾਣ ਹੋਇਆ। ਵੈਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਛੱਡ ਕੇ ਪਿਛੇ ਹਟ ਗਿਆ। ਰਾਤ ਪਈ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਤੇ ਕੋਈ ਨਾਮਵਰ ਸਰਦਾਰ ਮਾਰੇ ਗਏ। ਸ। ਦਿਆਲ ਸਿੰਘ ਦੇ ਹੱਥੋਂ ਅਮੀਰ ਜਾਨ ਖ਼ਾਨ ਮਾਰਿਆ ਗਿਆ। ਬਾਬਾ ਦੀਪ ਸਿੰਘ ਦੇ ਹੱਥੋਂ ਯਾਕੂਬ ਖ਼ਾਂ, ਮੀਰ ਨਿਅਮਤੁੱਲਾ ਤੇ ਅਮਾਨ ਖ਼ਾਂ ਮਾਰੇ ਗਏ। ਸੱਯਦ ਸਾਬਰ ਅਲੀ ਤੇ ਸ: ਹੀਰਾ ਸਿੰਘ ਆਪਸ ਵਿਚ ਲੜ ਕੇ ਸ਼ਹੀਦ ਹੋਏ। ਸ। ਬਲਵੰਤ ਸਿੰਘ ਨੇ ਜ਼ਬਰਦਸਤ ਖ਼ਾਂ ਨੂੰ ਚੱਕਰ ਨਾਲ ਮਾਰਿਆ। ਫਿਰ ਰੁਸਤਮ ਖ਼ਾਂ ਤੇ ਬਲਵੰਤ ਸਿੰਘ ਸਾਂਝੇ ਵਾਰ ਨਾਲ ਸ਼ਹੀਦ ਹੋਏ। ਜਿੱਥੇ-ਜਿੱਥੇ ਕੋਈ ਸਿੰਘ ਸ਼ਹੀਦ ਹੋਇਆ, ਓਥੇ-ਓਥੇ ਉਸ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਸ। ਨੋਧ ਸਿੰਘ ਪਿੰਡ ਚੱਬੇ ਕੋਲ ਸ਼ਹੀਦ ਹੋਇਆ, ਜਿਸ ਦਾ ਸ਼ਹੀਦ ਗੰਜ ਪੱਕੀ ਸੜਕ ਦੇ ਵਿਚ ਬਣਿਆ ਹੋਇਆ ਹੈ। ਹਰੀ ਸਿੰਘ ਤੇ ਬੀਰ ਸਿੰਘ ਸੰਗਰਾਣੇ ਕੋਲ ਸ਼ਹੀਦ ਹੋਏ। ਮਤਾਬ ਸਿੰਘ ਗਿੱਲ ਬਾਬਾ ਦੀਪ ਸਿੰਘ ਕੋਲ ਚਾਟੀ ਵਿੰਡ ਦੇ ਦਰਵਾਜ਼ੇ ਅੱਗੇ ਸ਼ਹੀਦ ਹੋਇਆ। ਧਰਮ ਸਿੰਘ ਬਬੇਕਸਰ ਕੋਲ ਸ਼ਹੀਦ ਹੋਇਆਫ਼ ਕੌਰ ਸਿੰਘ, ਮੰਨਾ ਸਿੰਘ, ਬਸੰਤ ਸਿੰਘ (ਸੰਤ ਸਿੰਘ) ਤੇ ਬੀਰ ਸਿੰਘ ਮੰਗਨੀ ਰਾਮ ਦੇ ਅਖਾੜੇ ਕੋਲ ਸ਼ਹੀਦ ਹੋਏ।

☛ ਬਾਕੀ ਅਗਲੇ ਅੰਕ ਵਿੱਚ

ਪਿਛਲੇ ਸਫ਼ੇ ਦਾ ਬਾਕੀ

1768 ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਪੰਥਕ ਦਲਾਂ ਨੇ ਜਲਾਲਾਬਾਦ ਦੇ ਇਕ ਬ੍ਰਾਹਮਣ ਦੇ ਆਪਣੀ ਲੜਕੀ ਛੁਡਵਾਉਣ ਲਈ ਬੇਨਤੀ ਕਰਨ ਤੇ ਚੜਾਈ ਕੀਤੀ। ਜਲਾਲਾਬਾਦ ਦੇ ਜਰਵਾਣੇ ਨੂੰ ਸਜਾ ਦਿਤੀ ਅਤੇ ਬ੍ਰਾਹਮਣ ਦੀ ਲੜਕੀ ਮੁੜ ਉਸਦੇ ਮਾਪਿਆਂ ਨੂੰ ਲਿਆ ਦਿਤੀ। ਖਾਲਸਾ ਪੰਥ ਹਮੇਸ਼ਾ ਹੀ ਸਤਿਗੁਰ ਦੇ ਹੁੱਕਮ ਵਿਚ ਵਿਚਰਦਿਆਂ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟਿ ਅਤੇ ਨਿਆਸਰਿਆਂ ਦਾ ਆਸਰਾ ਰਿਹਾ ਹੈ। ਇਹ ਖਾਲਸੇ ਦਾ ਵਿਲੱਖਣ ਕਿਰਦਾਰ ਹੈ। ਇਸ ਦੌਰਾਨ ਮੇਰਠ, ਅਲੀਗੜ੍ਹ ਆਦਿ ਨੂੰ ਅਧੀਨ ਕਰਕੇ ਸਿੰਘਾਂ ਨੇ ਦਿੱਲੀ ਉਤੇ ਮੁੜ ਕਬਜਾ ਕਰ ਲਿਆ। ਖਾਲਸਾ ਲਾਲ ਕਿਲ੍ਹੇ ਅੰਦਰ ਦਾਖਲ ਹੋ ਗਿਆ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ ਸ਼ਾਹੀ ਤਖਤ ਤੇ ਬਿਠਾਇਆ ਗਿਆ। ਗਿਆਨੀ ਗਿਆਨ ਸਿੰਘ ਅਨੁਸਾਰ ਇਸੇ ਦਿਨ ਤੋਂ ਇਹ ਸਿੱਖਾਂ ਵਿੱਚ ਬਾਦਸ਼ਾਹ ਦੇ ਨਾਮ ਤੋਂ ਪ੍ਰਸਿੱਧ ਹੋ ਗਿਆ। ਇਸ ਸਮੇਂ ਉਨ੍ਹਾਂ ਦੇ ਸਾਹਮਣੇ ਪੰਥ ਦੀ ਤਰੱਕੀ ਦਿੱਲੀ ਦੇ ਤਖਤ ਨਾਲੋਂ ਵਧੇਰੇ ਮਹੱਤਵ ਰੱਖਦੀ ਸੀ। ਉਹ ਦਿੱਲੀ ਦੇ ਰਾਜ ਤੱਕ ਆਪਣੇ ਆਪ ਨੂੰ ਸੀਮਿਤ ਨਹੀਂ ਕਰਨਾ ਚਾਹੁੰਦੇ ਸਨ। ਦਿੱਲੀ ਦਾ ਤਖਤ ਉਨ੍ਹਾਂ ਦੀ ਸਖਸੀਅਤ ਦੇ ਯੋਗ ਵੀ ਨਹੀਂ ਸੀ। ਇਸ ਤਖਤ ਨੇ ਕਈ ਸਦੀਆਂ ਤੱਕ ਲੋਕਾਂ ਦਾ ਲਹੂ ਪੀਤਾ ਸੀ। ਹਿੰਦੁਸਤਾਨ ਦੀ ਪਰਜਾ ਦਾ ਕਤਲੇਆਮ ਕਰਵਾਇਆ ਸੀ। ਇਸ ਤਖਤ ਦੇ ਬਿਲਕੁਲ ਸਾਹਮਣੇ ਚਾਂਦਨੀ ਚੌਂਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਇਸ ਲਈ ਉਹ ਦਿੱਲੀ ਦੇ ਤਖਤ ਨੂੰ ਬਹੁਤ ਨਾਯਾਬ ਚੀਜ ਨਹੀਂ ਸੀ ਸਮਝਦਾ। ਉਹ ਸਿੱਖਾਂ ਦੇ ਦਿਲਾਂ ਦਾ ਬਾਦਸ਼ਾਹ ਸੀ। ਉਸ ਦੀਆਂ ਨਜਰਾਂ ਵਿਚ ਸਭ ਤੋਂ ਜ਼ਰੂਰੀ ਕੰਮ ਦਿੱਲੀ ਦੇ ਗੁਰ ਅਸਥਾਨਾਂ ਨੂੰ ਕਾਇਮ ਕਰਨਾ ਸੀ। ਇਨ੍ਹਾਂ ਅਸਥਾਨਾਂ ਦੀ ਖੋਜ ਕਰਨ ਅਤੇ ਯਾਦਗਾਰਾਂ ਬਣਾਉਣ ਦੀ ਜਿੰਮੇਵਾਰੀ ਸ੍ਰ. ਬਘੇਲ ਸਿੰਘ ਨੂੰ ਸੌਂਪੀ ਗਈ। ਉਹ ਇਸ ਕੰਮ ਲਈ ਕਈ ਮਹੀਨੇ ਦਿੱਲੀ ਵਿਚ ਰਹੇ ਅਤੇ ਬਾਕੀ ਖਾਲਸਾ ਦਲ ਦਿੱਲੀ ਤੋਂ ਅੱਗੇ ਚਲਾ ਗਿਆ। ਅਜਿਹੇ ਖਾਲਸੇ ਨੂੰ ਹੀ ਗੁਰੂ ਜੀ ਨੇ ਚੱਕਰਵਰਤੀ ਰਾਜ ਦਾ ਅਧਿਕਾਰੀ ਮੰਨਿਆ ਹੈ। ਜੱਸਾ ਸਿੰਘ ਆਹਲੂਵਾਲੀਏ ਦੀ ਹਸਤੀ ਪੰਥ 'ਚ ਇਕ ਮੁਖੀ ਦੀ ਸੀ। ਸਰਦਾਰ ਕਪੂਰ ਸਿੰਘ ਦੇ 1760 ਵਿੱਚ ਅਕਾਲ ਚਲਾਣੇ ਤੋਂ ਪਿਛੋਂ ਖਾਲਸਾ ਪੰਥ ਦੀ ਜਥੇਦਾਰੀ ਦੀ ਪੱਗ ਉਨ੍ਹਾਂ ਨੂੰ ਬੰਨ੍ਹਾਈ ਗਈ ਸੀ। ਇਸ ਨਾਲ ਉਨ੍ਹਾਂ ਤੇ ਸਾਰੇ ਪੰਥ ਦੀ ਜਿੰਮੇਵਾਰੀ ਆ ਪਈ ਸੀ। ਬਾਕੀ ਸਾਰੇ ਇਨ੍ਹਾਂ ਦਾ ਸਤਿਕਾਰ ਕਰਦੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੇ ਇੱਕ ਥਾਂ ਬੈਠ ਕੇ ਨਿੱਜੀ ਪੱਧਰ ਉਤੇ ਰਾਜ ਭਾਗ ਹੰਡਾਉਣ ਅਤੇ ਐਸ਼ ਕਰਨ ਨਾਲੋਂ ਪੰਥਕ ਹਿੱਤਾਂ ਵੱਲ ਆਪਣਾ ਧਿਆਨ ਵਧੇਰੇ ਦਿੱਤਾ। ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡਾ ਨਿਸ਼ਾਨਾ ਪੰਥ ਨੂੰ ਇੱਕ ਮੁੱਠ ਰੱਖਣਾ ਸੀ। ਇਸ ਲਈ ਆਪ ਖਾਲਸਾ ਜਥਿਆਂ ਨੂੰ ਨਾਲ ਲੈ ਕੇ ਜਾਲਮਾਂ ਦਾ ਟਾਕਰਾ ਤੇ ਵਿਰੋਧੀਆਂ ਦੀ ਸੋਧ ਕਰਦੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਸਿੱਖੀ ਆਦਰਸ਼ਾਂ ਦੀ ਪਾਲਣਾ ਕਰਨ ਵਾਲਾ ਸਹੀ ਰੂਪ ਵਿਚ ਖਾਲਸਾ ਸੀ। ਉਹ ਆਪ ਅੰਮ੍ਰਿਤ ਪ੍ਰਚਾਰ ਕਰਕੇ ਸਿੱਖ ਧਰਮ ਦੇ ਵਿਕਾਸ ਵਿੱਚ ਵੀ ਯਤਨਸ਼ੀਲ ਰਹਿੰਦੇ ਸਨ। ਮਹਾਰਾਜਾ ਅਮਰ ਸਿੰਘ ਪਟਿਆਲਾ ਸਮੇਤ ਅਨੇਕਾਂ ਵਿਅਕਤੀਆਂ ਨੇ ਉਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਿਆ ਸੀ। 1765 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੁਬਾਰਾ ਬਣਾਈ ਗਈ। ਉਸ ਦਾ ਨੀਂਹ ਪੱਥਰ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੇ ਹੱਥੋਂ ਹੀ ਰੱਖਵਾਇਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਿੱਚ ਸ੍ਰ. ਜੱਸਾ ਸਿੰਘ ਨੇ ਧਨ ਦੇ ਪੱਖੋਂ ਵੀ ਸਭ ਤੋਂ ਵੱਧ ਯੋਗਦਾਨ ਪਾਇਆ ਸੀ। ਇਸੇ ਸਮੇਂ ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਿੱਚ ਕਟੜਾ ਅਤੇ ਆਹਲੂਵਾਲੀਆ ਵੀ ਵਸਾਇਆ ਸੀ।

ਸ. ਜੱਸਾ ਸਿੰਘ ਆਹਲੂਵਾਲੀਆ ਜਿੱਥੇ ਇੱਕ ਮਹਾਨ ਯੋਧਾ ਸੀ ਉਥੇ ਗੁਰਬਾਣੀ ਦਾ ਰਸੀਆ ਵੀ ਸੀ। ਇਸ ਤਰ੍ਹਾਂ ਉਹ ਧਰਮ ਤੇ ਰਾਜਨੀਤੀ ਵਿੱਚ ਨਿਪੁੰਨ ਸਿੰਘਤਵ ਦੇ ਜਜਬੇ ਨਾਲ ਸਰਸ਼ਾਰ ਖਾਲਸੇ ਦਾ ਆਦਰਸ਼ਕ ਰੂਪ ਸੀ। ਉਸਨੇ ਸ੍ਰੀ ਅੰਮ੍ਰਿਤਸਰ ਸਾਹਿਬ ਰਹਿ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਦੁਬਾਰਾ ਉਸਾਰੀ ਦਾ ਕੰਮ ਕਰਵਾਇਆ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਿਲ ਵੀ ਬਣਵਾਈ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਯਾਦਾ ਮੁੜ ਬਹਾਲ ਕੀਤੀ ਤੇ ਪ੍ਰਬੰਧ ਵਿਚ ਸੁਧਾਰ ਵੀ ਕੀਤੇ। ਉਹਨਾਂ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪ ਕੀਰਤਨ ਕੀਤਾ। ਉਹਨਾਂ ਨੇ ਨਵਾਬ ਕਪੂਰ ਸਿੰਘ ਦੀ ਬੜੀ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਨਾਲ ਸੇਵਾ ਕੀਤੀ ਸੀ। ਸ. ਕਪੂਰ ਸਿੰਘ ਦੀ ਨਿਮਰਤਾ ਤੇ ਤਿਆਗ ਦੇ ਗੁਣ ਵੀ ਉਨ੍ਹਾਂ ਵਿੱਚ ਪ੍ਰਵੇਸ਼ ਕਰ ਗਏ ਸਨ। ਉਸ ਨੇ ਆਪਣਾ ਜੀਵਨ ਸਿੱਖ ਪੰਥ ਦੀ ਸੇਵਾ ਵਿੱਚ ਹੀ ਗੁਜਾਰਿਆ। ਖਾਲਸੇ ਨਾਲ ਕਦੇ ਵੀ ਕਿਸੇ ਗੱਲ ਤੇ ਵਿਰੋਧ ਦੀ ਸਥਿਤੀ ਨਹੀਂ ਪੈਦਾ ਹੋਣ ਦਿੱਤੀ। ਉਨ੍ਹਾਂ ਨੇ ਕਦੇ ਵੀ ਮੁਗਲ ਹਕੂਮਤ ਦੀ ਮੁਥਾਜੀ ਨਹੀਂ ਕੀਤੀ। ਉਹ ਬਾਦਸ਼ਾਹੀ ਜਾਂ ਨਵਾਬੀ ਨੂੰ ਬਹੁਤ ਵੱਡੀ ਮਹੱਤਤਾ ਨਹੀਂ ਸੀ ਦਿੰਦੇ। ਇਹੋ ਕਾਰਨ ਹੈ ਕਿ ਦਿੱਲੀ ਦੇ ਤਖਤ ਤੇ ਬੈਠਣ ਦੇ ਬਾਵਜੂਦ ਉਨਾਂ ਨੇ ਦਿੱਲੀ ਤੇ ਹਕੂਮਤ ਕਰਨ ਦਾ ਯਤਨ ਨਹੀਂ ਕੀਤਾ। ਉਹ ਖਾਲਸਾ ਦਲਾਂ ਦੇ ਨਾਲ ਹੀ ਪਾਨੀਪਤ, ਕਰਨਾਲ ਦੇ ਇਲਾਕੇ ਦੀ ਸੋਧ ਵਿੱਚ ਹਿੱਸਾ ਲੈਣ ਚਲੇ ਗਏ।

1779 ਈ: ਵਿੱਚ ਬਹਾਦਰ ਸ਼ਾਹ ਦੇ ਸਲਾਹੀਏ ਅਬਦੁੱਲ ਅਹਿਦ ਨੇ ਸਿੱਖ ਮਹਾਰਾਜਿਆਂ ਤੋਂ ਨਜ਼ਰਾਨੇ ਲੈਣ ਲਈ ਉਨ੍ਹਾਂ ਤੇ ਚੜਾਈ ਕਰ ਦਿੱਤੀ। ਕਰੋੜੀਆਂ ਮਿਸਲ ਦਾ ਸਰਦਾਰ ਬਘੇਲ ਸਿੰਘ ਵੀ ਉਸਦੇ ਨਾਲ ਸੀ। 23 ਸਤੰਬਰ ਨੂੰ ਸ਼ਾਹੀ ਫੌਜ ਨੇ ਸਰਸਵਤੀ ਨਦੀ ਨੂੰ ਪਾਰ ਕਰਕੇ ਘੁੜਾਮ ਡੇਰੇ ਲਾ ਲਏ। ਇਸ ਦੀ ਖਬਰ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਲੱਗੀ, ਉਹ 15 ਹਜ਼ਾਰ ਫੌਜ ਲੈਕੇ ਪਟਿਆਲੇ ਪਹੁੰਚ ਗਏ। ਉਨ੍ਹਾਂ ਦੇ ਨਾਲ ਸ੍ਰ: ਤਾਰਾ ਸਿੰਘ ਅਤੇ ਸ੍ਰ: ਸੰਗਤ ਸਿੰਘ ਆਦਿ ਹੋਰ ਵੀ ਸਰਦਾਰ ਸਨ। ਉਨ੍ਹਾਂ ਦੇ ਆਉਣ ਨਾਲ ਹੀ ਅਬਦੁੱਲ ਅਹਿਦ ਖਾਂ ਗਰਕ ਗਿਆ। ਪਟਿਆਲੇ ਤੇ ਹਮਲਾ ਕਰਨ ਦਾ ਉਸਦਾ ਹੌਂਸਲਾ ਨਹੀਂ ਪਿਆ, ਸਗੋਂ ਉਸਨੂੰ ਆਪਣੀ ਸਲਾਮਤੀ ਦੀ ਚਿੰਤਾ ਵਢ-ਵਢ ਖਾਣ ਲੱਗੀ। ਉਹ ਛੇਤੀ ਤੋਂ ਛੇਤੀ ਸਹੀ-ਸਲਾਮਤ ਦਿੱਲੀ ਪਹੁੰਚਣ ਦਾ ਇੱਛੁਕ ਸੀ। ਸਰਦਾਰ ਬਘੇਲ ਸਿੰਘ ਨੇ ਉਸਨੂੰ ਸਲਾਹ ਦਿੱਤੀ ਕਿ ਸਾਰੇ ਸਿੱਖ ਸਰਦਾਰਾਂ ਤੋਂ ਲਏ ਨਜ਼ਰਾਨੇ ਵਾਪਸ ਮੋੜ ਦਿਓ ਤਾਂ ਹੀ ਉਹ ਸ਼ਾਂਤ ਹੋ ਸਕਣਗੇ। ਅਬਦੁੱਲ ਅਹਦ ਨੇ ਇਹ ਸਭ ਕੁੱਝ ਮੰਨ ਲਿਆ। ਨਜ਼ਰਾਨੇ ਮੋੜਨ ਤੋਂ ਇਲਾਵਾ ਖਾਲਸਾ ਦਲ ਦੇ ਸਰਦਾਰਾਂ ਨੂੰ ਸੱਤ ਲੱਖ ਰੁਪਿਆ ਭੇਟ ਕੀਤਾ। ਇਸ ਤਰ੍ਹਾਂ ਉਹ ਬਿਨ੍ਹਾਂ ਲੜੇ ਹਾਰ ਮੰਨਕੇ ਦਿੱਲੀ ਨੂੰ ਮੁੜ ਗਿਆ। ਇਹ ਦਿੱਲੀ ਦੀ ਮੁਗਲ ਹਕੂਮਤ ਨੂੰ ਇੱਕ ਲੱਕ ਤੋੜਵੀਂ ਹਾਰ ਸੀ।

ਸ੍ਰ. ਜੱਸਾ ਸਿੰਘ ਆਹਲੂਵਾਲੀਆ ਇਕ ਪ੍ਰਸਿੱਧ ਸਖਸ਼ੀਅਤ ਬਣ ਚੁੱਕਾ ਸੀ। ਉਸ ਦਾ ਤਹਿਤ ਦਿੱਲੀ ਤੋਂ ਮੁਲਤਾਨ ਤੱਕ ਮੰਨਿਆ ਜਾਂਦਾ ਸੀ। ਇਕ ਪਾਸੇ ਉਸਨੇ ਦਿੱਲੀ ਤੱਕ ਆਪਣਾ ਹੱਕ ਜਮਾ ਲਿਆ ਸੀ ਦੂਜੇ ਪਾਸੇ 1781 ਵਿੱਚ ਮੁਲਤਾਨ ਦਾ ਦੌਰਾ ਕਰਨ ਲਈ ਆਪਣੇ ਭਤੀਜੇ ਸਰਦਾਰ ਭਾਗ ਸਿੰਘ ਨੂੰ ਭੇਜਿਆ। ਮੁਲਤਾਨ ਪਹੁੰਚਣ ਤੇ ਉੱਥੋਂ ਦੇ ਹਾਕਮ ਨੇ ਸ੍ਰ. ਭਾਗ ਸਿੰਘ ਦੀ ਬਹੁਤ ਖਾਤਰ ਕੀਤੀ ਸੀ ਅਤੇ ਅਧੀਨਗੀ ਮੰਨ ਲਈ।

ਲਗਭਗ 60 ਸਾਲ ਪੰਥ ਦੀ ਅਣਥੱਕ ਸੇਵਾ ਕਰਨ ਉਪਰੰਤ ਇਹ ਮਹਾਨ ਜਰਨੈਲ 22 ਅਕਤੂਬਰ 1783 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਿਆ। ਸਿੱਖ ਕੌਮ ਉਸਨੂੰ ਆਪਣਾ ਬੇਤਾਜ ਬਾਦਸ਼ਾਹ ਮੰਨਦੀ ਸੀ ਪਰ ਉਸਨੇ ਅਖੀਰ ਸਮੇਂ ਤੱਕ ਆਪਣੇ ਆਪ ਨੂੰ ਪੰਥ ਦਾ ਸੇਵਕ ਹੀ ਬਣਿਆ ਰਹਿਣ ਵਿੱਚ ਹੀ ਮਾਣ ਮਹਿਸੂਸ ਕੀਤਾ। ਪੰਜਾਬ ਦੀ ਧਰਤੀ ਤੇ ਅੱਧੀ ਸਦੀ ਤੋਂ ਵੱਧ ਉਸ ਨੇ ਜੰਗਾਂ ਯੁੱਧਾਂ ਵਿੱਚ ਆਪਣਾ ਜੀਵਨ ਗੁਜਾਰਿਆ। ਆਪਣੀ ਬਹਾਦਰੀ, ਤਾਕਤ, ਅਕਲਮੰਦੀ ਤੇ ਗੁਰਸਿੱਖੀ ਜੀਵਨ ਨਾਲ ਉਸਨੇ ਮੁਲਤਾਨ ਤੋਂ ਯਮਨਾ ਤੱਕ ਸਿੱਖ ਪੰਥ ਦਾ ਨਾਂ ਰੋਸ਼ਨ ਕੀਤਾ। ਉਸ ਨੇ ਭਾਵੇਂ ਬਾਕਾਇਦਾ ਤੌਰ ਤੇ ਆਪਣਾ ਰਾਜ ਕਾਇਮ ਨਹੀਂ ਕੀਤਾ ਪਰ ਆਪਣੇ ਜੰਗਾਂ, ਯੁੱਧਾਂ ਤੇ ਜਿੱਤਾਂ ਨਾਲ ਉਸ ਨੇ ਸਿੱਖ ਰਾਜ ਦੀਆਂ ਹੱਦਾਂ ਕਾਇਮ ਕਰ ਦਿੱਤੀਆਂ ਸਨ।

ਇਸ ਤਰ੍ਹਾਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸਾ ਦਾ ਜਥੇਦਾਰ, ਪੂਰਨ ਗੁਰਸਿੱਖ, ਚੋਟੀ ਦਾ ਰਾਜਨੀਤੀਵਾਨ, ਸ਼ਕਤੀਸ਼ਾਲੀ ਯੋਧਾ, ਬੇਤਾਜ ਬਾਦਸ਼ਾਹ, ਸੁਲਤਾਨ-ਉਲ-ਕੌਮ ਅਤੇ ਸਿੱਖ ਰਾਜ ਦਾ ਉਸਰੱਈਆ ਤੇ ਪੰਥਕ ਪ੍ਰਚਾਰਕ ਹੋ ਨਿੱਬੜਿਆ। ਜਿੱਥੇ-ਜਿੱਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਦਮਾਂ ਦੇ ਨਿਸ਼ਾਨ ਸਨ ਉਥੇ ਤੱਕ ਸਿੱਖਾਂ ਦਾ ਰਾਜ ਸਥਾਪਤ ਹੋ ਗਿਆ ਸੀ। ਉਹ ਸਿੱਖ ਕੌਮ ਦੇ ਮਹਾਨ ਵਿਰਸੇ ਦਾ ਮਹੱਤਵਪੂਰਨ ਅੰਗ ਅਤੇ ਸਿੱਖ ਇਤਿਹਾਸ ਦਾ ਇਕ ਉਹ ਚਮਕਦਾ ਸਿਤਾਰਾ ਹੈ ਜਿਸ ਦੀ ਰੋਸ਼ਨੀ ਹਮੇਸ਼ਾ-ਹਮੇਸ਼ਾ ਹੀ ਸਾਡੀ ਜੁਆਨੀ ਨੂੰ ਉਤਸ਼ਾਹਿਤ ਅਤੇ ਸੇਧਤ ਕਰਦੀ ਰਹੇਗੀ।

# ਖ਼ੁਦਕੁਸ਼ੀ
## ਨਵੀਂ ਫੈਲੀ ਮਹਾਂਮਾਰੀ

ਲੇਖਕ : ਗੁਰਮੀਤ ਸਿੰਘ ਪਲਾਹੀ
ਸੰਪਰਕ : 9815802070



ਆਰਥਕ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਦੇਸ਼ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹਨ। ਸਾਧਨ ਵਿਹੂਣੇ ਖੇਤ ਮਜ਼ਦੂਰ, ਮਜ਼ਦੂਰ ਵੀ ਬੇਵਸ ਹਨ, ਅਣਿਆਈ ਮੌਤੇ ਮਰ ਰਹੇ ਹਨ। ਦੇਸ਼ ਦੇ ਨੌਜਵਾਨ ਖ਼ਾਸ ਕਰਕੇ ਵਿਦਿਆਰਥੀ ਬੇਰੁਜ਼ਗਾਰੀ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਭੇਦਭਾਵ ਅਤੇ ਦੁਰਵਿਵਹਾਰ ਕਾਰਨ ਨਿੱਤ ਦਿਹਾੜੇ ਖ਼ੁਦਕੁਸ਼ੀਆਂ ਕਰ ਰਹੇ ਹਨ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ, ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹਨ। ਖ਼ੁਦਕੁਸ਼ੀਆਂ 'ਚ ਦੇਸ਼ ਵਿੱਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ।

ਖ਼ੁਦਕੁਸ਼ੀ, ਮਹਾਂਮਾਰੀ ਦਾ ਰੂਪ ਧਾਰਨ ਕਰ ਰਹੀ ਹੈ। 28 ਅਗਸਤ 2024 ਨੂੰ ਐਨ.ਸੀ.ਆਰ.ਬੀ.(ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ) ਦੇ ਅੰਕੜਿਆਂ ਦੇ ਅਧਾਰ 'ਤੇ ਇੱਕ ਰਿਪੋਰਟ ਅਨੁਸਾਰ ਛੋਟੀ ਉਮਰ ਦੇ ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ 54 ਫ਼ੀਸਦੀ ਸਿਹਤ ਸਮੱਸਿਆਵਾਂ, 36 ਫ਼ੀਸਦੀ ਨਾਕਾਰਾਤਮਕ ਪਰਿਵਾਰਕ ਮੁੱਦੇ 23 ਫ਼ੀਸਦੀ ਸਿੱਖਿਆ ਸਮੱਸਿਆਵਾਂ ਅਤੇ 20 ਫ਼ੀਸਦੀ ਸਮਾਜਿਕ ਅਤੇ ਜੀਵਨ ਸ਼ੈਲੀ ਕਾਰਕ ਹਨ। ਉਂਜ ਹਿੰਸਾ ਕਾਰਨ 22 ਫ਼ੀਸਦੀ, ਆਰਥਿਕ ਸੰਕਟ ਕਾਰਨ 9.1 ਫ਼ੀਸਦੀ ਅਤੇ ਭਾਵਾਤਮਕ ਸਬੰਧਾਂ ਕਾਰਨ 9 ਫ਼ੀਸਦੀ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਸਰੀਰਕ ਅਤੇ ਯੌਨ ਸੋਸ਼ਣ, ਘੱਟ ਉਮਰ 'ਚ ਮਾਂ ਬਨਣਾ, ਘਰੇਲੂ ਹਿੰਸਾ, ਲਿੰਗਕ ਭੇਦਭਾਵ ਅਤੇ ਕਈ ਐਸੇ ਕਾਰਨ ਹਨ, ਜਿਹਨਾ ਕਾਰਨ ਨੌਜਵਾਨ ਲੜਕੀਆਂ ਖ਼ੁਦਕੁਸ਼ੀ ਕਰਦੀਆਂ ਹਨ।

ਵਿਦਿਆਰਥੀਆਂ 'ਚ ਵਧਦੀਆਂ ਖ਼ੁਦਕੁਸ਼ੀਆਂ ਪੂਰੇ ਸਮਾਜ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। 3 ਦਸੰਬਰ 2023 ਦੀ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ) ਵਲੋਂ ਜਾਰੀ ਸਲਾਨਾ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,70,924 ਖ਼ੁਦਕੁਸ਼ੀਆਂ ਸਾਲ 2022 ਵਿੱਚ ਰਿਕਾਰਡ ਕੀਤੀਆਂ ਗਈਆਂ ਹਨ। ਇਹ ਗਿਣਤੀ 2021 ਨਾਲੋਂ 4.2 ਫ਼ੀਸਦੀ ਅਤੇ 2018 ਦੀ ਤੁਲਨਾ 'ਚ 27 ਫ਼ੀਸਦੀ ਵੱਧ ਹੈ। ਇਹ ਅੰਕੜਾ ਪ੍ਰਤੀ ਇੱਕ ਲੱਖ 'ਤੇ 12.4 ਹੈ, ਜੋ ਭਾਰਤ ਵਿੱਚ ਹਰ ਵਰ੍ਹੇ ਦਰਜ ਕੀਤੇ ਜਾਣ ਵਾਲੇ ਆਤਮ ਹੱਤਿਆ ਦੇ ਅੰਕੜਿਆਂ 'ਚ ਉੱਚੇ ਦਰਜੇ 'ਤੇ ਹੈ।

ਵਿਦਿਆਰਥੀ ਜਦੋਂ ਆਪਣੇ ਪਰਿਵਾਰ ਤੋਂ ਦੂਰ, ਕੋਚਿੰਗ ਸੈਂਟਰਾਂ ਦੇ ਨਵੇਂ ਮਾਹੌਲ ਵਿੱਚ ਆਉਂਦੇ ਹਨ, ਤਾਂ ਬਹੁਤ ਕੁਝ ਉਹਨਾ ਨਾਲ ਇਹੋ ਜਿਹਾ ਹੁੰਦਾ ਹੈ, ਜਿਸਦੇ ਬਾਰੇ ਉਹਨਾ ਪਹਿਲਾਂ ਸੋਚਿਆ ਵੀ ਨਹੀਂ ਹੁੰਦਾ। ਵਿੱਤੀ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਉਤੇ ਤਾਂ ਜਲਦੀ ਤੋਂ ਜਲਦੀ ਕੁਝ ਬਣਕੇ ਆਪਣੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੱਧ ਹੁੰਦੀ ਹੈ, ਲੇਕਿਨ ਨੌਕਰੀ ਨਾ ਮਿਲਣ ਜਾਂ ਪਲੇਸਮੈਂਟ ਨਾ ਹੋਣ ਦੀ ਸੰਭਾਵਨਾ ਵੀ ਕਾਫ਼ੀ ਹੁੰਦੀ ਹੈ। ਇਹੋ ਜਿਹੇ 'ਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਲਈ ਕੋਚਿੰਗ ਸੈਂਟਰ ਵੀ ਜ਼ੁੰਮੇਵਾਰ ਬਣਦੇ ਹਨ, ਜੋ ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਉੱਚੇ ਸਬਜ ਬਾਗ ਦਿਖਾਉਂਦੇ ਹਨ।

ਜੇਕਰ ਭਾਰਤ 'ਚ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਨਾਲ-ਨਾਲ ਦੇਸ਼ ਭਰ ਦੇ ਵਿਦਿਆਰਥੀ 'ਚ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ।

ਕਿਧਰੇ ਕੋਈ ਐਮ.ਬੀ.ਬੀ.ਐਸ. ਦਾ ਵਿਦਿਆਰਥੀ ਖ਼ੁਦਕੁਸ਼ੀ ਕਰ ਕਰਦਾ ਹੈ, ਕਿਧਰੇ ਆਈ.ਆਈ.ਟੀਜ਼ ਤੋਂ ਖ਼ੁਦਕੁਸ਼ੀ ਦੀ ਖ਼ਬਰ ਆਉਂਦੀ ਹੈ। ਕਾਰਨ ਪੜ੍ਹਾਈ ਦਾ ਦਬਾਅ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 2018 ਤੋਂ 2023 ਦੇ 5 ਸਾਲਾਂ ਵਿੱਚ ਆਈ ਆਈ ਟੀ, ਐਨ.ਆਈ.ਟੀ.,ਆਈ. ਆਈ. ਐਮ,ਜਿਹੀਆਂ ਦੇਸ਼ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ 60 ਤੋਂ ਜਿਆਦਾ ਵਿਦੀਆਰਥੀਆਂ ਨੇ ਆਪਣੇ ਉਤੇ ਪੈਟਰੋਲ ਛਿੜਕਕੇ, ਹੋਸਟਲ ਦੀ ਉੱਚੀ ਮੰਜ਼ਿਲ ਤੋਂ ਚਾਲ ਮਾਰਕੇ ਖ਼ੁਦਕੁਸ਼ੀ ਕੀਤੀ। ਇਹਨਾ ਵਿੱਚੋਂ 34 ਵਿਦਿਆਰਥੀ ਆਈ.ਆਈ.ਟੀ. ਸੰਸਥਾਵਾਂ ਦੇ ਸਨ।

ਦਰਅਸਲ ਸਿੱਖਿਆ ਅਤੇ ਕਰੀਅਰ ਵਿੱਚ ਮਾਤਾ-ਪਿਤਾ ਤੇ ਅਧਿਆਪਕਾਂ ਦੀ ਆਪਣੇ ਬੱਚਿਆਂ ਤੋਂ ਚੰਗੀ ਕਾਰਗੁਜਾਰੀ ਦੀ ਹੋੜ ਦੇ ਚਲਦਿਆਂ ਵਿਦਿਆਰਥੀਆਂ ਉਤੇ ਪੜ੍ਹਾਈ ਦਾ ਨਾਕਾਰਾਤਮਕ ਅਸਰ ਵੱਡਾ ਹੈ। ਸਾਡੀ ਸਿੱਖਿਆ ਪ੍ਰਣਾਲੀ ਅੰਕਾਂ 'ਤੇ ਅਧਾਰਤ ਹੈ। ਇਸ ਵਿੱਚ ਮਾਤਾ-ਪਿਤਾ ਦਾ ਦਬਾਅ ਬਚਪਨ ਤੋਂ ਹੀ ਬੱਚਿਆਂ 'ਤੇ ਜਿਆਦਾ ਰਹਿੰਦਾ ਹੈ । ਸਕੂਲਾਂ ਵਿੱਚ ਵੀ ਅਧਿਆਪਕ ਵਿਦਿਆਰਥੀ ਦੀ ਯੋਗਤਾ ਅੰਕਾਂ ਤੋਂ ਪਰਖਦੇ ਹਨ। ਜਿਹੜਾ ਬੱਚਿਆਂ ਦੇ ਮਾਨਸਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਇੰਟਰਨੈੱਟ ਦੇ ਪਸਾਰ ਨੇ ਵਿਦਿਆਰਥੀਆਂ ਦੀ ਸੋਚ ਉਤੇ ਵੱਡਾ ਅਸਰ ਪਾਇਆ ਹੈ। ਇੱਕ ਵਿਸ਼ੇਸ਼ਣ ਅਨੁਸਾਰ ਵੀਹ ਫ਼ੀਸਦੀ ਕਾਲਜ ਵਿਦਿਆਰਥੀ, ਇੰਟਰਨੈੱਟ ਦੇ ਬੁਰੀ ਤਰ੍ਹਾਂ ਆਦੀ ਹੋ ਚੁੱਕੇ ਹਨ, ਇਹਨਾ ਵਿੱਚੋਂ ਇੱਕ ਤਿਹਾਈ ਯੁਵਕ ਸਾਈਬਰ ਠੱਗੀ ਦਾ ਸ਼ਿਕਾਰ ਹੁੰਦੇ ਹਨ ਅਤੇ ਉਹਨਾ ਵਿੱਚੋਂ ਇੱਕ ਤਿਹਾਈ ਖ਼ੁਦਕੁਸ਼ੀ ਕਰ ਲੈਂਦੇ ਹਨ।

ਰਾਜਸਥਾਨ ਵਿੱਚ ਕੋਟਾ ਸ਼ਹਿਰ ਵਿੱਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀਆਂ ਵੱਧ ਰਹੀਆਂ ਘਟਨਾਵਾਂ ਦੀ ਦਰ ਨਾਲ ਹਰ ਕੋਈ ਦੁੱਖੀ ਹੈ, ਇਥੇ ਨੀਟ, ਜੇ.ਈ.ਈ. ਅਤੇ ਹੋਰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੇ ਨੌਜਵਾਨ ਵਿਦਿਆਰਥੀ ਨਿਰੰਤਰ ਆਪਣੀ ਜਾਨ ਦਿੰਦੇ ਰਹੇ ਹਨ। ਕੀ ਇਹੋ ਜਿਹੀਆਂ ਘਟਨਾਵਾਂ ਨੂੰ ਵਾਪਰਣ ਤੋਂ ਰੋਕਣਾ ਸਰਕਾਰੀ ਪ੍ਰਾਸ਼ਸ਼ਨ ਦੀ ਜ਼ੁੰਮੇਵਾਰੀ ਨਹੀਂ ਹੈ?

ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ ਮਨੋਚਕਿਤਸਕਾਂ ਦਾ ਵਿਚਾਰ ਹੈ ਕਿ ਵਿਦਿਆਰਥੀਆਂ 'ਚ ਵੱਧ ਰਹੀਆਂ ਖ਼ੁਦਕੁਸ਼ੀਆਂ ਦਾ ਕਾਰਨ ਵਿਦਿਆਰਥੀ ਉਤੇ ਪੜ੍ਹਾਈ ਦਾ ਉਹਨਾ ਦੀ ਸਮਰੱਥਾ ਤੋਂ ਵੱਧ ਬੋਝ ਅਤੇ ਇਮਤਿਹਾਨਾਂ ਵਿੱਚ ਵੱਧ ਤੋਂ ਵੱਧ ਅੰਕ ਲੈਣ ਦੀ ਹੋੜ ਹੈ। ਮੌਜੂਦਾ ਸਿੱਖਿਆ ਪ੍ਰਣਾਲੀ ਨੂੰ "ਡਾਟਾ ਔਰੀਐਨਟਿਡ" ਰੱਖਣਾ ਕਿਸੇ ਤਰ੍ਹਾਂ ਦੀ ਵਿਦਿਆਰਥੀ ਦੀ ਮਾਨਸਿਕ ਸਿਹਤ ਦੇ ਅਨੁਕੂਲ ਨਹੀਂ ਹੈ। ਅਸਲ 'ਚ ਮਾਪੇ ਆਪਣੇ ਬੱਚਿਆਂ ਤੋਂ ਇਸ ਗੱਲ ਦੀ ਬੇਲੋੜੀ ਆਸ ਰੱਖਦੇ ਹਨ ਕਿ ਜੋ ਕੁਝ ਉਹ ਜ਼ਿੰਦਗੀ 'ਚ ਨਹੀਂ ਬਣ ਸਕੇ, ਉਹਨਾ ਦੇ ਬੱਚੇ ਉਹ ਕੁਝ ਬਨਣ। ਇਹੋ ਇੱਛਾ ਵਿਦਿਆਰਥੀ ਦੀ ਮਾਨਸਿਕ ਸਿਹਤ ਉਤੇ ਬੁਰਾ ਅਸਰ ਪਾਉਂਦੀ ਹੈ।

ਮੌਜੂਦਾ ਦੌਰ 'ਚ ਜਦੋਂ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਜਿਹੇ ਮਹਾਂ ਦੈਂਤ ਦੇ ਜਵਾੜੇ ਹੇਠ ਹੈ। ਨੌਜਵਾਨ ਪ੍ਰਵਾਸ ਦੇ ਰਾਹ ਪੈਣ ਲਈ ਮਜ਼ਬੂਰ ਹੁੰਦੇ ਹਨ। ਵਿਦਿਆਰਥੀ ਵੀਜ਼ਾ ਜਾਂ ਵਰਕ ਪਰਮੈਂਟ ਵੀਜ਼ਾ ਲੈ ਕੇ ਉਹ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਜਾਂਦੇ ਹਨ। ਉਥੇ ਪੜ੍ਹਾਈ ਅਤੇ ਕੰਮ ਦਾ ਏਨਾ ਬੋਝ ਹੁੰਦਾ ਹੈ ਕਿ ਵਿਦਿਆਰਥੀ, ਨੌਜਵਾਨ ਮਾਨਸਿਕ ਤਨਾਅ 'ਚ ਰਹਿੰਦੇ ਹਨ। ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਹਾਰਟ ਅਟੈਕ ਜਿਹੀਆਂ ਬੀਮਾਰੀਆਂ ਤਨਾਅ ਕਾਰਨ ਹੀ ਹੋ ਰਹੀਆਂ ਹਨ। ਕੈਨੇਡਾ ਤੇ ਹੋਰ ਮੁਲਕਾਂ ਤੋਂ ਆਈਆਂ ਭਾਰਤੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਿੱਤ ਦਿਹਾੜੇ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਕਿਸਾਨ ਖ਼ੁਦਕੁਸ਼ੀਆਂ ਦਾ ਮਾਮਲਾ ਤਾਂ ਦੇਸ਼ ਵਾਸੀਆਂ ਦਾ ਧਿਆਨ ਪਹਿਲਾਂ ਹੀ ਖਿਚਦਾ ਰਿਹਾ ਹੈ। ਘਾਟੇ ਦੀ ਖੇਤੀ ਉਹਨਾ ਦੀ ਜਾਨ ਦਾ ਖੌਅ ਬਣਦੀ ਹੈ। 5 ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲਾ ਛੋਟਾ ਕਿਸਾਨ ਲਗਾਤਾਰ ਕਰਜ਼ਾਈ ਰਹਿੰਦਾ ਹੈ। ਹੁਣ ਤਾਂ ਮੱਧ ਵਰਗੀ ਕਿਸਾਨ ਵੀ ਕਰਜ਼ੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਲ ਮਿਲਾਕੇ ਦੇਸ਼ ਦੇ 92 ਫ਼ੀਸਦੀ ਕਿਸਾਨ ਛੋਟੇ ਅਤੇ ਮੱਧ ਵਰਗੀ ਕਿਸਾਨ ਹਨ। ਇਹਨਾ ਵਿੱਚ ਕਾਸ਼ਤਕਾਰ, ਪੱਟੇਦਾਰ ਸ਼ਾਮਲ ਹਨ। ਦੇਸ਼ 'ਚ ਸਿੱਕੇ ਬੰਦ 'ਖੇਤੀ ਨੀਤੀ' ਨਾ ਹੋਣ ਕਾਰਨ, ਇਹ ਕਿਸਾਨ ਮੁਸੀਬਤਾਂ 'ਚ ਫਸੇ ਰਹਿੰਦੇ ਹਨ। ਆਰਥਿਕ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਬਣਦੇ ਹਨ। 2022 ਦੀ ਇੱਕ ਰਿਪੋਰਟ ਅਨੁਸਾਰ 11290 ਖੇਤੀ ਸੈਕਟਰ ਦੇ ਲੋਕਾਂ, ਜਿਹਨਾ ਵਿੱਚ 5270 ਕਿਸਾਨ ਅਤੇ 6083 ਖੇਤ ਮਜ਼ਦੂਰ ਸ਼ਾਮਲ ਸਨ, ਖ਼ੁਦਕੁਸ਼ੀਆਂ ਕੀਤੀਆਂ। ਇਹ ਦੇਸ਼ 'ਚ ਕੁਲ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦਾ 6.6 ਫ਼ੀਸਦੀ ਸੀ। ਕਾਰਨ ਮੁੱਖ ਰੂਪ ਵਿੱਚ ਕਰਜ਼ਾ, ਮੌਨਸੂਨ ਦੀ ਘਾਟ, ਫ਼ਸਲਾਂ 'ਤੇ ਕਰੋਪੀ ਆਦਿ ਰਹੇ ਹਨ। ਪਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਦਰ ਹਰ ਸਾਲ ਵਧਦੀ ਜਾ ਰਹੀ ਹੈ। ਪਿਛਲੇ ਇੱਕ ਦਹਾਕੇ ਵਿੱਚ 1,12,000 ਖੇਤੀ ਸੈਕਟਰ ਦੇ ਲੋਕਾਂ ਨੇ ਖ਼ੁਦਕੁਸ਼ੀ ਕੀਤੀ।

ਦੇਸ਼ 'ਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਵਧੀ ਹੈ। ਸਾਲ 2022 ਦੌਰਾਨ 48000 ਔਰਤਾਂ ਨੇ ਅਤੇ ਜਦਕਿ 1,22,000 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਦੇਸ਼ 'ਚ ਸਾਲ 2021 'ਚ 1,64,033 ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਸੀ। ਇਸ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨੌਜਵਾਨ ਔਰਤਾਂ 'ਚ ਖ਼ੁਦਕੁਸ਼ੀ ਜ਼ਿਆਦਾ ਹੋ ਰਹੀ ਹੈ। 15 ਤੋਂ 39 ਸਾਲ ਦੀਆਂ ਔਰਤਾਂ 'ਚ 2021 ਸਾਲ 'ਚ ਖ਼ੁਦਕੁਸ਼ੀ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇੱਕ ਲੱਖ ਪਿਛੇ 12.7 ਸੀ ਜੋ ਕਿ 2021 'ਚ ਵਧਕੇ ਇੱਕ ਲੱਖ ਪਿੱਛੇ 17.5 ਹੋ ਗਈ ।ਖ਼ੁਦਕੁਸ਼ੀ ਕਰਨ ਦਾ ਕਾਰਨ ਔਰਤਾਂ 'ਚ ਮੁੱਖ ਤੌਰ 'ਤੇ ਪਰਿਵਾਰਕ, ਬੀਮਾਰੀ, ਇਕੱਲੇਪਨ ਦੀ ਭਾਵਨਾ, ਔਲਾਦ ਪੈਦਾ ਨਾ ਹੋਣਾ, ਵਿਆਹ ਟੁੱਟਣਾ ਆਦਿ ਰਿਹਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਗਿਣਤੀ 31 ਫ਼ੀਸਦੀ ਰਹੀ।ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿਹੜੀਆਂ ਰਿਪੋਰਟਾਂ ਸਰਕਾਰੀ ਤੌਰ 'ਤੇ ਛਾਇਆ ਹੁੰਦੀਆਂ ਹਨ, ਉਹਨਾਂ ਤੋਂ ਵੱਖਰੀਆਂ ਰਿਪੋਰਟਾਂ ਹੋਰ ਏਜੰਸੀਆਂ ਵਲੋਂ ਮੀਡੀਆਂ 'ਤੇ ਉਪਲੱਬਧ ਹਨ। ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਸਰਕਾਰੀ ਅੰਕੜਿਆਂ ਤੋਂ ਵੱਧ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਉਦਾਹਰਨ ਦੇ ਤੌਰ 'ਤੇ 2010 ਦੇ ਸਰਕਾਰੀ ਅੰਕੜੇ 1,34,600 ਖ਼ੁਦਕੁਸ਼ੀਆਂ ਦੱਸਦੇ ਹਨ, ਜਦਕਿ ਮੈਡੀਕਲ ਮੈਗਜ਼ੀਨ 'ਦੀ ਲਾਂਸਿਟ' ਆਪਣੀ ਰਿਪੋਰਟ 1,87,000 ਮੌਤਾਂ ਦੀ ਵਿਖਾਉਂਦੀ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਪਿੰਡਾਂ ਜਾਂ ਦੂਰ-ਦੁਰੇਡੇ ਦੇ ਲੋਕ ਖ਼ੁਦਕੁਸ਼ੀ ਦੇ ਮਾਮਲਿਆਂ ਨੂੰ ਲੁਕੋਅ ਲੈਂਦੇ ਹਨ ਤਾਂ ਕਿ ਉਹਨਾ ਦੀ ਸਮਾਜ ਵਿੱਚ ਬਦਨਾਮੀ ਨਾ ਹੋਏ।

ਭਾਵੇਂ ਬਹੁਤ ਸਾਰੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ 'ਤੇ ਗਿਣਾਏ ਜਾਂਦੇ ਹਨ, ਪਰ ਮੁੱਖ ਕਾਰਨ ਕੰਗਾਲੀ, ਬਦਹਾਲੀ, ਬੇਰੁਜ਼ਗਾਰੀ, ਸਿੱਖਿਆਂ ਸਿਹਤ ਸੇਵਾਵਾਂ ਦੀ ਘਾਟ ਅਤੇ ਜਨਤਕ ਨਿਆਂ ਨਾ ਮਿਲਣਾ ਹੈ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਆਮ ਆਦਮੀ ਨਿਆਂ ਲੱਭ ਰਿਹਾ ਹੈ। ਰੋਟੀ ਲੱਭ ਰਿਹਾ ਹੈ। ਸਿੱਖਿਆ, ਸਿਹਤ, ਸੇਵਾਵਾਂ ਤੋਂ ਵਿਰਵਾ ਹੈ। ਸਾਧਨ ਵਿਹੂਣਾ ਹੈ। ਇਹੋ ਜਿਹੀਆਂ ਹਾਲਤਾਂ ਮਨੁੱਖ ਲਈ ਮਾਨਸਿਕ ਸੰਕਟ ਪੈਦਾ ਕਰਦੀਆਂ ਹਨ। ਆਰਥਿਕ ਤੇ ਮਾਨਸਿਕ ਸਥਿਤੀਆਂ ਦਾ ਟਾਕਰਾ ਨਾ ਕਰ ਸਕਣ ਕਾਰਨ ਉਹ ਮੌਤ ਨੂੰ ਹੀ ਆਖ਼ਰੀ ਹੱਲ ਲੱਭ ਲੈਂਦਾ ਹੈ।

ਸਮੇਂ ਸਮੇਂ ਤੇ ਫੈਲੀਆਂ ਜਾਂ ਫੈਲਾਈਆਂ ਗਈਆਂ ਕਰੋਨਾ ਵਾਇਰਸ ਵਰਗੀਆਂ ਬੀਮਾਰੀਆਂ, ਜਿਹਨਾ ਦੇ ਅਣਦਿਸਦੇ ਕਾਰਨਾਂ ਕਰਕੇ ਸਮਾਜ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪਈ, ਉਸਤੋਂ ਵੀ ਵੱਡੀ ਪ੍ਰੇਸ਼ਾਨੀ "ਖ਼ੁਦਕੁਸ਼ੀ ਮਹਾਂਮਾਰੀ" ਹੈ, ਜੋ ਦੇਸ਼ ਦੇ ਦਰਪੇਸ਼ ਹੈ। ਇਹ ਘੁਣ ਵਾਂਗਰ ਦੇਸ਼ ਨੂੰ, ਦੇਸ਼ ਦੇ ਲੋਕਾਂ ਨੂੰ ਖਾ ਰਹੀ ਹੈ।

ਇਸ ਮਹਾਂਮਾਰੀ ਨੂੰ ਠੱਲਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਵੱਡੇ ਜਨਤਕ ਯਤਨ ਤਾਂ ਲੋੜੀਂਦੇ ਹੀ ਹਨ, ਨਾਲ ਦੀ ਨਾਲ ਲੋਕਾਂ 'ਚ ਸਿਆਸੀ ਚੇਤਨਾ ਪੈਦਾ ਕਰਕੇ ਲੋਕ ਹਿਤੈਸ਼ੀ ਸਰਕਾਰਾਂ ਅੱਗੇ ਲਿਆਉਣ ਦੀ ਵੀ ਲੋੜ ਹੈ ਤਾਂ ਕਿ ਲੋਕਾਂ 'ਚ ਪੈਦਾ ਹੋਏ ਨਾਕਾਰਾਤਮਕ ਵਿਚਾਰ ਖ਼ਤਮ ਹੋ ਸਕਣ ਅਤੇ ਉਹ ਇੱਕ ਨਿਵੇਕਲੀ ਉਮੀਦ ਨਾਲ ਸਾਂਵੀ ਪੱਧਰੀ, ਖੁਸ਼ਹਾਲ ਜ਼ਿੰਦਗੀ ਜੀਊਣ ਦੇ ਸੁਪਨੇ ਉਣ ਸਕਣ।

# ਪਛਤਾਵਾ

ਲੇਖਕ : ਜਗਦੀਸ਼ ਕੌਰ ਮਾਨ, ਸੰਪਰਕ: 78146-98117



ਜ਼ਿੰਦਗੀ ਵਿੱਚ ਹਰ ਕਿਸੇ ਨਾਲ ਹਰ ਰੋਜ਼ ਕੋਈ ਨਾ ਕੋਈ ਵਿਸ਼ੇਸ਼ ਜਾਂ ਆਮ ਘਟਨਾ ਵਾਪਰਦੀ ਹੀ ਰਹਿੰਦੀ ਹੈ। ਕਈ ਘਟਨਾਵਾਂ ਨੂੰ ਬੰਦੇ ਨੂੰ ਭੁੱਲ-ਭੁਲਾ ਜਾਂਦੀਆਂ ਹਨ ਪਰ ਕਈ ਸੰਵੇਦਨਸ਼ੀਲ ਘਟਨਾਵਾਂ ਨੂੰ ਮਨ ਯਾਦਾਂ ਦੀ ਪਟਾਰੀ ਸਾਂਭ ਕੇ ਰੱਖ ਲੈਂਦਾ ਹੈ। ਪੂਰੀ ਵਾਹ ਲਾਉਣ ਦੇ ਬਾਵਜੂਦ ਫਿਰ ਉਹ ਘਟਨਾਵਾਂ ਜ਼ਿੰਦਗੀ ਭਰ ਸਾਡੇ ਚੇਤਿਆਂ ਵਿਚੋਂ ਨਹੀਂ ਨਿਕਲਦੀਆਂ ਸਗੋਂ ਬਹੁਤੀ ਵਾਰ ਜ਼ਿੰਦਗੀ ਭਰ ਦੇ ਪਛਤਾਵੇ ਦਾ ਕਾਰਨ ਬਣ ਜਾਂਦੀਆਂ ਹਨ।

ਗੱਲ ਕਾਫੀ ਪੁਰਾਣੀ ਹੈ। ਮੈਂ ਸਿਹਤ ਪੱਖੋਂ ਅਸਹਿਜ ਮਹਿਸੂਸ ਕਰ ਰਹੀ ਸਾਂ। ਲਗਾਤਾਰ ਚੱਕਰ ਆ ਰਹੇ ਸਨ। ਮੈਂ ਆਪਣੇ ਫੈਮਿਲੀ ਡਾਕਟਰ ਤੋਂ ਦਵਾਈ ਲੈਣ ਲਈ ਉਸ ਦੇ ਕਲੀਨਿਕ ਗਈ ਸਾਂ। ਸ਼ਹਿਰ ਨੂੰ ਜਾਂਦੀ ਸੜਕ ਦੇ ਉਪਰ ਹੀ ਉਸ ਡਾਕਟਰ ਦਾ ਕਲੀਨਿਕ ਸੀ ਤੇ ਅੰਦਰਲੇ ਪਾਸੇ ਘਰ ਦਾ ਵੱਡਾ ਸਾਰਾ ਵਿਹੜਾ ਲੰਘ ਕੇ ਉਸ ਦੇ ਪਰਿਵਾਰ ਦੀ ਰਿਹਾਇਸ਼ ਸੀ। ਡਾਕਟਰ ਕਾਫੀ ਸਿਆਣਾ ਤੇ ਤਜਰਬੇਕਾਰ ਸੀ। ਬੁੜ੍ਹੀਆਂ ਦੇ ਕਹਿਣ ਵਾਂਗੂੰ ਉਹ ਤਾਂ ਨਬਜ਼ ਟੋਹ ਕੇ ਹੀ ਸਾਰਾ ਰੋਗ ਬੁਝ ਲੈਂਦਾ ਸੀ। ਬੱਸ ਉਸ ਵਿੱਚ ਇਕੋ ਵੱਡਾ ਨੁਕਸ ਸੀ ਕਿ ਉਹ ਆਰਾਮਪ੍ਰਸਤ ਬਹੁਤ ਸੀ। ਉਠਦਾ ਬਹੁਤ ਲੇਟ ਸੀ। ਰਾਤ ਦਾ ਸੁੱਤਾ ਸਵੇਰੇ ਜਾਗਣ ਨੂੰ ਬਾਰਾਂ ਵਜਾ ਦਿੰਦਾ। ਸ਼ਾਇਦ ਇਸਦੀ ਵਜ੍ਹਾ ਦੇਰ ਰਾਤ ਦਿਖਾਈਆਂ ਜਾਣ ਵਾਲੀਆਂ ਫ਼ਿਲਮਾਂ ਹੋਣ। ਦਵਾਈ ਲੈਣ ਆਏ ਮਰੀਜ਼ਾਂ ਨੂੰ ਕਾਫੀ ਸਮਾਂ ਬੈਠ ਕੇ ਉਸ ਦੀ ਉਡੀਕ ਕਰਨੀ ਪੈਂਦੀ। ਉਸ ਦਾ ਕਲੀਨਿਕ ਕੰਪਾਊਂਡਰਾਂ ਦੇ ਆਸਰੇ ਚੱਲ ਰਿਹਾ ਸੀ ਤੇ ਮਨਮਾਨੀਆਂ ਕਰਦੇ ਹੋਏ ਉਹ ਅਕਸਰ ਹੀ ਮਰੀਜ਼ਾਂ ’ਤੇ ਜ਼ੋਰ ਪਾਉਂਦੇ ਕਿ ਮਰਜ਼ ਉਨ੍ਹਾਂ ਨੂੰ ਹੀ ਦੱਸ ਦਿੱਤੀ ਜਾਵੇ, ਉਨ੍ਹਾਂ ਨੇ ਵੀ ਉਹੀ ਦਵਾਈ ਦੇਣੀ ਹੈ ਜਿਹੜੀ ਡਾਕਟਰ ਨੇ ਲਿਖ ਕੇ ਮੈਡੀਕਲ ਸਟੋਰ ਤੋਂ ਖਰੀਦਣ ਲਈ ਕਹਿਣਾ ਹੈ। ਜਿਹੜੇ ਮੇਰੇ ਵਰਗੇ ਮਰੀਜ਼ ਡਾਕਟਰ ਤੋਂ ਚੈੱਕਅੱਪ ਕਰਵਾਉਣ ਲਈ ਅੜ ਜਾਂਦੇ ਉਨ੍ਹਾਂ ਨੂੰ ਉਹ ਜ਼ਿੱਦ ਨਾਲ ਕਿੰਨਾ ਕਿੰਨਾ ਚਿਰ ਬਿਠਾਈ ਰੱਖਦੇ ਤੇ ਆਪਣੀ ਮਰਜ਼ੀ ਨਾਲ ਹੀ ਡਾਕਟਰ ਨੂੰ ਘਰੋਂ ਬੁਲਾ ਕੇ ਲਿਆਉਂਦੇ। ਫੋਨ ਕਰਕੇ ਬੁਲਾਉਣ ਦੀ ਉਨ੍ਹਾਂ ਨੂੰ ਇਜਾਜ਼ਤ ਨਹੀਂ ਸੀ।

ਉਸ ਦਿਨ ਵੀ ਮੈਨੂੰ ਬੈਠੀ ਨੂੰ ਕਾਫੀ ਦੇਰ ਹੋ ਗਈ ਸੀ ਪਰ ਅਜੇ ਤੱਕ ਕੋਈ ਵੀ ਭਲਾਮਾਣਸ ਬੰਦਾ ਡਾਕਟਰ ਨੂੰ ਬੁਲਾਉਣ ਨਹੀਂ ਸੀ ਗਿਆ। ਇੰਨੇ ਨੂੰ ਉਥੇ ਇਕ ਮਰੀਜ਼ ਆਇਆ ਜੋ ਕਿ ਹੁਲੀਏ ਤੋਂ ਬਹੁਤਾ ਹੀ ਵਿਚਾਰਾ ਜਿਹਾ ਲੱਗਦਾ ਸੀ।

ਉਸ ਨੇ ਅਤਿ ਮੈਲਾ ਤੇ ਪੁਰਾਣਾ ਕੁੜਤਾ ਪਜਾਮਾ ਪਹਿਨਿਆ ਹੋਇਆ ਸੀ। ਪੈਰੀਂ ਘਸੀਆਂ ਹੋਈਆਂ ਚੱਪਲਾਂ, ਸਿਰ ’ਤੇ ਮੈਲ ਨਾਲ ਭਰਿਆ ਹੋਇਆ ਅੱਧੋਰਾਣਾ ਜਿਹਾ ਸਾਫ਼ਾ ਬੰਨਿਆ ਹੋਇਆ ਸੀ। ਸਾਰੇ ਕੰਪਾਊਡਰਾਂ ਨੇ ਉਸ ਨੂੰ ਦੇਖਦੇ ਸਾਰ ਨੱਕ ਬੁੱਲ੍ਹ ਚੜ੍ਹਾਏ ਜਿਵੇਂ ਉਹ ਬੰਦਾ ਨਾ ਹੋ ਕੇ ਕੋਈ ਡਰਾਉਣਾ ਜਾਨਵਰ ਉਥੇ ਆ ਵੜਿਆ ਹੋਵੇ ਫਿਰ ਉਨ੍ਹਾਂ ਵਿਚੋਂ ਜਿਹੜਾ ਕੁੰਜੀ ਮੁਖਤਿਆਰ ਬਣਾਇਆ ਹੋਇਆ ਸੀ ਬੋਲਿਆ,“ ਹਾਂ! ਕੀ ਤਕਲੀਫ ਐ?” ਉਸ ਦੇ ਪੁੱਛਣ ਦਾ ਲਹਿਜਾ ਬਿਲਕੁਲ ਹੀ ਹਮਦਰਦੀ ਤੋਂ ਸੱਖਣਾ ਸੀ । “ਜੀ ਡਾਕਟਰ ਸਾਹਿਬ! ਮੈਨੂੰ ਜੀ ! ਤੇਜ਼ ਬੁਖਾਰ ਹੈ, ਪਿੰਡਾ ਭੱਠ ਵਾਂਗੂੰ ਤਪੀ ਜਾਂਦੈ, ਮੈਨੂੰ ਜੀ! ਕੋਈ ਟੀਕਾ ਟੱਲਾ ਲਾ ਦੇਵੋ, ਜਾਂ ਫਿਰ ਇਕ ਅੱਧੀ ਗੋਲੀ ਹੀ ਦੇ ਦਿਉ, ਮੈਂ ਜੀ! ਬਹੁਤ ਔਖਾ ਵਾਂ, ਮੈਥੋਂ ਤਾਂ ਖੜਿਆ ਵੀ ਨ੍ਹੀਂ ਜਾਂਦਾ।” ਬੁਰੀ ਤਰ੍ਹਾਂ ਕੰਬਦਿਆਂ ਹੋਇਆਂ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ।

“ਪੈਸੇ ਹੈ ਗੇ ਐ ਤੇਰੇ ਕੋਲ ਦਵਾਈ ਲੈਣ ਜੋਗੇ?” ਦੂਜੇ ਪਾਸੇ ਦੀ ਧਿਰ ਦਾ ਰਵੱਈਆ ਸਾਰੇ ਹਾਲਾਤ ਜਾਣਨ ਦੇ ਬਾਵਜੂਦ ਪੱਥਰ ਦੀ ਚਟਾਨ ਵਾਂਗ ਸਖ਼ਤ ਸੀ। “ਨਹੀਂ ਜੀ! ਮੈਂ ਤਾਂ ਅੱਜ ਬੁਖਾਰ ਕਰਕੇ ਕੋਈ ਸਵਾਰੀ ਵੀ ਨ੍ਹੀਂ ਚੁੱਕ ਸਕਿਆ , ਪੈਸੇ ਤਾਂ ਮੇਰੇ ਕੋਲ ਨਹੀਂ ਹਨ, ਕੋਈ ਨਾ ਜੀ! ਪੈਸੇ ਮੈਂ ਫੇਰ ਦੇ ਦਿਆਂਗਾ, ਤੁਸੀਂ ਮੈਨੂੰ ਦਵਾਈ ਦੇ ਦਿਉ।” ਉਸ ਨੇ ਦੁਬਾਰਾ ਹੱਥ ਜੋੜਦਿਆਂ ਕਿਹਾ।

“ਨਾ ਫੇਰ ਤੂੰ ਪਿਉ ਦਾ ਹਸਪਤਾਲ ਸਮਝ ਕੇ ਆ ਗਿਉਂ ਇਥੇ। ਬਿਨਾਂ ਪੈਸਿਆਂ ਤੋਂ ? ਤੁਰ ਆਉਂਦੇ ਨੇ ਮੂੰਹ ਚੁੱਕ ਕੇ, ਚੱਲ ਨਿਕਲ ਇਥੋਂ ਬਾਹਰ।” ਤੇ ਉਹ ਧੱਕੇ ਮਾਰ ਕੇ ਉਸ ਵਿਚਾਰੇ ਰਿਕਸ਼ਾ ਚਾਲਕ ਨੂੰ ਬਾਹਰ ਕੱਢ ਆਇਆ। ਮੈਂ ਸਾਹਮਣੇ ਬੈਠੀ ਸਾਰਾ ਘਟਨਾਕ੍ਰਮ ਬੇਅਕਲਾਂ ਵਾਂਗ ਚੁੱਪਚਾਪ ਵੇਖਦੀ ਰਹੀ। ਮੈਨੂੰ ਏਨਾ ਵੀ ਨਾ ਸੁਝਿਆ ਕਿ ਮੈਂ ਉਸ ਗਰੀਬ ਕਿਰਤੀ ਨੂੰ ਆਪਣੇ ਪੱਲਿਉਂ ਪੈਸੇ ਖ਼ਰਚ ਕੇ ਦਵਾਈ ਦਿਵਾ ਦਿਆਂ।

ਇਹ ਘਟਨਾ ਹੁਣ ਮੇਰੇ ਲਈ ਜ਼ਿੰਦਗੀ ਭਰ ਦਾ ਪਛਤਾਵਾ ਬਣ ਕੇ ਰਹਿ ਗਈ ਹੈ ਤੇ ਮੇਰਾ ਕਿਸੇ ਵੇਲੇ ਵੀ ਖਹਿੜਾ ਨਹੀਂ ਛੱਡਦੀ । ਸੋਚਦੀ ਰਹਿੰਦੀ ਹਾਂ ਉਸ ਵਿਚਾਰੇ ਰਿਕਸ਼ਾ ਚਾਲਕ ਨਾਲ ਖੌਰੇ ਕੀ ਬਣੀ ਹੋਵੇਗੀ! ਹੋਰ ਨਾ ਕਿਤੇ ਦਵਾਈ ਖੁਣੋਂ .....? ਪਰ ਖੁੰਝ ਗਿਆ ਵੇਲਾ ਮੁੜ ਕੇ ਕਦੋਂ ਹੱਥ ਆਉਂਦਾ ਏ!

# ਮਰਦੇ ਦਮ ਤੱਕ

ਲੇਖਕ : ਨੇਤਰ ਸਿੰਘ ਮੁੱਤੋਂ
ਸੰਪਰਕ: 94636-56728



ਸਰਕਾਰੀ ਨੌਕਰੀ ਦੌਰਾਨ ਮੈਂ ਕਿਰਾਏ 'ਤੇ ਕਮਰਾ ਲੈ ਕੇ ਰਹਿੰਦਾ ਸੀ। ਕਈ ਵਾਰ ਮਕਾਨ ਮਾਲਕ ਦਾ ਵਿਹਾਰ ਜਾਂ ਮੁਹੱਲੇ ਦਾ ਮਾਹੌਲ ਠੀਕ ਨਾ ਹੋਣ ਕਰਕੇ ਮੈਨੂੰ ਕਮਰਾ ਬਦਲਣਾ ਪੈਂਦਾ ਸੀ। ਫਿਰ ਮੈਨੂੰ ਬੱਸ ਸਟੈਂਡ ਬਠਿੰਡਾ ਦੇ ਪਿਛਲੇ ਪਾਸੇ ਗਲੀ ਵਿੱਚ ਕਮਰਾ ਮਿਲ ਗਿਆ ਸੀ। ਕਿਰਾਇਆ ਉਸ ਸਮੇਂ ਸੱਤਰ ਰੁਪਏ ਸੀ। ਦਸ ਰੁਪਏ ਵਿੱਚ ਨਾਲ ਲੱਗਦੀ ਰਸੋਈ ਸੀ। ਚੰਗੀ ਗੱਲ ਇਹ ਸੀ ਕਿ ਬੱਸ ਸਟੈਂਡ ਦੇ ਲਾਗੇ ਸੀ। ਮੇਰਾ ਦਫਤਰ ਵੀ ਬਹੁਤੀ ਦੂਰ ਨਹੀਂ ਸੀ।

ਮਾਲਕ ਮਕਾਨ ਦਾ ਨਾਂ ਦੇਸ ਰਾਜ ਸੀ। ਉਹ ਬਠਿੰਡਾ ਸ਼ਹਿਰ ਦੇ ਨੇੜੇ ਦੇ ਪਿੰਡਾਂ ਵਿੱਚੋਂ ਦੁੱਧ ਇਕੱਠਾ ਕਰਕੇ ਸ਼ਹਿਰ ਵਿੱਚ ਆ ਕੇ ਵੇਚਦਾ ਸੀ। ਮੈਂ ਆਪਣੇ ਸੁਭਾਅ ਮੁਤਾਬਿਕ ਉਨ੍ਹਾਂ ਨਾਲ ਛੇਤੀ ਰਚ ਮਿਚ ਗਿਆ ਸੀ। ਉਸ ਦੇ ਛੋਟੇ-ਛੋਟੇ ਬੱਚੇ ਵੀ ਮੇਰਾ ਬਹੁਤ ਕਰਦੇ ਸੀ। ਮੈਂ ਦੁੱਧ ਵੀ ਉਨ੍ਹਾਂ ਤੋਂ ਹੀ ਲੈਂਦਾ ਸੀ। ਤਨਖ਼ਾਹ ਮਿਲਣ 'ਤੇ ਮੈਂ ਕਿਰਾਏ ਅਤੇ ਦੁੱਧ ਦੇ ਪੈਸੇ ਇਕੱਠੇ ਦੇ ਦਿੰਦਾ ਸੀ। ਉਹ ਵੀ ਖ਼ੁਸ਼ ਸੀ ਕਿ ਸਾਨੂੰ ਕਿਰਾਇਆ ਮੰਗਣਾ ਨਹੀਂ ਪੈਂਦਾ।

ਇੱਕ ਦਿਨ ਦੇਸ ਰਾਜ ਦੇ ਵੱਡੇ ਭਰਾ ਦੀ ਹਾਦਸੇ ਵਿੱਚ ਮੌਤ ਹੋ ਗਈ। ਉਹ ਪਿੰਡਾਂ ਵਿੱਚੋਂ ਦੁੱਧ ਇਕੱਠਾ ਕਰਕੇ ਲਿਆਉਂਦਾ ਸੀ। ਮੈਂ ਆਪਣਾ ਫਰਜ਼ ਸਮਝਦਿਆਂ ਸਸਕਾਰ ਤੋਂ ਲੈ ਕੇ ਪੱਗੜੀ ਦੀ ਰਸਮ ਤੱਕ ਸ਼ਾਮਲ ਹੋਇਆ ਸੀ। ਉਹ ਚਾਰ ਭਰਾ ਸਨ। ਉਨ੍ਹਾਂ ਦੇ ਦੁੱਖ ਵਿੱਚ ਸ਼ਾਮਲ ਹੋਣ ਕਰਕੇ ਉਸ ਦੇ ਭਰਾ ਵੀ ਮੇਰਾ ਬਹੁਤ ਕਰਨ ਲੱਗ ਪਏ ਸਨ। ਜਦ ਵੀ ਉਨ੍ਹਾਂ ਦੇ ਕੋਈ ਪ੍ਰੋਗਰਾਮ ਹੁੰਦਾ, ਉਹ ਮੈਨੂੰ ਵੀ ਸ਼ਾਮਲ ਹੋਣ ਲਈ ਕਹਿੰਦੇ। ਮੈਂ ਉਨ੍ਹਾਂ ਵਿੱਚ ਇਕੱਲਾ ਸਰਦਾਰ ਹੁੰਦਾ ਸੀ। ਕਈ ਹਿੰਦੂ ਵੀਰ ਮੇਰੇ ਵੱਲ ਓਪਰੀ ਨਜ਼ਰ ਨਾਲ ਦੇਖਦੇ ਸਨ ਕਿਉਂਕਿ ਉਹ ਸਮਾਂ ਅਤਿਵਾਦ ਦਾ ਸੀ। ਜਨਵਰੀ 1984 ਵਿੱਚ ਦੇਸ ਰਾਜ ਦੇ ਭਣੋਈਏ ਦੀ ਮੌਤ ਹੋ ਗਈ। ਉਹ ਜੈਤੋ ਰਹਿੰਦਾ ਸੀ। ਅਸੀਂ ਫੋਰਵੀਲਰ ਵਿੱਚ ਜੈਤੋ ਸਸਕਾਰ 'ਤੇ ਗਏ। ਪੂਰੀ ਠੰਢ ਤੇ ਧੁੰਦ ਪੈ ਰਹੀ ਸੀ। ਸਾਡਾ ਬੁਰਾ ਹਾਲ ਹੋ ਗਿਆ। ਉਸ ਦਿਨ ਤੋਂ ਬਾਅਦ ਉਹ ਮੈਨੂੰ ਆਪਣਾ ਛੋਟਾ ਭਰਾ ਹੀ ਸਮਝਣ ਲੱਗ ਪਏ। ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਮੈਂ ਆਪਣੇ ਪਿੰਡ ਤੋਂ ਤਕਰੀਬਨ ਸੌ ਸਵਾ ਸੌ ਮੀਲ ਦੂਰ ਰਹਿੰਦਾ ਹਾਂ। ਕਈ ਵਾਰ ਮੈਂ ਆਪਣੀ ਪਤਨੀ ਨੂੰ ਵੀ ਲੈ ਜਾਂਦਾ ਸੀ। ਉਨ੍ਹਾਂ ਦੀਆਂ ਔਰਤਾਂ ਪਤਨੀ ਨਾਲ ਵੀ ਘੁਲ ਮਿਲ ਗਈਆਂ ਸਨ।

ਫਿਰ ਦੇਸ ਰਾਜ ਨੇ ਉਸੇ ਗਲੀ ਵਿੱਚ ਆਪਣੇ ਗੁਆਂਢੀ ਬਚਨ ਸਿੰਘ ਤੋਂ ਦੁਕਾਨ ਕਿਰਾਏ 'ਤੇ ਲੈ ਕੇ ਡੇਅਰੀ ਦਾ ਕਾਰੋਬਾਰ ਕਰ ਲਿਆ ਸੀ। ਪਿੰਡਾਂ ਵਿੱਚੋਂ ਦੋਧੀ ਉਸ ਨੂੰ ਦੁੱਧ ਪਾ ਜਾਂਦੇ। ਉਸ ਨੇ ਆਪ ਪਿੰਡਾਂ ਵਿੱਚੋਂ ਦੁੱਧ ਲਿਆਉਣਾ ਬੰਦ ਕਰ ਦਿੱਤਾ ਸੀ। ਗਲੀ ਮੁਹੱਲੇ ਵਾਲਿਆਂ ਨੂੰ ਦੁੱਧ ਲੈਣਾ ਸੌਖਾ ਹੋ ਗਿਆ ਸੀ। ਕਈ ਵਾਰੀ ਵਿਹਲੇ ਸਮੇਂ ਮੈਂ ਵੀ ਡੇਅਰੀ 'ਤੇ ਚਲਾ ਜਾਂਦਾ ਸੀ। ਬਚਨ ਸਿੰਘ ਮੇਰੀ ਵੀ ਬਹੁਤ ਇੱਜ਼ਤ ਕਰਦਾ ਸੀ। ਉਹ ਮੇਰੇ ਤੋਂ ਦੁੱਗਣੀ ਉਮਰ ਦਾ ਸੀ। ਉਹ ਕਹਿੰਦਾ, ''ਮੇਰਾ ਹੋਰ ਤਾਂ ਕੋਈ ਕੰਮਕਾਰ ਹੈ ਨਹੀਂ। ਦੋਹਾਂ ਦੁਕਾਨਾਂ ਦੇ ਕਿਰਾਏ ਤੋਂ ਘਰ ਦਾ ਗੁਜ਼ਾਰਾ ਚੱਲੀ ਜਾਂਦਾ ਹੈ।''

ਕਈ ਮਹੀਨੇ ਤਾਂ ਦੇਸ ਰਾਜ ਦਾ ਬਚਨ ਸਿੰਘ ਨਾਲ ਚੰਗਾ ਵਿਹਾਰ ਰਿਹਾ। ਕਿਰਾਇਆ ਸਮੇਂ ਸਿਰ ਦਿੰਦਾ ਰਿਹਾ। ਉਹ ਵੀ ਦੁੱਧ ਦੇਸ ਰਾਜ ਤੋਂ ਲੈਂਦਾ ਸੀ। ਫਿਰ ਉਨ੍ਹਾਂ ਦਾ ਝਗੜਾ ਹੋਣਾ ਸ਼ੁਰੂ ਹੋ ਗਿਆ। ਇੱਥੋਂ ਤੱਕ ਕਿ ਬਚਨ ਸਿੰਘ ਨੇ ਦੁਕਾਨ ਖਾਲੀ ਕਰਨ ਨੂੰ ਕਹਿ ਦਿੱਤਾ। ਦੇਸ ਰਾਜ ਧੱਕੇ ਨਾਲ ਹੀ ਡੇਅਰੀ ਚਲਾਉਂਦਾ ਰਿਹਾ। ਇੱਕ ਦਿਨ ਬਚਨ ਸਿੰਘ ਨੇ ਡੇਅਰੀ ਵਾਲੇ ਭਾਂਡੇ ਗਲੀ ਵਿੱਚ ਸੁੱਟ ਦਿੱਤੇ, ਕਹਿੰਦਾ, ''ਤੂੰ ਦੁਕਾਨ ਖਾਲੀ ਕਿਉਂ ਨਹੀਂ ਕਰਦਾ?'' ਦੋਵੇਂ ਹੱਥੋ-ਪਾਈ ਹੋ ਗਏ। ਬਚਨ ਸਿੰਘ ਨੇ ਦੇਸ ਰਾਜ ਦੇ ਸਿਰ 'ਚ ਲੋਹੇ ਦਾ ਮੋਟਾ ਸਰੀਆ ਮਾਰ ਕੇ ਲਹੂ ਲੁਹਾਣ ਕਰ ਦਿੱਤਾ। ਸਾਰੇ ਇਕੱਠੇ ਹੋ ਗਏ। ਮੈਂ ਵੀ ਦਫਤਰੋਂ ਆ ਗਿਆ ਸੀ। ਮੈਂ ਦੇਸ ਰਾਜ ਨੂੰ ਪੁੱਛਿਆ, ਕੀ ਗੱਲ ਹੋ ਗਈ, ਤੁਸੀਂ ਲੜ ਕਿਉਂ ਪਏ। ਦੇਸ ਰਾਜ ਨੇ ਲੜਾਈ ਦੇ ਅਸਲ ਕਾਰਨਾਂ ਬਾਰੇ ਕੁਝ ਨਹੀਂ ਦੱਸਿਆ। ਮੈਂ ਬਚਨ ਸਿੰਘ ਨੂੰ ਪੁੱਛਿਆ ਤਾਂ ਉਹ ਕਹਿੰਦਾ ਕਈ ਮਹੀਨਿਆਂ ਤੋਂ ਦੇਸ ਰਾਜ ਨੇ ਕਿਰਾਇਆ ਨਹੀਂ ਦਿੱਤਾ। ਧੱਕੇ ਨਾਲ ਦੁਕਾਨ ਦੱਬੀ ਬੈਠਾ ਹੈ, ਮੇਰਾ ਤਾਂ ਘਰ ਦਾ ਸੌਦਾ ਪੱਤਾ ਕਿਰਾਏ ਦੇ ਪੈਸਿਆਂ ਨਾਲ ਆਉਂਦਾ ਹੈ। ਦੁਕਾਨ ਵਾਲੇ ਨੇ ਮੈਨੂੰ ਉਧਾਰ ਦੇਣਾ ਬੰਦ ਕਰ ਦਿੱਤਾ। ਇਹ ਨਾ ਕਿਰਾਇਆ ਦਿੰਦਾ ਤੇ ਨਾ ਦੁਕਾਨ ਛੱਡਦਾ ਹੈ। ਦੇਸ ਰਾਜ ਦੇ ਭਰਾ ਆ ਗਏ, ਸਿਰ ਦੀ ਸੱਟ ਦੇਖ ਕੇ ਉਨ੍ਹਾਂ ਪੁਲੀਸ ਬੁਲਾ ਲਈ। ਬਚਨ ਸਿੰਘ ਨੂੰ ਪੁਲੀਸ ਫੜ ਕੇ ਲੈ ਗਈ।

ਮੇਰੇ ਗੁਆਂਢ ਵਿੱਚ ਇੱਕ ਸਰਕਾਰੀ ਮੁਲਾਜ਼ਮ ਕਿਰਾਏ 'ਤੇ ਰਹਿੰਦਾ ਸੀ। ਉਹ ਵੀ ਲੁਧਿਆਣੇ ਜ਼ਿਲ੍ਹੇ ਦਾ ਸੀ। ਸਾਡੀ ਆਪਸ ਵਿੱਚ ਬਣਦੀ ਸੀ। ਮੈਂ ਉਸ ਨੂੰ ਜਾ ਕੇ ਕਿਹਾ ਕਿ ਮੈਨੂੰ ਤੇਰੀ ਮੱਦਦ ਦੀ ਲੋੜ ਹੈ। ਆਪਾਂ ਥਾਣੇ ਜਾਣਾ ਹੈ, ਬਚਨ ਸਿੰਘ ਨੂੰ ਪੁਲੀਸ ਫੜ ਕੇ ਲੈ ਗਈ। ਉਹ ਕਹਿੰਦਾ ਕਿ ਆਪਾਂ ਕੀ ਕਰਾਂਗੇ? ਮੈਂ ਕਿਹਾ, ''ਬੱਸ ਤੂੰ ਮੇਰੇ ਨਾਲ ਚੱਲ, ਆਪਾਂ ਬਚਨ ਸਿੰਘ ਦੀ ਮੱਦਦ ਕਰਨੀ ਹੈ। ਬਚਨ ਸਿੰਘ ਨਾਲ ਧੱਕਾ ਹੋ ਰਿਹਾ ਹੈ। ਦੇਸ ਰਾਜ ਕਈ ਮਹੀਨਿਆਂ ਤੋਂ ਉਸ ਦੀ ਦੁਕਾਨ ਦਾ ਕਿਰਾਇਆ ਨਹੀਂ ਦਿੰਦਾ।'' ਉਹ ਕਹਿੰਦਾ, ''ਦੇਸ ਰਾਜ ਨਾਲ ਤਾਂ ਤੇਰੀ ਇੰਨੀ ਬਣਦੀ ਹੈ, ਉਸ ਨੇ ਤੇਰੇ ਕੋਲੋਂ ਕਮਰਾ ਖਾਲੀ ਕਰਵਾ ਲੈਣਾ ਹੈ।'' ਮੈਂ ਕਿਹਾ, ''ਕੋਈ ਗੱਲ ਨਹੀਂ, ਕਮਰਾ ਤਾਂ ਹੋਰ ਮਿਲ ਜਾਊ, ਪਰ ਮੇਰੇ ਕੋਲੋਂ ਬਚਨ ਸਿੰਘ ਨਾਲ ਧੱਕਾ ਹੁੰਦਾ ਨਹੀਂ ਦੇਖ ਹੁੰਦਾ। ਨਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਜੇ ਕਿਸੇ ਗ਼ਰੀਬ ਨਿਰਬਲ ਨਾਲ ਧੱਕਾ ਜਾਂ ਜ਼ੁਲਮ ਹੁੰਦਾ ਹੈ। ਬਿਨਾਂ ਕਿਸੇ ਡਰ ਭੈਅ ਤੋਂ ਉਸ ਦੀ ਮਦਦ ਲਈ ਡਟ ਜਾਵੋ। ਕਿਸੇ ਨਾਲ ਧੱਕਾ ਹੁੰਦਾ ਵੇਖ ਪਾਸਾ ਨਾ ਵੱਟੋ। ਇਹੋ ਜ਼ਿੰਦਗੀ ਦਾ ਮਕਸਦ ਹੈ।'' ਉਹ ਕਹਿੰਦਾ, ''ਚੱਲ ਫੇਰ, ਚੁੱਕ ਸਾਈਕਲ ਮੈਂ ਤੇਰੇ ਨਾਲ ਜਾਣ ਨੂੰ ਤਿਆਰ ਹਾਂ।''

ਜਦ ਅਸੀਂ ਥਾਣੇ 'ਚ ਗਏ, ਮੂੰਹ ਹਨੇਰਾ ਜਿਹਾ ਹੋ ਗਿਆ ਸੀ। ਲਾਈਟ ਵੀ ਭੱਜੀ ਹੋਈ ਸੀ। ਉੱਤੋਂ ਭਾਦੋਂ ਦਾ ਵੱਟ ਕੜਿੱਲ ਕੱਢ ਰਿਹਾ ਸੀ। ਉੱਥੇ ਸਾਰੇ ਹਿੰਦੂ ਵੀਰ ਇਕੱਠੇ ਹੋ ਕੇ ਉੱਚੀ ਉੱਚੀ ਬੋਲ ਕੇ ਗੁੱਸਾ ਕੱਢ ਰਹੇ ਸਨ। ਰੌਲਾ ਬਹੁਤ ਪੈ ਰਿਹਾ ਸੀ। ਪੂਰੀ ਕਾਵਾਂ ਰੌਲੀ ਪਈ ਹੋਈ ਸੀ, ਕਹਿੰਦੇ ਇਸ ਨੀਚ ਜਾਤ ਵਾਲੇ ਦੀ ਹਿੰਮਤ ਕਿਵੇਂ ਪੈ ਗਈ, ਸਾਡੇ ਭਰਾ ਦੇ ਸਿਰ ਵਿੱਚ ਸੱਟ ਮਾਰਨ ਦੀ। ਅਸੀਂ ਇਸ ਨੂੰ ਸਜ਼ਾ ਕਰਾਵਾਂਗੇ। ਕਈ ਸਿਪਾਹੀਆਂ ਨੂੰ ਕਹਿ ਰਹੇ ਸੀ, ''ਕਰੋ ਇਹਨੂੰ ... ਨੂੰ ਅੰਦਰ, ਫੇਰ ਪਤਾ ਲੱਗੂ।'' ਮੈਂ ਬਚਨ ਸਿੰਘ ਨੂੰ ਕਿਹਾ, ''ਤੂੰ ਘਬਰਾ ਨਾ, ਮੈਂ ਆ ਗਿਆ, ਤੈਨੂੰ ਅੰਦਰ ਨਹੀਂ ਹੋਣ ਦਿੰਦਾ।'' ਉਹ ਮੇਰੇ ਵੱਲ ਆਸ ਜਿਹੀ ਨਾਲ ਦੇਖਦਾ ਕਹਿੰਦਾ, ''ਤੂੰ ਦੇਸ ਰਾਜ ਦੀ ਮੱਦਦ 'ਚ ਨਹੀਂ ਆਇਆ?'' ਮੈਂ ਕਿਹਾ, ''ਮੈਂ ਤੇਰੀ ਮੱਦਦ ਲਈ ਆਇਆ ਹਾਂ।'' ਰੌਲਾ ਸੁਣ ਕੇ ਥਾਣੇਦਾਰ ਸਾਹਿਬ ਵੀ ਚੁਬਾਰੇ ਵਿੱਚੋਂ ਆ ਗਏ, ਸ਼ਾਇਦ ਉਸਦੀ ਰਿਹਾਇਸ਼ ਉਪਰ ਹੀ ਸੀ। ਗਾਲ੍ਹਾਂ ਕੱਢਦਾ ਥਾਣੇਦਾਰ ਬੋਲਿਆ, ''ਕੀ ਹੋ ਗਿਆ ਥੋਨੂੰ, ... ਇਹ ਧਰਮਸ਼ਾਲਾ ਸਮਝ ਰੱਖੀ ਐ? ਇਹ ਥਾਣਾ ਏ ਥਾਣਾ। ਦੱਸੋ ਕੀ ਹੋ ਗਿਆ।''

ਜਿੰਨੇ ਵੀ ਬੰਦੇ ਸੀ ਸਾਰੇ ਚੁੱਪ ਹੋ ਗਏ। ਥਾਣੇਦਾਰ ਕਹਿੰਦਾ, ''ਬਕੋ ਹੁਣ ਕੀ ਹੋ ਗਿਆ?'' ਮੈਂ ਹੌਸਲਾ ਜਿਹਾ ਕਰਕੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦੇ ਹੋਏ ਕਿਹਾ, ''ਜਨਾਬ ਜੀ, ਇਹ ਦੇਸ ਰਾਜ ਏ, ਮੈਂ ਇਸ ਦੇ ਘਰ ਕਿਰਾਏ 'ਤੇ ਰਹਿੰਦਾ ਹਾਂ। ਦੇਸ ਰਾਜ ਨੇ ਆਪਣੇ ਗੁਆਂਢੀ ਬਚਨ ਸਿੰਘ ਤੋਂ ਦੁਕਾਨ ਕਿਰਾਏ 'ਤੇ ਲੈ ਕੇ ਡੇਅਰੀ ਖੋਲ੍ਹੀ ਸੀ, ਦੁੱਧ ਦੇ ਕੰਮ ਵਿੱਚ ਮੰਦਾ ਆਉਣ ਕਰਕੇ ਦੇਸ ਰਾਜ ਤੋਂ ਕਿਰਾਇਆ ਨਹੀਂ ਦਿੱਤਾ ਗਿਆ। ਬਚਨ ਸਿੰਘ ਦੇ ਘਰ ਦਾ ਖਰਚਾ ਵੀ ਦੁਕਾਨ ਦੇ ਕਿਰਾਏ ਤੋਂ ਚੱਲਦਾ ਹੈ। ਇਹ ਦੋਵੇਂ ਗੁਆਂਢੀ ਨੇ। ਦੇਸ ਰਾਜ ਇਸ ਨੂੰ ਕਿਸ਼ਤਾਂ ਵਿੱਚ ਪੈਸੇ ਦੇ ਦੇਵੇਗਾ। ਬਚਨ ਸਿੰਘ ਇਸ ਕੋਲੋਂ ਦੁਕਾਨ ਨਹੀਂ ਛੁਡਾਏਗਾ। ਅਸੀਂ ਇਨ੍ਹਾਂ ਦੀ ਆਪਸੀ ਸਹਿਮਤੀ ਕਰਵਾ ਕੇ ਕੱਲ੍ਹ ਨੂੰ ਦਸਤਖਤ ਕਰਵਾ ਕੇ ਥਾਣੇ ਦੇ ਜਾਵਾਂਗੇ। ਕ੍ਰਿਪਾ ਕਰਕੇ ਗੱਲ ਨਾ ਵਧਾਉਂਦੇ ਹੋਏ ਇਨ੍ਹਾਂ ਨੂੰ ਜਾਣ ਦਿਉ। ਜੇਕਰ ਦੇਸ ਰਾਜ ਤੋਂ ਪੈਸੇ ਨਾ ਦੇ ਹੋਏ ਤਾਂ ਮੈਂ ਬਚਨ ਸਿੰਘ ਨੂੰ ਕੁਝ ਰੁਪਏ ਆਪਣੇ ਕੋਲੋਂ ਦੇ ਦੇਵਾਂਗਾ।''

ਥਾਣੇਦਾਰ ਹੱਸਦਾ ਕਹਿਣ ਲੱਗਾ, ''ਕਮਾਲ ਕਰਤੀ, ਮੁੰਡਿਆ ਤੇਰੀ ਅੱਛੀ ਹਮਦਰਦੀ ਆ। ਓਏ ਜਿਹੜੇ ਦੋਵੇਂ ਧਿਰਾਂ ਦੇ ਹਮਾਇਤੀ ਆਉਂਦੇ ਆ, ਉਹ ਉਨ੍ਹਾਂ ਦਾ ਫ਼ੈਸਲਾ ਕਰਾਉਣ ਤੋਂ ਬਾਅਦ ਅਗਲਿਆਂ ਦੀਆਂ ਜੇਬਾਂ ਖਾਲੀ ਕਰਾਉਂਦੇ ਨੇ ਜਾਂ ਦਾਰੂ ਮੀਟ ਖਾਂਦੇ ਹਨ। ਤੂੰ ਮੁਫ਼ਤ ਵਿੱਚ ਹੀ ਫੈਸਲਾ ਕਰਵਾ ਦਿੱਤਾ।'' ਮੈਂ ਕਿਹਾ, ''ਜੀ, ਮੈਂ ਗੁਰੂ ਨਾਨਕ ਦੇਵ ਜੀ ਦੀ ਸੋਚ ਨਾਲ ਚੱਲਦਾ ਹਾਂ। ਇਹ ਦੋਵੇਂ ਮੇਰੇ ਗੁਆਂਢੀ ਹਨ, ਮੇਰੇ ਭਰਾਵਾਂ ਵਰਗੇ। ਮੈਂ ਇਨ੍ਹਾਂ ਨੂੰ ਕੋਰਟ ਕਚਹਿਰੀਆਂ ਦੇ ਕੇਸਾਂ ਵਿੱਚ ਨਹੀਂ ਪੈਣ ਦੇਣਾ।'' ਥਾਣੇਦਾਰ ਕਹਿੰਦਾ, ''ਜਾਓ ਸਾਰੇ ਜਣੇ, ਤੇਰੀ ਜ਼ਿੰਮੇਵਾਰੀ 'ਤੇ ਛੱਡ ਦਿੰਦਾ ਹਾਂ, ਸਵੇਰੇ ਰਾਜ਼ੀਨਾਮਾ ਲਿਖਾ ਕੇ ਦੇ ਜਾਵੀਂ।'' ਅਸੀਂ ਸਾਰੇ ਵਾਪਸ ਘਰ ਆ ਗਏ। ਦੂਸਰੇ ਦਿਨ ਮੈਂ ਰਾਜ਼ੀਨਾਮਾ ਲਿਖਾ ਕੇ ਥਾਣੇ ਦੇ ਆਇਆ।

ਮੈਨੂੰ ਦੇਸ ਰਾਜ ਕਹਿੰਦਾ, ''ਤੂੰ ਕਿਰਾਏ 'ਤੇ ਮੇਰੇ ਘਰ ਰਹਿੰਦਾ ਏ, ਮੱਦਦ ਉਸ ਦੀ ਕਰ ਗਿਆ।'' ਮੈਂ ਕਿਹਾ, ''ਦੇਸ ਰਾਜ, ਤੁਸੀਂ ਆਪਸ ਵਿੱਚ ਗੁਆਂਢੀ ਹੋ, ਹਰ ਦੁਖਦੇ ਸੁਖਦੇ ਇਕੱਠੇ ਹੋਣਾ। ਜੇ ਮੈਂ ਤੈਨੂੰ ਇੱਕ ਸਾਲ ਕਮਰੇ ਦਾ ਕਿਰਾਇਆ ਨਾ ਦੇਵਾਂ, ਤੂੰ ਮੇਰੇ ਕੋਲੋਂ ਕਮਰਾ ਖਾਲੀ ਨਹੀਂ ਕਰਾਵੇਗਾ? ਜਿਹੜਾ ਕਿਰਾਇਆ ਤੂੰ ਮੇਰੇ ਕੋਲੋਂ ਲੈਂਦਾ ਏ, ਉਹ ਬਚਨ ਸਿੰਘ ਨੂੰ ਦੇ ਦਿਆ ਕਰ।'' ਉਹ ਕਹਿੰਦਾ, ''ਚੱਲ ਜਿਵੇਂ ਤੂੰ ਕੀਤਾ ਠੀਕ ਕੀਤਾ।''

ਥੋੜ੍ਹਾ ਚਿਰ ਬਾਅਦ ਮੇਰੀ ਬਦਲੀ ਜਲੰਧਰ ਦੀ ਹੋ ਗਈ। ਜਾਣ ਸਮੇਂ ਮੈਨੂੰ ਬਚਨ ਸਿੰਘ ਮਿਲ ਗਿਆ। ਮੈਂ ਉਸਨੂੰ ਦੱਸਿਆ ਕਿ ਮੇਰੀ ਬਦਲੀ ਹੋ ਗਈ ਹੈ। ਉਹ ਕਹਿੰਦਾ, ''ਕਾਕਾ, ਜੇ ਮੈਂ ਉਸ ਦਿਨ ਅੰਦਰ ਹੋ ਜਾਂਦਾ ਤਾਂ ਮੈਂ ਬਾਹਰ ਆ ਕੇ ਦੇਸ ਰਾਜ ਦਾ ਕਤਲ ਕਰ ਦੇਣਾ ਸੀ। ਕੈਦ ਵਿੱਚ ਚਾਹੇ ਇੱਕ ਦਿਨ ਰਹਿ ਲਿਆ ਚਾਹੇ ਵੀਹ ਸਾਲ ਮੇਰੀ ਜ਼ਿੰਦਗੀ ਨੂੰ ਦਾਗ ਲੱਗ ਜਾਣਾ ਸੀ। ਮੇਰਾ ਘਰ ਵੀ ਉੱਜੜ ਜਾਣਾ ਸੀ। ਦੇਸ ਰਾਜ ਦੇ ਬੱਚੇ ਵੀ ਰੁਲ ਜਾਣੇ ਸੀ। ਗੁੱਸੇ ਵਿੱਚ ਆਇਆ ਬੰਦਾ ਕੋਈ ਕਾਰਾ ਕਰ ਦਿੰਦਾ। ਉਸ ਦਿਨ ਮੇਰੇ ਲਈ ਤੂੰ ਰੱਬ ਬਣਕੇ ਆਇਆ ਸੀ। ਮੇਰੀ ਲਾਜ ਰੱਖ ਲਈ, ਤੇਰਾ ਮੇਰੇ 'ਤੇ ਕੀਤਾ ਇਹ ਅਹਿਸਾਨ ਮੈਂ ਮਰਦੇ ਦਮ ਤੱਕ ਯਾਦ ਰੱਖਾਂਗਾ।''

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਪ੍ਰਵਾਸ ਨੇ ਪ੍ਰਦੇਸੀ ਬਣਦੇ ਦੇਖੇ ਦੇਸੀ!

ਲੇਖਕ : ਤਰਲੋਚਨ ਸਿੰਘ ਦੁਪਾਲਪੁਰ

ਹਰ ਸਾਲ ਜਦੋਂ ਵੀ ਮੈਂ ਅਮਰੀਕਾ ਤੋਂ ਪੰਜਾਬ ਆਪਣੇ ਪਿੰਡ ਗਿਆ ਹੋਇਆ ਹੋਵਾਂ ਤਦ ਲਾਗੇ ਚਾਗੇ ਦੇ ਬਾਹਰੋਂ ਗਏ ਹੋਏ ਹੋਰ ਪ੍ਰਵਾਸੀਆਂ ਨੂੰ ਮਿਲਣ ਗਿਲਣ ਵੇਲੇ ਅਕਸਰ ਪੁੱਛਿਆ ਕਰਦਾ ਹਾਂ ਕਿ ਕਿੰਨੀਂ ਕੁ ਛੁੱਟੀ ਆਏ ਹੋ ਜੀ? ਉਹ ਜਦੋਂ ਕਹਿਣ ਕਿ ਦੋ ਜਾਂ ਚਾਰ 'ਵੀਕਾਂ' ਲਈ, ਤਾਂ ਮੈਂ ਹੱਸ ਕੇ ਕਿਹਾ ਕਰਦਾ ਹਾਂ ਕਿ ਭਰਾਵੋ ਪਿੰਡ ਨੂੰ ਵੀਕਾਂ ਲਈ ਨਹੀਂ, ਮਹੀਨਿਆਂ ਲਈ ਆਉਣਾ ਚਾਹੀਦਾ ਹੈ ਤਾਂ ਕਿ 'ਖੌਰੂ-ਪੁੱਟ ਮੀਡੀਏ' ਵੱਲੋਂ ਸਾਡੇ ਮਨਾਂ ਵਿੱਚ ਬਿਠਾਏ ਗਏ ਹਾਲਾਤ ਦੇ ਸੱਚ-ਝੂਠ ਦਾ ਆਪਾਂ ਅੱਖੀਂ ਦੇਖ ਕੇ ਖੁਦ ਨਿਰਨਾ ਕਰ ਲਿਆ ਕਰੀਏ। ਆਪੋ ਆਪਣੀਆਂ ਮਜਬੂਰੀਆਂ ਕਾਰਨ ਭਾਵੇਂ ਮਹੀਨਿਆਂ ਵਾਲ਼ਾ 'ਦੇਸ ਵਸੇਬਾ' ਸਾਰੇ ਪ੍ਰਵਾਸੀ ਭੈਣ ਭਰਾ ਨਹੀਂ ਕਰ ਸਕਦੇ ਪਰ ਮੇਰੇ ਉੱਤੇ ਰੱਬ ਦੀ ਕਿਰਪਾ ਹੀ ਕਹਿ ਲਉ ਕਿ ਮੈਂ ਤਕਰੀਬਨ ਹਰ ਸਾਲ ਕਈ ਕਈ ਮਹੀਨਿਆਂ ਲਈ ਆਪਣੇ ਪਿੰਡ ਆਉਂਦਾ ਹਾਂ। ਸਾਈਕਲ, ਸਕੂਟਰ ਜਾਂ ਬੱਸ ਮੇਰੀ ਮਨਭਾਉਂਦੀ ਸਵਾਰੀ ਹੁੰਦੀ ਹੈ। ਪਹਿਲੇ ਕਰੋਨਾ ਕਾਲ ਵਾਂਗ ਬੀਤੇ ਵਰ੍ਹੇ 2022 ਦੇ ਦੁਸਹਿਰੇ ਤੋਂ ਲੈ ਕੇ 2023 ਦੀ ਵਿਸਾਖੀ ਤਕ ਸੱਤ ਮਹੀਨੇ ਮੈਂ ਆਪਣੇ ਪਿੰਡ ਦੁਪਾਲਪੁਰ ਰਿਹਾ।

ਐਤਕੀਂ ਘਰ ਦੀ ਸਾਫ ਸਫਾਈ, ਦਰਖਤਾਂ ਦੀ ਕਾਂਟ-ਛਾਂਟ ਅਤੇ ਘਰੇਲੂ ਬਗੀਚੀ ਵਿੱਚ ਵੇਲ ਬੂਟਿਆਂ ਦੀ ਬੀਜ ਬਿਜਾਈ ਲਈ ਯੂ.ਪੀ ਬਿਹਾਰ ਦੇ ਪ੍ਰਦੇਸੀਆਂ ਨਾਲ ਮੇਰਾ ਵਾਹ ਬਹੁਤ ਪੈਂਦਾ ਰਿਹਾ। ਮੈਂ ਸੋਚਦਾ ਸਾਂ ਕਿ ਇਹ ਲੋਕ ਅਨਪੜ੍ਹ ਹੁੰਦੇ ਨੇ ਤੇ ਇਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਜਾਂ ਇੱਥੋਂ ਦੇ ਵਰਤੋਂ-ਵਿਹਾਰ ਬਾਰੇ ਕੋਈ ਖਾਸ ਸੋਝੀ ਨਹੀਂ ਹੋਣੀ। ਪਰ ਇੱਕ ਦਿਨ ਮੈਨੂੰ ਸਾਈਕਲ ਚਲਾਉਂਦੇ ਜਾਂਦੇ ਨੂੰ ਦੇਖ ਕੇ ਲੰਬੜਾਂ ਦਾ ਭਈਆ ਕਹਿੰਦਾ, "ਏ ਸ਼ਰਦਾਰ ਜੀ, ਹਾਲੇ ਵੀ ਕੋਈ ਕਸ਼ਰ ਰਹਿੰਦੀ ਆ?"

ਮੈਂ ਹੈਰਾਨ ਹੋਇਆ ਕਿ ਇਹਨੂੰ ਖੇਤਾਂ ਵਿੱਚ ਅੱਠੇ ਪਹਿਰ ਕਿਰਤ ਕਰਦੇ ਨੂੰ ਵੀ ਪਤਾ ਹੈ ਕਿ ਅਮਰੀਕਾ ਮੁਲਕ, ਦੁਨੀਆਂ ਭਰ ਦੀ 'ਸੁਪਰ ਪਾਵਰ' ਹੈ, ਜਿੱਥੋਂ ਦਾ ਬਾਸ਼ਿੰਦਾ ਹੁੰਦਿਆਂ ਉਹਦੇ ਮੁਤਾਬਕ ਮੈਂ 'ਸੈਕਲ' ਉੱਤੇ ਘੁੰਮਦਾ ਚੰਗਾ ਨਹੀਂ ਲਗਦਾ।

ਸੰਗਰਾਂਦ ਵਾਲ਼ੇ ਦਿਨ ਮੈਂ ਕੁਝ ਰਸਦਾਂ-ਵਸਤਾਂ ਅਤੇ ਦੇਗ ਵਾਸਤੇ ਥੋੜ੍ਹੀ ਮਾਇਆ ਭੇਟ ਕਰਨ ਵਾਸਤੇ ਆਪਣੇ ਪਿੰਡ ਦੇ ਗੁਰਦੁਆਰੇ ਗਿਆ। ਭਾਈ ਜੀ ਲੰਗਰ ਹਾਲ ਵਿੱਚ ਕੜਾਹ ਪ੍ਰਸ਼ਾਦ ਬਣਾਉਣ ਲਈ ਕੜਾਹੀ, ਖੌਂਚਾ ਮਾਂਜ ਰਹੇ ਸਨ। ਉਨ੍ਹਾਂ ਮੈਨੂੰ ਕਿਹਾ ਕਿ ਅੰਦਰ ਪ੍ਰਕਾਸ਼ ਸਥਾਨ ਦੇ ਕੋਲ ਮੇਜ਼ ਉੱਪਰ ਇੱਕ ਕਾਪੀ ਪਈ ਹੈ, ਉਸ ਵਿੱਚ ਮੈਂ ਆਪਣਾ ਨਾਂ 'ਤੇ ਮਾਇਆ ਆਪੇ ਹੀ ਦਰਜ ਕਰ ਦੇਵਾਂ। ਆਪਣਾ ਵੇਰਵਾ ਲਿਖਣ ਤੋਂ ਪਹਿਲਾਂ ਮੈਂ ਵੈਸੇ ਹੀ ਕਾਪੀ ਵਿੱਚ ਲਿਖੀ ਨਾਂਵਾਂ ਵਾਲੀ ਸੂਚੀ ਦੇਖੀ ਤਾਂ ਉਸ ਵਿੱਚ 'ਕ੍ਰਿਸ਼ਨਾ ਦੇਵੀ, ਰਾਮ ਭਜ, ਨਰੇਸ਼ ਯਾਦਵ ਅਤੇ ਸ਼ੰਕਰ ਕੁਮਾਰ' ਵਰਗੇ ਆਪਣੇ ਪਿੰਡ ਵਾਸੀਆਂ ਤੋਂ ਓਪਰੇ ਨਾਮ ਪੜ੍ਹ ਕੇ ਮੈਂ ਭਾਈ ਸਾਹਬ ਨੂੰ ਪੁੱਛਿਆ ਕਿ ਸਾਡੇ ਪਿੰਡ ਵਿੱਚ ਇਹ ਸੱਜਣ ਕੌਣ ਹੋਏ?

ਭਾਈ ਜੀ ਨੇ ਬੜੀ ਅਪਣੱਤ ਤੇ ਮਾਣ ਸਤਿਕਾਰ ਨਾਲ ਦੱਸਿਆ ਕਿ ਇਹ ਬਿਹਾਰੀ ਲੋਕ ਲੰਬੇ ਅਰਸੇ ਤੋਂ ਪਿੰਡ ਦੀ ਮੰਡੀ ਵਿੱਚ ਰਹਿੰਦੇ ਨੇ ਅਤੇ ਹਰ ਸੰਗਰਾਂਦੇ ਇਕੱਤੀ, ਇਕਵੰਜਾ ਜਾਂ ਕਈ ਵਾਰ ਵੱਧ ਮਾਇਆ ਦੇ ਕੇ ਜਾਂਦੇ ਹਨ। ਜੇ ਬੰਦੇ ਕੰਮਾਂ 'ਤੇ ਗਏ ਹੋਏ ਹੋਣ ਤਾਂ ਇਨ੍ਹਾਂ ਦੇ ਬਾਲ ਬੱਚੇ ਬਾਰਾਂਮਾਹ ਦਾ ਪਾਠ ਸੁਣਨ ਜ਼ਰੂਰ ਆਉਂਦੇ ਹਨ ਗੁਰਦੁਆਰੇ!

ਸਾਡੇ ਘਰੇ ਝਾੜੂ-ਪੋਚਾ ਲਾਉਣ ਆਉਂਦੀ ਬਿਹਾਰੀ ਬੀਬੀ ਇੱਕ ਦਿਨ ਕੰਮਕਾਰ ਨਿਬੇੜ ਕੇ ਸਾਡੀ ਨੂੰਹ ਨੂੰ ਕਹਿਣ ਲੱਗੀ, "ਬੀਬੀ ਜੀ ਕੱਲ੍ਹ ਕੋ ਹਮ ਨਹੀਂ ਆਏਂਗੇ।" ਨੂੰਹ ਵੱਲੋਂ ਕਾਰਨ ਪੁੱਛਣ 'ਤੇ ਉਹ ਦੱਸਣ ਲੱਗੀ, "ਵੋਹ ਜੋ ਬਾਗ ਵਾਲਾ ਗੁਰੂਦਵਾਰਾ ਹੈ ਨਾ, ਕੱਲ੍ਹ ਕੋ ਉਨਹੋਂ ਨੇ ਬਾਬਾ ਜੀ ਕੋ ਟਰਾਲੀ ਮੇਂ ਬਿਠਾ ਕਰ ਇਧਰ ਉਧਰ ਘੂਮਨਾ ਹੈ ... .... ਹਮ ਸਭ ਕੋ ਕੱਲ੍ਹ ਟਰਾਲੀਉਂ ਮੇਂ ਬੈਠਨੇ ਕੇ ਲੀਏ ਬੋਲਾ ਹੈ ਉਨਹੋਂ ਨੇ!"

ਆਪਣੇ ਕਮਰੇ ਵਿੱਚ ਦਸਤਾਰ ਬੰਨ੍ਹਦੇ ਨੂੰ ਮੈਨੂੰ ਉਸ ਬੀਬੀ ਵੱਲੋਂ 'ਨਗਰ ਕੀਰਤਨ' ਦੀ ਦੱਸੀ ਗਈ 'ਅਜੀਬ ਪ੍ਰੀਭਾਸ਼ਾ' ਸੁਣ ਕੇ ਯਾਦ ਆਇਆ ਕਿ ਸਾਡੇ ਲਾਗਲੇ ਪਿੰਡ ਵਾਲ਼ੇ ਸੱਜਣ ਪਰਸੋਂ ਮਨਾਏ ਜਾ ਰਹੇ ਗੁਰਪੁਰਬ ਤੋਂ ਇੱਕ ਦਿਨ ਪਹਿਲਾਂ ਨਗਰ ਕੀਰਤਨ ਕੱਢ ਰਹੇ ਹਨ, ਜੋ ਲਾਗੇ ਲਾਗੇ ਦੇ ਕਈ ਪਿੰਡਾਂ ਦੀ ਪਰਕਰਮਾ ਕਰੇਗਾ।

ਨਗਰ ਕੀਰਤਨ ਵਾਲੇ ਦਿਨ ਮੈਂ ਖੁਦ ਹਾਜ਼ਰੀ ਭਰਦਿਆਂ ਦੇਖਿਆ ਕਿ ਬਾਰਾਂ ਤੇਰਾਂ ਟ੍ਰੈਕਟਰ-ਟਰਾਲੀਆਂ ਵਿੱਚੋਂ ਅੱਧੀਆਂ ਕੁ ਉੱਤੇ ਯੂ.ਪੀ ਬਿਹਾਰੀ ਪ੍ਰਵਾਰਾਂ ਦੀਆਂ ਬੀਬੀਆਂ ਅਤੇ ਬੱਚੇ ਸਜੇ ਬੈਠੇ ਸਨ! ਨਾਲ਼ੇ ਤਾਂ ਉਹ ਖੁਸ਼ ਹੋ ਹੋ ਕੇ ਸਮੋਸੇ ਲੱਡੂ ਤੇ ਬਦਾਣੇ-ਭੁਜੀਏ ਦੇ ਡੂੰਨੇ ਛਕ ਰਹੇ ਸਨ ਅਤੇ ਨਾਲ਼ੇ ਉਹ ਹੱਥਾਂ ਵਿੱਚ ਫੜੇ ਪੌਲੀਥੀਨ ਦੇ ਲਿਫਾਫਿਆਂ ਵਿੱਚ ਵਰਤਾਇਆ ਜਾ ਰਿਹਾ ਵਾਧੂ ਸਮਾਨ ਪਾਈ ਜਾ ਰਹੇ ਸਨ।

ਅਗਵਾਈ ਕਰ ਰਹੇ ਪੰਜਾਂ ਪਿਆਰਿਆਂ ਦੇ ਅੱਗੇ ਅੱਗੇ ਝਾੜੂ ਫੇਰ ਰਹੀਆਂ ਦੇਸੀ ਬੀਬੀਆਂ ਵਿੱਚ ਕੁਝ ਪ੍ਰਦੇਸੀ ਬੀਬੀਆਂ ਵੀ ਉਸੇ ਸ਼ਰਧਾ ਸਤਿਕਾਰ ਨਾਲ ਸੇਵਾ ਕਰ ਰਹੀਆਂ ਸਨ!

ਫਿਰ ਇੱਕ ਦਿਨ ਸਾਡੇ ਪਿੰਡ ਵਿੱਚ ਰੌਲ਼ਾ ਪੈ ਗਿਆ ਕਿ ਰਾਤੋ ਰਾਤ ਬੇਟ ਟਿਊਬਵੈਲਾਂ ਤੋਂ ਕੋਈ ਪੰਜ ਇੰਜਣ ਖੋਲ੍ਹ ਕੇ ਲੈ ਗਿਆ। ਸਵੇਰੇ ਸੈਰ ਕਰਨ ਗਏ ਨੇ ਮੈਂ ਕੁਝ ਪਿੰਡ ਵਾਸੀਆਂ ਨੂੰ ਪੁੱਛਿਆ ਕਿ 'ਇਹ ਕੰਮ' ਬਾਹਰਲੇ ਕਾਮਿਆਂ ਦਾ ਹੋਵੇਗਾ? ਮੈਨੂੰ ਜਵਾਬ ਮਿਲਿਆ ਕਿ ਇੰਨੇ ਵੱਡੇ ਲੈਵਲ ਦੀ ਚੋਰੀ ਭਈਏ ਨੀ ਕਰ ਸਕਦੇ ਵੀਰਾ!

ਲਾਗਲੇ ਪਿੰਡ ਮਝੂਰ ਰਹਿੰਦੇ ਆਪਣੇ ਇੱਕ ਪੁਰਾਣੇ ਮਿੱਤਰ ਨੂੰ ਸਾਈਕਲ 'ਤੇ ਮਿਲਣ ਜਾਂਦਿਆਂ ਰਾਹ ਵਿੱਚ ਇੱਕ ਹੋਰ ਜਾਣੂ ਮਿਲ ਪਿਆ ਜੋ ਮੇਰੇ ਵਾਂਗ ਹੀ ਵਿਦੇਸ਼ੋਂ ਆ ਕੇ ਆਪਣੇ ਪਿੰਡ ਕਈ ਕਈ ਮਹੀਨੇ ਰਹਿੰਦਾ ਹੈ। ਉਸਨੇ ਮੈਨੂੰ ਸੁਝਾਅ ਦਿੰਦਿਆਂ ਦੱਸਿਆ ਕਿ ਯਾਰ, ਜਿਵੇਂ ਮੈਂ ਇੱਥੇ ਆ ਕੇ ਹਰ ਵਾਰ ਨਵਾਂ ਸਾਈਕਲ ਲੈ ਲੈਂਦਾ ਹਾਂ ਤੇ ਕੁਝ ਮਹੀਨਿਆਂ ਬਾਅਦ ਜਾਣ ਲੱਗਾ ਕਿਸੇ ਭਈਏ ਨੂੰ ਫਰੀ ਦੇ ਜਾਂਦਾ ਹਾਂ, ਤੂੰ ਵੀ ਇੱਦਾਂ ਹੀ ਕਰਿਆ ਕਰ!

ਮੈਨੂੰ ਹਿਰਖ ਜਿਹਾ ਆਇਆ ਕਿ ਭਈਆਂ ਨੂੰ ਹੀ ਕਿਉਂ, ਕਿਸੇ 'ਆਪਣੇ' ਲੋੜਵੰਦ ਭਰਾ ਨੂੰ ਕਿਉਂ ਨਹੀਂ ਦਿੰਦੇ ਤੁਸੀਂ ਸਾਈਕਲ?

ਉਹ ਬੋਲਿਆ, "'ਆਪਣੇ' ਦੀ ਗੱਲ ਸੁਣ ਲੈ ਭਰਾਵਾ! ਇੱਕ ਵਾਰ ਮੈਂ ਫਲਾਣਾ ਸਿੰਘ ਨੂੰ ਸਾਈਕਲ ਦੇ ਗਿਆ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਘਰ ਕੋਈ ਮੌਤ ਹੋ ਗਈ। ਮੈਨੂੰ ਕਹਿੰਦੇ ਅਖੇ ਆਪਣਾ 'ਗ੍ਰੌਹ ਟਾਲਣ' ਲਈ ਉਹ ਸਾਨੂੰ 'ਲੋਹਾ ਦਾਨ' ਕਰ ਗਿਆ ਐ! ... ਉਹੀ ਸਾਈਕਲ ਉਨ੍ਹੀਂ ਕਿਸੇ ਭਈਏ ਨੂੰ ਵੇਚ ਕੇ ਪੈਸੇ ਵੱਟ ਲਏ!"

ਆਪਣੇ ਪਿੰਡ ਦੇ ਲਾਗਲੇ ਕਸਬੇ ਜਾਡਲੇ ਲਾਗੇ ਸੜਕ ਕੰਢੇ ਫ਼ਲ ਫਰੂਟ ਤੇ ਸਬਜ਼ੀਆਂ ਦੀ ਦੁਕਾਨ ਤੋਂ ਸਮਾਨ ਖਰੀਦ ਕੇ ਅੱਗੇ ਲੰਗੜੋਏ ਪਿੰਡ ਵੱਲ ਜਾਣ ਲਈ ਜਦੋਂ ਮੈਂ ਸਕੂਟਰ ਸਟਾਰਟ ਕੀਤਾ ਤਾਂ ਦੋ ਝੋਲ਼ੇ ਅਤੇ ਡੱਬਾ ਚੁੱਕੀ ਖੜ੍ਹੇ ਇੱਕ ਭਈਏ ਵੱਲ ਇਸ਼ਾਰਾ ਕਰਕੇ ਦੁਕਾਨਦਾਰ ਮੈਨੂੰ ਕਹਿੰਦਾ, "ਭਾਅ ਜੀ, ਇਹਨੂੰ ਪੈਟ੍ਰੋਲ ਪੰਪ ਤਕ ਨਾਲ ਲੈ ਜਾਉਗੇ?"

ਮੈਂ ਉਹਨੂੰ ਪਿੱਛੇ ਬਿਠਾ ਲਿਆ। ਪੁੱਛਣ 'ਤੇ ਉਸਨੇ ਦੱਸਿਆ ਕਿ ਮੈਂ ਖੇਤਾਂ ਵਿੱਚ ਕੰਮ ਕਰਦੇ ਆਪਣੇ ਸਾਥੀਆਂ ਲਈ ਰੋਟੀ ਲੈ ਕੇ ਜਾ ਰਿਹਾ ਹਾਂ! ਰੋਡ 'ਤੇ ਖੇਤਾਂ ਕੋਲ ਪਹੁੰਚ ਕੇ ਉਸਨੇ ਸਕੂਟਰ ਰੁਕਵਾਇਆ ਤੇ ਉੱਤਰਨ ਲੱਗਾ ਡੱਬਾ ਤੇ ਝੋਲ਼ੇ ਮੇਰੇ ਮੋਹਰੇ ਨੂੰ ਕਰਕੇ ਉਹ ਬੋਲਿਆ, "ਸ਼ਰਦਾਰ ਜੀ ਪ੍ਰਸ਼ਾਦਾ ਛਕ ਲੋ ਤੁਸੀਂ ਵੀ?" ਹਾਲਾਂਕਿ ਉਸ ਵੇਲੇ ਮੈਂ ਕਾਹਲ਼ੀ ਵਿੱਚ ਸਾਂ ਪਰ ਉਸਨੇ ਮੈਨੂੰ ਇੰਨੇ ਮੋਹ ਅਤੇ ਸਤਿਕਾਰ ਨਾਲ 'ਪ੍ਰਸ਼ਾਦਾ ਛਕਣ' ਦੀ ਪੇਸ਼ਕਸ਼ ਕੀਤੀ ਕਿ ਮੇਰੇ ਗਲੇਡੂ ਭਰ ਆਏ! ਸਕੂਟਰ ਖੜ੍ਹਾ ਕਰਕੇ ਮੈਂ ਉਹਨੂੰ ਗਲਵਕੜੀ ਵਿੱਚ ਲੈ ਲਿਆ! ਧੰਨਵਾਦ ਕਰਦਿਆਂ ਮੈਂ ਉਸ ਨੂੰ ਪੁੱਛਿਆ ਕਿ ਉਸਨੇ ਇੱਦਾਂ ਕਿਸੇ ਨੂੰ ਰੋਟੀ ਖਿਲਾਉਣ ਲਈ ਕਹਿਣਾ ਕਿੱਥੋਂ ਸਿੱਖਿਆ ਹੈ? "ਹਮਾਰੇ ਜੋ ਸ਼ਰਦਾਰ ਜੀ ਹੈਂ ਨਾ ਦੁਕਾਨ ਪੇ ..." ਉਹ ਜਵਾਬ ਦੇਣ ਲੱਗਾ, "... ... .ਵੋਹ ਜਬ ਖਾਣਾ ਖਾ ਰਹੇ ਹੋਤੇ ਹੈਂ, ਉਸ ਸਮਯ ਦੁਕਾਨ ਪਰ ਕੋਈ ਵੀ ਗ੍ਰਾਹਕ ਆ ਜਾਏ ,ਵੋ ਉਸਕੋ ਪਹਲੇ ਯੇਹ ਜ਼ਰੂਰ ਕਹਤੇ ਹੈਂ, ਪ੍ਰਸ਼ਾਦਾ ਛਕ ਲੋ ਪਾਜੀ ... ...!"

# " ਲੱਦ ਗਏ ਨੇ ਪੂਰ ਵੇ"

ਪਾਪਾ ਦਾ ਲਿਖਿਆ ਇਹ ਗੀਤ ਮੈਨੂੰ ਬੇਹੱਦ ਪਸੰਦ ਹੈ- "ਤੁਰ ਗਈਆਂ ਬੇੜੀਆਂ ਤੇ, ਲੱਦ ਗਏ ਨੇ ਪੂਰ ਵੇ, ਖ਼ੜੀ ਮੈਂ ਖੜ੍ਹੋਤੀ ਰਹਿਗੀ ਕੰਢੇ ਤੇ ਦੂਰ ਵਾ।" ਰਿਸ਼ਤੀਆਂ ਦੀ ਦਾਸਤਾਨ ਵੀ ਕਿੰਨੀ ਖ਼ੂਬਸੂਰਤ ਏ, ਬੇਹੱਦ ਕੀਮਤੀ ਨੇ ਜੀਵਨ ਦੇ ਇਹ ਅਨਮੋਲ ਰੰਗ। ਗਾਹੇ-ਵਿਗਾਹੇ ਸਾਡੇ ਚੇਤਿਆ 'ਚ ਘੁਲ ਕੇ ਸਾਡਾ ਆਪਾਂ ਮਹਿਕਾ ਜਾਂਦੇ ਨੇ। ਭਾਵੇਂ ਕਿ ਮਨ ਉਹਨਾਂ ਖ਼ੂਬਸੂਰਤ ਪਲਾਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ, ਪਰ ਮਹਿਕਾਂ ਕਦੇ ਫੜ ਹੁੰਦੀਆਂ ਨੇ ਭਲਾ ? ਕਦੇ ਸੁਗੰਧਾਂ ਵੀ ਕੈਦ ਹੋਈਆਂ ਨੇ। ਸਮੇਂ ਦੇ ਵਹਿਣਾਂ 'ਚ ਵਹਿ ਚੁੱਕੇ ਇਹ ਅਨਮੋਲ਼ ਖ਼ਜ਼ਾਨੇ ਹੌਲੀ ਹੌਲੀ ਜ਼ਿੰਦਗੀ ਨਾਲ ਤਿਲਕ ਜਾਂਦੇ ਨੇ ਤੇ ਬਣ ਜਾਂਦੇ ਨੇ ਲੰਘੇ ਵਕਤ ਦੇ ਪਰਛਾਵੇਂ। ਪਿੱਛੇ ਰਹਿ ਜਾਂਦੇ ਨੇ ਉਦਰੇਵੇਂ , ਬੀਤੇ ਦੀ ਚੀਸ ਤੇ ਹਰ ਸ਼ੈਅ ਵਿਚੋਂ ਭਾਲਣ ਦੀ ਅਣਥੱਕ ਕੋਸ਼ਿਸ਼ਾਂ ਫਿਰ ਨਹੀਂ ਲੱਭਦੇ ਇਹ ਜੀਵਨ ਦੇ ਸੁਨਹਿਰੀ ਰੰਗ। ਬਸ ਇਹੀ ਜਿੰਦਗੀ ਹੈ ਜਨਾਬ!

ਅਸੀਂ ਉਦੋਂ ਮਾਸਟਰਾਂ ਵਾਲੇ ਘਰ ਕਿਰਾਏ ਤੇ ਰਹਿੰਦੇ ਹੁੰਦੇ ਸੀ। ਵੱਡਾ ਵੀਰਾ ਸ਼ਾਇਦ ਛੇਵੀਂ ਜਾਂ ਸੱਤਵੀਂ ਜਮਾਤ ਵਿੱਚ ਹੋਵੇਗਾ। ਮੈਂ ਦੂਜੀ ਜਮਾਤ ਵਿੱਚ ਸਾਂ। ਸਕੂਲ ਜਾਣ ਨੂੰ ਜੀਅ ਨਾ ਕਰਨਾ। ਗਲੀ ਗੁਆਂਢ ਦੇ ਜੁਆਕਾਂ ਨਾਲ ਖੇਡਣਾ ਬੜਾ ਚੰਗਾ ਲੱਗਣਾ। ਉਨ੍ਹਾਂ ਦਿਨਾਂ ਵਿੱਚ ਸਾਡੀ ਗਲੀ 'ਚ ਲਸਣ ਮੇਥੀ ਵੇਚਣ ਵਾਲਾ ਬਾਬਾ ਆਇਆ ਕਰਦਾ ਸੀ। ਉਸਦੇ ਲੰਬਾ ਸਾਰਾ ਗੋਡਿਆਂ ਤੋਂ ਥੱਲੇ ਤੱਕ ਖੱਦਰ ਦਾ ਕੁੜਤਾ ਪਾਇਆ ਹੋਣਾ, ਉਸਦੇ ਸਾਰੇ ਕੁੜਤੇ ਦੇ ਮੂਹਰੇ ਬੱਚਿਆਂ ਦੇ ਖੇਡਣ ਵਾਲੇ ਨਿੱਕੇ-ਨਿੱਕੇ ਖਿਡੌਣੇ , ਰੰਗ ਬਰੰਗੀਆਂ ਮਿੱਠੀਆਂ ਗੋਲੀਆਂ, ਕੰਘੇ , ਬਕਸੂਏ, ਸੂਈਆਂ ਆਦਿ ਕਿੰਨਾ ਹੀ ਕੁਝ ਟੰਗਿਆਂ ਹੁੰਦਾ। ਬਾਬੇ ਦੀ ਚਿੱਟੀ ਦਾਹੜੀ, ਸਿਰ ਤੇ ਮੁਸਲਮਾਨੀ ਟੋਪੀ ਤੇ ਹੱਥ ਵਿੱਚ ਹਲਕੀ ਜਿਹੀ ਤੂਤ ਦੀ ਛਮਕ ਫੜੀ ਹੁੰਦੀ। ਬਾਬਾ ਹਫ਼ਤੇ ਕੁ ਬਾਅਦ ਆਇਆ ਕਰਦਾ ਸੀ। ਪਹਿਲਾਂ ਤਾਂ ਉਸਦਾ ਪਤਾ ਨਾ ਲੱਗਦਾ ਕਿ ਬਾਬੇ ਨੇ ਕਿਹੜੇ ਦਿਨ ਆਉਣਾ ਹੈ। ਫਿਰ ਹੌਲੀ -ਹੌਲੀ ਪਤਾ ਲੱਗਣ ਲੱਗ ਗਿਆ ਕਿ ਬਾਬਾ ਫਲਾਣੇ ਦਿਨ ਆਵੇਗਾ। ਉਸ ਦਿਨ ਮਨ ਵਿੱਚ ਬਹੁਤ ਖ਼ੁਸ਼ੀ ਹੋਣੀ ਤੇ ਨਾਲ ਹੀ ਢਿੱਡ ਦਰਦ ਹੋਣ ਲੱਗ ਜਾਣਾ। ਸਕੂਲੋਂ ਟਲਣ ਦੇ ਬਹਾਨੇ ਲੱਗਣੇ ਸ਼ੁਰੂ ਹੋ ਜਾਣੇ। ਜਦੋਂ ਸਕੂਲ ਦਾ ਸਮਾਂ ਲੰਘ ਜਾਣਾ ਆਪਾਂ ਫਿਰ ਚੰਗੇ ਭਲੇ ਹੋ ਜਾਣਾ। ਬਾਬੇ ਨੇ ਛੋਟੇ ਬੱਚਿਆਂ ਨੂੰ ਇੱਕ- ਇੱਕ ਮਿੱਠੀ ਗੋਲੀ ਦੇਣਾ ਤੇ ਅਸੀਂ ਖ਼ੁਸ਼ ਹੋ ਜਾਣਾ।ਜਿੱਥੋਂ ਤੱਕ ਗਲੀ ਜਾਂਦੀ ਬਾਬੇ ਦੇ ਮਗਰੇ - ਮਗਰ ਤੁਰੇ ਜਾਣਾ। ਜਿੱਥੇ ਕਿਸੇ ਦੇ ਘਰ ਨੇ ਬਾਬੇ ਤੋਂ ਸਮਾਨ ਲੈਣਾ, ਉਥੇ ਅਸੀਂ ਵੀ ਰੁਕ ਜਾਣਾ। ਜਦੋਂ ਬਾਬਾ ਹੱਸਦਾ ਤਾਂ ਉਸਦੇ ਚਿੱਟੇ ਮੋਤੀਆਂ ਵਰਗੇ ਦੰਦ ਉਸਦੇ ਬੁਢਾਪੇ ਨੂੰ ਖ਼ੂਬਸੂਰਤ ਬਣਾ ਦਿੰਦੇ । ਮੈਂ ਬਾਬੇ ਨੂੰ ਕਦੇ ਕਿਸੇ ਨਾਲ ਉਚੀ ਜਾਂ ਖਰਵੀਂ ਅਵਾਜ਼ 'ਚ ਕਦੇ ਵੀ ਬੋਲਦੇ ਨਹੀਂ ਸੀ ਸੁਣਿਆ। ਹੌਲੀ-ਹੌਲੀ ਮਿੱਠੀਆਂ ਗੋਲੀਆਂ ਵਾਲੇ ਬਾਬੇ ਦਾ ਆਉਣਾ ਘਟ ਗਿਆ। ਹਰ ਰੋਜ਼ ਬੜੀ ਬੇਸਬਰੀ ਨਾਲ ਉਡੀਕਣਾ ਪਰ ਬਾਬਾ ਅੱਜ ਤੱਕ ਕਦੇ ਵੀਂ ਨਾ ਮੁੜਿਆ। ਹੁਣ ਮੈਨੂੰ ਉਹ ਬਾਬਾ ਹਿੰਦੀ ਦੇ ਮਹਾਨ ਲੇਖਕ ਸ਼੍ਰੀ ਮੁਨਸ਼ੀ ਪ੍ਰੇਮ ਚੰਦ ਜੀ ਦੀ ਕਹਾਣੀ 'ਕਾਬਲੀ ਵਾਲਾ ' ਦਾ ਪਾਤਰ ਲੱਗਦਾ ਹੈ।



ਕੁਝ ਵਰ੍ਹੇ ਪਹਿਲਾਂ ਦਾਦੀ ਦੱਸਦੀ ਹੁੰਦੀ ਸੀ ਕਿ 'ਭਾਦੋਂ ' ਦੇ ਮਹੀਨੇ ਸੇਵੀਆਂ ਘਰੇ ਵੱਟਣੀਆਂ । ਉਦੋਂ ਕਿਹੜੀਆਂ ਮਸ਼ੀਨਾਂ ਹੁੰਦੀਆਂ ਸੀ। ਅਸੀਂ ਤਾਂ ਭਾਈ ਆਂਢ- ਗੁਆਂਢ ਦੀਆਂ ਕੁੜੀਆਂ ਕੱਤਰੀਆਂ ਕੱਠੀਆਂ ਹੋ ਭੁੱਜੇ ਪੱਲੀ ਵਿਛਾ ਤੌੜੇ ਮੂਧੇ ਮਾਰ ਲੈਣੇ ਫਿਰ ਕਰੀਰ ਵੱਢ ਲਿਆਉਣੇ, ਉਦੋਂ ਕਰੀਰ ਬਹੁਤ ਹੁੰਦੇ ਸੀ। ਸੇਵੀਆਂ ਤੌੜਿਆਂ ਤੇ ਵੱਟ- ਵੱਟ ਕਰੀਰੇ ਤੇ ਪਾਈ ਜਾਣੀਆਂ। ਸੋਡੀ ਮਾਸੀ ਜੀਤੋਂ ਆਥਣ ਨੂੰ ਪਸੇਰੀ ਪੱਕਾ ਆਟਾ ਵੱਟ ਦਿੰਦੀ ਸੀ।" ਸਮਾਂ ਬਦਲਦਾ ਗਿਆ। ਸਾਡੇ ਵੇਲੇ ਐਤਵਾਰ ਵਾਲੇ ਦਿਨੁ ਕਿਸੇ ਦੇ ਘਰੋਂ ਘੋੜੀ (ਜ਼ਿੰਦਰੀ - ਸੇਵੀਆਂ ਵੱਟਣ ਵਾਲੀ ਮਸ਼ੀਨ) ਲੈ ਆਉਣੀ ਫਿਰ ਉਸਨੂੰ ਮੰਜੇ ਦੀ ਦੌਣ ਨਾਲ ਚੰਗੀ ਤਰ੍ਹਾਂ ਕਸ ਕੇ ਬੰਨ੍ਹ ਲੈਣਾ, ਤੇ ਨੇੜੇ ਹੀ ਧੁੱਪ ਦੋ ਮੰਜੇ ਮੂਧੇ ਮਾਰਕੇ ਰੱਸੀਆ ਪਾਇਆ ਨਾਲ ਬੰਨ੍ਹ ਲੈਣੀਆਂ ਤੇ ਬਹਿ ਜਾਣਾ ਜ਼ਿੰਦਗੀ ਫੇਰਨ। ਪਹਿਲਾਂ ਤਾਂ ਚਾਰ -ਪੰਜ ਗੇੜੇ ਬੜੇ ਚਾਅ ਨਾਲ ਦੇਣੇ, ਫਿਰ ਜਦੋਂ ਆਟੇ ਨਾਲ ਮਸ਼ੀਨ ਭਾਰੀ ਹੋ ਜਾਣੀ ਰੁਕ-ਰੁਕ ਸਾਰ ਲੈਣਾ। ਸ਼ਾਮ ਹੁੰਦਿਆਂ ਕਿੰਨੀਆਂ ਹੀ ਸੇਵੀਆਂ ਵੱਟ ਦੇਣੀਆਂ। ਆਥਣੇ ਮਾਂ ਨੂੰ ਸੇਵੀਆਂ ਧਰਨ ਲਈ ਕਾਹਲ਼ ਕਰਨੀ। ਮਾਂ ਨੇ ਬਥੇਰਾ ਕਹਿਣਾ ਕਿ ਹਾਲੇ ਸੁੱਕੀਆਂ ਨਹੀਂ,ਹਨ। ਪਰ ਕਦੋਂ ਮਨਣੀ। ਬਸ ਇਹੀ ਹੁੰਦਾ ਕਿ ਹੁਣੇ ਬਣ ਕੇ ਮੂੰਹ 'ਚ ਪੈ ਜਾਣ।

ਇਸੇ ਤਰ੍ਹਾਂ ਸਮੇਂ ਦੇ ਬੀਤਣ ਨਾਲ ਸੇਵੀਆਂ ਵੱਡੀਆਂ ਮਸ਼ੀਨਾਂ ਨਾਲ ਵੱਟੀਆਂ ਜਾਣ ਲੱਗੀਆਂ। ਮੇਰੇ ਸਹੁਰੇ ਘਰ ਹਰ ਸਾਲ ਇਕ ਚਾਚਾ ਸੇਵੀਆਂ ਵੱਟਣ ਵਾਲਾ ਆਇਆ ਕਰਦਾ ਸੀ। ਜਦੋਂ ਉਸ ਨੇ ਗਲੀ ਵਿੱਚ ਸਾਡੇ ਘਰ ਦੇ ਮੂਹਰੇ ਆ ਕੇ ਅਵਾਜ਼ ਲਾਉਣੀ ਤਾਂ ਮੈਂ ਝੱਟ ਬਾਹਰ ਆ ਜਾਣਾ ਉਸਨੇ ਕਹਿਣਾ- " ਕਿਉਂ ਕੁੜੇ ਸੇਵੀਆਂ ਵਟਾਉਣੀਆਂ ?" ਮੇਰੀ ਹਾਂ ਕਰਨ ਤੋਂ ਪਹਿਲਾਂ ਹੀ ਅੰਦਰੋਂ ਬੀਜੀ ਦੀ ਅਵਾਜ਼ ਆ ਜਾਣੀ "ਬਾਈ ਜਦੋਂ ਅਗਲੇ ਗੇੜੇ ਆਇਆ ਉਦੋਂ ਵੱਟਾਂ ਲਵਾਂਗੇ, ਹਜੇ ਆਟਾ ਨਹੀਂ ਕੱਪੜਛਾਣ ਕੀਤਾ।" ਤਾਂ ਉਸਨੇ ਮੱਲੋ-ਮੱਲੀ ਆਪਣੀ ਪੀਟਰ ਰੇੜ੍ਹੇ ਵਾਲੀ ਮਸ਼ੀਨ ਸਾਡੇ ਵਿਹੜੇ ਵਿੱਚ ਲੈ ਆਉਣੀ ਤੇ ਉੱਚੀ ਅਵਾਜ਼ 'ਚ ਕਹਿਣਾ- " ਲਿਆਓ ਕੁੜੇ ਕੁੜੀਓ ਆਟਾ ਮੈਂ ਕੱਪੜਛਾਣ ਕਰ ਲੈਨਾ।" ਤੇ ਉਸ ਨੇ ਆਪੇ ਹੀ ਰਸੋਈ 'ਚ ਜਾ ਕੇ ਆਟੇ ਵਾਲੀ ਡਰੰਮੀ ਕੋਲ ਜਾ ਕੇ ਆਪੇ ਹੀ ਛਾਨਣੀ ਨਾਲ ਆਟਾ ਕੱਪੜਛਾਣ ਕਰ ਲੈਣਾ ਤੇ ਆਪ ਹੀ ਵਿੱਚ ਸੂਜੀ ਤੇ ਮੈਦਾ ਮਿਲਾ ਕੇ ਮੰਜਾ ਮੂਧਾ ਮਾਰ ਦੁਆਲੇ ਰੱਸੀਆਂ ਬੰਨ੍ਹ ਦੇਣੀਆਂ ਤੇ ਅੱਧੇ ਘੰਟੇ 'ਚ ਸੇਵੀਆਂ ਵੱਟ ਜਾਣੀਆਂ। ਨਾਲੇ ਗੱਲਾਂ ਸੁਣਾਈ ਜਾਣਾ। ਇਕ ਦਿਨ ਮੈਨੂੰ ਦੇਖ ਬੀਜੀ ਨੂੰ ਕਹਿੰਦਾ "ਕੁੜੇ, ਕੁੜੀ ਇਥੇ ਹੀ ਰਹਿੰਦੀ ਆ ? ਸਹੁਰੇ ਚੰਗੇ ਨੀ ਮਿਲੇ ?" ਬੀਜੀ ਅੱਗੋਂ ਹੱਸ ਪਈ ਕਹਿੰਦੀ "ਨਹੀਂ ਬਾਈ ਇਹ ਤਾਂ ਮੇਰੀ ਨੂੰਹ ਹੈ।" ਉਸ ਨੇ ਬੜੀਆਂ ਹੀ ਹੈਰਾਨੀ ਭਰੀਆਂ ਨਜ਼ਰਾਂ ਨਾਲ ਮੈਨੂੰ ਦੇਖਿਆ ਤੇ ਜਾਂਦਾ ਹੋਇਆ ਨਾਲੇ ਮੇਰਾ ਸਿਰ ਪਲੋਸ ਗਿਆ ਤੇ ਨਾਲੇ ਦਸ ਰੁਪਏ ਦੇ ਗਿਆ। ਉਹਦਾ ਆਪੇ ਆ ਕੇ ਇਹ ਸਾਰਾ ਕੰਮ ਕਰਨਾ ਮੈਨੂੰ ਬੜਾ ਚੰਗਾ ਲੱਗਦਾ। ਹੁਣ ਉਸ ਨਾਲ ਮੋਹ ਦੀ ਰਿਸ਼ਤੇਦਾਰੀ ਪੈ ਗਈ ਸੀ। 2017 ਦੀ ਸਾਰੀ ਭਾਦੋਂ ਦਾ ਮਹੀਨਾ ਲੰਘ ਗਿਆ । ਸੇਵੀਆਂ ਵਾਲਾ ਚਾਚਾ ਨਾ ਆਇਆ। ਇਕ ਦਿਨ ਸਰਸਰੀ ਜਿਹੇ ਬੀਜੀ ਨੂੰ ਪੁੱਛਿਆ - "ਬੀਜੀ ਸੇਵੀਆਂ ਵਾਲਾ ਚਾਚਾ ਨਹੀਂ ਆਇਆ ਇਸ ਵਾਰ ?" "ਕਿਸੇ ਹੋਰ ਪਿੰਡ ਚਲਿਆ ਗਿਆ ਹੋਵੇਗਾ, ਨਹੀਂ ਟਾਈਮ ਲੱਗਿਆ ਹੋਣਾ।" ਗੱਲ ਆਈ ਗਈ ਹੋ ਗਈ। ਕੁਝ ਦਿਨਾਂ ਬਾਅਦ ਗਲੀ ਚੋ ਸੇਵੀਆਂ ਵੱਟਣ ਵਾਲੇ ਦੀ ਆਵਾਜ਼ ਆਈ। ਮੈਂ ਭੱਜ ਕੇ ਬਾਹਰ ਗਈ। ਉਹੀ ਮਸ਼ੀਨ, ਉਹੀ ਪੀਟਰ ਰੇਹੜਾ, ਪਰ ਚਾਚਾ ਨਹੀਂ ਸੀ। ਚਾਚੇ ਦੀ ਥਾਂ ਬਾਈ, ਤੇਈ ਸਾਲਾਂ ਦਾ ਮੁੰਡਾ, ਹੋਕਾ ਦੇ ਰਿਹਾ ਸੀ। ਬੀਜੀ ਨੇ ਪੁੱਛਿਆ "ਵੇ ਮੁੰਡਿਆਂ ਇਕ ਹੋਰ ਬਾਈ ਆਉਂਦਾ ਹੁੰਦਾ ਸੀ। ਇਹੀ ਰੇੜ੍ਹੀ ਲੈ ਕੇ, ਉਹ ਨਹੀਂ ਆਉਂਦਾ , ਹੁਣ ਦੋ ਸਾਲ ਹੋ ਗਏ।" ਮੁਸ਼ਕੀ ਜਿਹੇ ਮੁੰਡੇ ਦੀਆਂ ਅੱਖਾਂ ਭਰ ਆਈਆਂ ਤੇ ਆਵਾਜ਼ ਗਲੇ 'ਚ ਲਟਕ ਗਈ ਮੱਸਾ ਹੀ ਬੋਲ ਪਾਇਆ। "ਜੀ ਉਹ ਤਾਂ ਮੇਰਾ ਪਿਓ ਸੀ, ਦੋ ਸਾਲ ਹੋ ਗਏ ਦੁਰਘਟਨਾ 'ਚ ਮਰ ਗਿਆ।" ਕਹਿੰਦਿਆਂ ਉਸ ਸਾਂਵਲੇ ਜਿਹੇ ਮੁੰਡੇ ਦਾ ਗਲ ਭਰ ਆਇਆ। ਉਸ ਦਿਨ ਨਾ ਹੀ ਕਿਸੇ ਨੇ ਸਾਡੇ ਵਿਹੜੇ ਵਿੱਚ ਮਸ਼ੀਨ ਲਿਆਂਦੀ ਤੇ ਨਾਂ ਹੀ ਸੇਵੀਆਂ ਵੱਟੀਆਂ। ਕਿਸੇ ਸ਼ਾਇਰ ਨੇ ਕਿੰਨਾ ਖ਼ੂਬਸੂਰਤ ਲਿਖਿਆ ਏ ਕਿ

"ਹਰ ਜਗ੍ਹਾ ਇਤਰ ਹੀ ਨਹੀਂ ਮਹਿਕਾ ਕਰਤੇ,
ਕਭੀ-ਕਭੀ ਸ਼ਖ਼ਸੀਅਤ ਭੀ ਖੁਸ਼ਬੂ ਦੇ ਜਾਤੀ ਹੈ।"



**ਅੰਮ੍ਰਿਤਪਾਲ ਕੌਰ**
**ਪਿੰਡ -ਚੀਦਾ (ਸੁਖਾਨੰਦ) ਮੋਗਾ**
**9915780980**

# ਸੁਨੇਹਾ

ਲੇਖਕ : ਕੁਲਮਿੰਦਰ ਕੌਰ,
ਸੰਪਰਕ: 98156-52272

ਜ਼ਿੰਦਗੀ ਦੇ ਫ਼ੈਸਲੇ ਅਸੀਂ ਖ਼ੁਦ ਕਰਦੇ ਹਾਂ ਪਰ ਕੁਝ ਕੁ ਸਮੇਂ ਦਾ ਚੱਕਰ ਵੀ ਹੁੰਦਾ ਹੈ। ਮੇਰੇ ਪਤੀ ਦੀ ਮੌਤ ਤੋਂ ਦੋ ਮਹੀਨੇ ਬਾਅਦ ਮੇਰੀ ਵੱਡੀ ਦੋਹਤੀ ਦਾ ਵਿਆਹ ਸੀ ਜੋ ਪਹਿਲਾਂ ਹੀ ਮਿਥਿਆ ਸੀ। ਸਾਰਾ ਪਰਿਵਾਰ ਸਿਡਨੀ (ਆਸਟਰੇਲੀਆ) ਤੋਂ ਆਇਆ ਹੋਇਆ ਸੀ। ਚੰਡੀਗੜ੍ਹ ਦੇ ਵੱਡੇ ਰਿਜੌਰਟ 'ਚ ਦਾਦਕੇ ਪਰਿਵਾਰ ਨੇ ਆਲੀਸ਼ਾਨ ਵਿਆਹ ਕੀਤਾ। ਜ਼ਿਆਦਾ ਸਮਾਂ ਮੇਰੇ ਨਾਲ ਬਿਤਾਇਆ। ਇਨ੍ਹਾਂ ਦੇ ਸਾਥ 'ਚ ਵੀ ਮੇਰੇ ਮਨ ਦਾ ਹੁਲਾਸ ਗਾਇਬ ਸੀ ਜੋ ਇਹ ਵੀ ਕਿਧਰੇ ਭਾਂਪ ਚੁੱਕੇ ਸਨ। ਜਾਂਦੇ ਵਕਤ ਸਾਰਿਆਂ ਨੇ ਕਿਹਾ- ਤੁਸੀਂ ਸਾਡੇ ਨਾਲ ਆਸਟਰੇਲੀਆ ਰਹੋਗੇ, ਤੁਹਾਡੇ ਪੇਪਰ ਭੇਜਾਂਗੇ।

ਖ਼ੈਰ, ਇਹ ਫੈਸਲੇ ਮੈਂ ਮੰਨ ਲਿਆ ਤੇ ਅੱਜ ਕੱਲ੍ਹ ਆਪਣੇ ਬੱਚਿਆਂ ਕੋਲ ਸਿਡਨੀ 'ਚ ਹਾਂ ਜੋ ਦੁਨੀਆ ਦੇ ਪੰਜ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ। ਬਹੁਤ ਮਹਿੰਗਾ ਹੋਣ ਦੇ ਬਾਵਜੂਦ ਅੱਛਾ ਜੀਵਨ ਜਿਊਣ ਦੇ ਮਾਮਲੇ ਵਿਚ ਇਹ ਪੂਰੀ ਦੁਨੀਆ ਦੇ ਉਪਰਲੇ ਸ਼ਹਿਰਾਂ ਵਿੱਚੋਂ ਗਿਆਰਵੇਂ ਨੰਬਰ 'ਤੇ ਹੈ। ਇੱਥੋਂ ਦੇ ਬੁਨਿਆਦੀ ਢਾਂਚੇ ਅੰਦਰ ਸਫਾਈ ਦੇ ਉੱਚ ਮਾਪਦੰਡ, ਗੁਣਵੱਤਾ ਵਾਲੀ ਸਿੱਖਿਆ ਅਤੇ ਬਿਹਤਰ ਸਿਹਤ ਸਹੂਲਤਾਂ ਨੂੰ ਖਾਸ ਤਰਜੀਹ ਦਿੱਤੀ ਜਾਂਦੀ ਹੈ। ਸਾਡੇ ਦੇਸ਼ ਦੇ ਕਸਬੇ ਅਤੇ ਸ਼ਹਿਰ ਸੰਸਾਰ ਭਰ ਵਿੱਚ ਸਭ ਤੋਂ ਵੱਧ ਗੰਦਗੀ ਅਤੇ ਪ੍ਰਦੂਸ਼ਣ ਸਹਿਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਹਨ। ਇੱਥੇ ਸਰਦੀ ਦੀ ਰੁੱਤ ਹੈ, ਮੇਰਾ ਸਾਹ ਵੀ ਸੌਖਾ ਤੇ ਕੰਨਾਂ ਨੂੰ ਆਵਾਜ਼ ਪ੍ਰਦੂਸ਼ਣ ਤੋਂ ਰਾਹਤ ਵੀ ਮਿਲੀ। ਸਵੇਰੇ ਉੱਠਣ ਵੇਲੇ ਗੁਰਦੁਆਰੇ ਦੇ ਪਾਠ ਤੇ ਮੰਦਰ ਦੀਆਂ ਘੰਟੀਆਂ ਦੀ ਰਲਗੱਡ ਆਵਾਜ਼, ਲੰਘਦੇ ਵਾਹਨਾਂ ਦੇ ਹਾਰਨ ਤੇ ਰੇਹੜੀ ਵਾਲਿਆਂ ਦੇ ਹੋਕੇ ਸੁਣਨ ਨੂੰ ਨਹੀਂ ਮਿਲਦੇ। ਲੱਗਦਾ, ਇਹੀ ਹੈ ਸਹੀ ਮਾਇਨਿਆਂ 'ਚ ਅੰਮ੍ਰਿਤ ਵੇਲਾ। ਮੇਰੀ ਗਲੀ ਦੇ ਕੁੱਤੇ ਤਾਂ ਸਾਰਾ ਦਿਨ ਰਲ ਕੇ ਭੌਂਕਦੇ ਰਹਿੰਦੇ! ਬੜੀ ਦਹਿਸ਼ਤ ਹੈ ਪਰ ਇੱਥੇ ਕੋਈ ਅਵਾਰਾ ਕੁੱਤਾ ਜਾਂ ਪਸ਼ੂ ਨਹੀਂ ਦਿਸੇ। ਪਰਵਾਸੀ ਭਾਈਚਾਰੇ ਨੇ ਵਧੀਆ ਪਰਿਵਾਰਕ ਸਾਂਝਾਂ ਪਾਈਆਂ ਹਨ। ਵਿਦੇਸ਼ੀ ਸਮਾਜ ਦਾ ਹਿੱਸਾ ਬਣ ਕੇ ਇਸ ਦੇਸ਼ ਅਤੇ ਸੂਬੇ ਦੀ ਤਰੱਕੀ ਵਿੱਚ ਹਿੱਸਾ ਪਾਉਂਦੇ ਹੋਏ ਵੀ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਪੰਜਾਬੀਅਤ ਦਾ ਮਾਣ ਵਧਾਉਂਦੇ ਹਨ। ਪੰਜਾਬੀ ਪਾਠਕਾਂ ਦੀ ਖ਼ੁਰਾਕ ਇੱਥੇ ਛਪਣ ਵਾਲੇ ਪੰਜਾਬੀ ਅਖਬਾਰ ਪੂਰੀ ਕਰਦੇ ਹਨ। ਕੁਝ ਅਖਬਾਰਾਂ ਦੀਆਂ ਪੁਰਾਣੀਆਂ ਕਾਪੀਆਂ ਸਟੋਰ ਤੋਂ ਮਿਲਣ ਕਰ ਕੇ ਪੜ੍ਹਨ ਲਈ ਕਾਫੀ ਸਮੱਗਰੀ ਹੋ ਗਈ।

ਇੱਥੋਂ ਦੀ ਜੰਮਪਲ ਦੂਜੀ ਪੀੜ੍ਹੀ ਆਪਣੇ ਜੀਵਨ ਸਾਥੀ ਖੁਦ ਹੀ ਚੁਣ ਲੈਂਦੀ ਹੈ। ਜਾਤ-ਪਾਤ ਨੂੰ ਇਹ ਬੱਚੇ ਜਾਣਦੇ ਹੀ ਨਹੀਂ। ਮੇਰੀ ਦੋਹਤੀ ਨੇ ਵੀ ਹਿੰਦੂ ਤਬਕੇ ਦੀ ਚੋਣ ਕੀਤੀ। ਇਸੇ ਦੀ ਸਹੇਲੀ ਦਾ ਵਿਆਹ ਇੱਥੇ ਦੇਖਿਆ, ਉਹ ਵੀ ਅੰਤਰ-ਜਾਤੀ ਸੀ। ਕੋਈ ਨਿੰਦ-ਵਿਚਾਰ ਨਹੀਂ ਕਰਦਾ। ਆਪਣੇ ਮੁਲਕ ਵਿੱਚ ਹੁੰਦੇ ਅਣਖਾਂ ਦੇ ਸਵਾਲ ਯਾਦ ਆਉਂਦੇ ਹਨ। ਇਨ੍ਹਾਂ ਦੇ ਦੋਸਤ ਦੇ ਲੜਕੇ ਦੇ ਵਿਆਹ ਵਿੱਚ ਮੇਰੀ ਵੀ ਸ਼ਮੂਲੀਅਤ ਰਹੀ। ਵਿਆਹ ਦੀ ਹਰ ਰਸਮ ਨਿਭਾਈ ਗਈ। ਕਈ ਦਿਨ ਵਿਆਹ ਚੱਲਿਆ ਪਰ ਆਪਣੇ ਵਾਂਗ ਕੰਨ ਪਾੜਵੀਂ ਆਵਾਜ਼ ਵਿੱਚ ਡੀਜੇ ਨਹੀਂ ਚੱਲਦੇ।

ਲੇਡੀਜ਼ ਸੰਗੀਤ ਬਹੁਤ ਆਨੰਦਮਈ ਰਿਹਾ। ਮੁੰਡੇ ਤੇ ਕੁੜੀ ਵਾਲੇ ਇੱਕੋ ਹਾਲ 'ਚ ਇਕੱਠੇ ਹੋਏ। ਹਾਲ ਦੇ ਗੇਟ 'ਤੇ ਚਰਖਾ, ਪੀੜ੍ਹੀ, ਖੂਹ, ਡੋਲ, ਫੁਲਕਾਰੀ, ਮੰਜਾ ਆਦਿ ਰੱਖੇ ਹੋਏ ਸਨ। ਉੱਥੇ ਹਰ ਕੋਈ ਫੋਟੋ ਖਿੱਚਵਾ ਰਹੇ ਸਨ। ਹਾਲ ਅੰਦਰ ਪਹਿਲੀ ਪੀੜ੍ਹੀ ਨੇ ਵਾਰੀ-ਵਾਰੀ ਬੀਤੇ ਵੇਲਿਆਂ ਦੀਆਂ ਤਰਜ਼ਾਂ 'ਤੇ ਘੋੜੀਆਂ ਅਤੇ ਸੁਹਾਗ ਗਾਏ। ਜਾਪਿਆ, ਜਿਵੇਂ ਸੱਤ ਸਮੁੰਦਰੋਂ ਪਾਰ ਪਿੰਡਾਂ ਦੀਆਂ ਜੂਹਾਂ 'ਚ ਪਹੁੰਚ ਗਈਆਂ ਹੋਈਏ। ਬਾਅਦ ਵਿੱਚ ਗਿੱਧੇ, ਬੋਲੀਆਂ, ਭੰਗੜੇ ਨਾਲ ਧਮਾਲਾਂ ਪਈਆਂ। ਦੂਜੀ ਪੀੜ੍ਹੀ ਨੇ ਪੰਜਾਬੀ ਗਾਣਿਆਂ 'ਤੇ ਨਾਚ ਕੀਤਾ। ਗਾਣਿਆਂ ਰਾਹੀਂ ਸਕਿੱਟ 'ਚ ਦੱਸਿਆ ਕਿ ਕਿਵੇਂ ਇਸ ਜੋੜੀ ਦੀ ਪ੍ਰੇਮ ਕਹਾਣੀ ਵਿਆਹ ਤੱਕ ਪਹੁੰਚੀ। ਮੇਰੀਆਂ ਦੋਵੇਂ ਦੋਹਤੀਆਂ ਮੁੱਖ ਪਾਤਰ ਰਹੀਆਂ। ਜਵਾਨੀ ਦੀ ਮਸਤੀ 'ਚ ਮਗਨ ਮੇਰੀਆਂ ਤਿਤਲੀਆਂ (ਦੋਹਤੀਆਂ) ਵਾਰ-ਵਾਰ ਮੇਰੇ ਕੋਲ ਆ ਕੇ ਪੁੱਛ ਜਾਂਦੀਆਂ, "ਨਾਨੀ ਮੇਰਾ ਆਈਟਮ ਕਿਵੇਂ ਸੀ?" 'ਨਾਈਸ' ਕਹਿ ਕੇ ਮੇਰੀ ਰੂਹ ਰੱਜ ਜਾਂਦੀ। ਇਨ੍ਹਾਂ ਦੇ ਜਨਮ ਇੱਥੋਂ ਦੇ ਹਨ। ਬਚਪਨ ਇੱਥੇ ਬੀਤਿਆ ਤੇ ਹੁਣ ਜਵਾਨੀ ਦੀ ਮਸਤੀ ਵਿੱਚ ਹਨ। ਮੇਰੇ ਮਨ ਦੇ ਤੌਖਲੇ ਵੀ ਅੱਜ ਦੂਰ ਹੋਏ ਕਿ ਜੇ ਇਹ ਭਲੇ ਵੇਲਿਆਂ 'ਚ ਪੱਕੇ ਤੌਰ 'ਤੇ ਨਾ ਆਏ ਹੁੰਦੇ ਤਾਂ ਇਨ੍ਹਾਂ ਕੁੜੀਆਂ ਨੇ ਹੁਣ ਵਿਦੇਸ਼ ਉਡਾਰੀ ਭਰਨੀ ਸੀ। ਫਿਰ ਸ਼ਾਇਦ ਬਾਹਰ ਕਿਸੇ ਸਟਾਲ 'ਤੇ ਗੋਲਗੱਪੇ ਵਰਤਾ ਰਹੀਆਂ ਹਰਿਆਣਵੀ ਕੁੜੀਆਂ ਦੀ ਜਗ੍ਹਾ ਇਹ ਖੜ੍ਹੀਆਂ ਹੁੰਦੀਆਂ...।

ਮੇਰੀ ਸੁਰਤ ਹਰਿਆਣਵੀ ਕੁੜੀਆਂ ਨਾਲ ਜੁੜ ਗਈ। ਬਾਹਰ ਆ ਕੇ ਉਨ੍ਹਾਂ ਦਾ ਹਾਲ ਪੁੱਛਿਆ ਤਾਂ ਇਕ ਕੁੜੀ ਬੋਲੀ- ਆਂਟੀ! ਤੁਹਾਡੇ ਸਾਹਮਣੇ ਈ ਐ... ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਵੇਂ ਸਰਕਾਰ ਸਾਥੋਂ ਸਾਡੀ ਜਵਾਨੀ ਖੋਹ ਰਹੀ ਹੈ। ਸਰਕਾਰ ਬੁੱਧੀਵਾਨ ਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਵਿਦੇਸ਼ਾਂ ਦਾ ਰਾਹ ਨਾ ਦਿਖਾਏ। ਉਹ ਆਪਣੀ ਮਿੱਟੀ ਨਾਲ ਜੁੜ ਕੇ ਹੀ ਅੱਗੇ ਵਧਣ ਦੇ ਰਾਹ ਭਾਲਦੇ ਹਨ। ਵਿਕਾਸ ਕਾਰਜਾਂ ਦੀਆਂ ਗੱਲਾਂ ਕਰਨ ਵਾਲੇ ਸਾਡੇ ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਹਰ ਮੁਲਕ ਦੇ ਵਿਕਾਸ ਲਈ ਵਿਦਿਆ, ਸਿਹਤ ਤੇ ਰੁਜ਼ਗਾਰ ਮੁੱਖ ਥੰਮ੍ਹ ਹੁੰਦੇ ਹਨ। ਨੌਜਵਾਨ ਪੀੜ੍ਹੀ ਨੂੰ ਸੰਭਾਲਣਾ ਸਰਕਾਰ ਲਈ ਚੁਣੌਤੀ ਹੈ।

ਉਹ ਕੁੜੀ ਕਿਸੇ ਵੱਡੇ ਤਬਦੀਲੀ ਦਾ ਸੁਨੇਹਾ ਦੇ ਗਈ।

# ਪਲਾਟ



ਲੇਖਕ : ਮਹਿੰਦਰ ਸਿੰਘ ਮਾਨ, ਸੰਪਰਕ: 99158-03554

ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ 'ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ, "ਅੰਕਲ ਜੀ, ਕੀ ਤੁਸੀਂ ਮਨਜੀਤ ਦੇ ਫਾਦਰ ਇਨ ਲਾਅ ਹੋ?"

ਮਾਸਟਰ ਹਰੀ ਰਾਮ ਨੇ "ਹਾਂ" ਵਿੱਚ ਉੱਤਰ ਦਿੱਤਾ।

ਫੇਰ ਉਹ ਆਖਣ ਲੱਗੀ, "ਮੈਂ ਮਨਜੀਤ ਦੀ ਸਹੇਲੀ ਆਂ। ਕੁਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ 'ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਹਮਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੁੰਦੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਾਹੌਲ ਕੁਝ ਵੱਖਰਾ ਹੁੰਦਾ ਐ। ਪਲਾਟ ਤਾਂ ਹੋਰ ਵੀ ਆਲੇ-ਦੁਆਲੇ ਬਥੇਰੇ ਖਾਲੀ ਪਏ ਹਨ, ਪਰ ਮੈਂ ਚਾਹੁੰਦੀ ਹਾਂ ਕਿ ਕੋਈ ਜਾਣ-ਪਛਾਣ ਵਾਲਾ ਕੋਲ ਰਹਿੰਦਾ ਹੋਵੇ ਤਾਂ ਚੰਗੀ ਗੱਲ ਆ।"

"ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।" ਮਾਸਟਰ ਹਰੀ ਰਾਮ ਨੇ ਆਖਿਆ।

ਇੱਕ ਘੰਟਾ ਫਿਰ ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਦਸ ਮਰਲੇ ਦਾ ਇੱਕ ਪਲਾਟ ਪਸੰਦ ਆ ਗਿਆ, ਜਿਹੜਾ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਹਮਣੇ ਸੀ।

ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ, "ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਐ?"

"ਇਹ ਦੋਵੇਂ ਘਰ ਕੰਮੀਆਂ ਦੇ ਐ।" ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।

ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।




ਸਕੂਲ ਵਿੱਚ ਮਿੱਡ-ਡੇ ਮੀਲ ਵਾਲੀ ਬੀਬੀ ਕੰਮ ਤੋਂ ਵਿਹਲੀ ਹੋ ਆਪਣਾ ਦਰਦ ਛੇੜ ਬੈਠਦੀ। ਘਰੇ ਤਾਂ ਭੋਰਾ ਚੈਨ ਨਹੀਂ ਹੈ। ਘਰ ਜਾਂਦਿਆਂ ਹੀ ਫ਼ਿਕਰਾਂ ਦੀ ਪੰਡ ਖੁੱਲ੍ਹਣ ਲਗਦੀ ਹੈ। ਆਉਣ ਵਾਲਾ ਸਮਾਂ ਡਰਾਉਣ ਲਗਦਾ ਹੈ। ਕੋਈ ਸਹਾਰਾ ਵੀ ਨਜ਼ਰ ਨਹੀਂ ਆਉਂਦਾ। ਵੱਡਾ ਮੁੰਡੇ 'ਤੇ ਆਸ ਬਚੀ ਹੈ। ਕਈ ਸਾਲਾਂ ਤੋਂ ਲੱਕੜ ਦੇ ਮਿਸਤਰੀ ਨਾਲ ਕੰਮ ਸਿੱਖਦਾ, ਬਾਕੀ ਮੇਰੇ ਸਿਰ 'ਤੇ ਖਾਣ ਵਾਲੇ ਨੇ। ਸਿਰ ਦੇ ਸਾਈਂ ਦਾ ਕੰਮ ਕਿਹੜਾ ਤੁਹਾਡੇ ਤੋਂ ਭੁੱਲਿਆ? ਜਦੋਂ ਘਰੇ ਹੁੰਦਾ ਤਾਂ ਲੜਾਈ ਝਗੜਾ ਨਾਲ ਰਹਿੰਦਾ। ਬੱਚੇ ਡਰ ਤੇ ਸਹਿਮ ਵਿੱਚ ਚੁੱਪ ਵੱਟੀ ਰੱਖਦੇ ਨੇ। ਉਦੋਂ ਘਰ ਵੀ ਕੋਈ ਓਪਰੀ ਸ਼ੈਅ ਜਾਪਦਾ ਹੈ। ਹਾਸਾ, ਅਪਣੱਤ, ਮੋਹ ਕਿਧਰੇ ਨਜ਼ਰ ਨਹੀਂ ਆਉਂਦੇ। ਉਸ ਦੀਆਂ ਸਹਿਜ ਸੁਭਾਅ ਦੀਆਂ ਕੀਤੀਆਂ ਗੱਲਾਂ ਨਿਰਾਸ਼ ਕਰਦੀਆਂ ਹਨ।

ਕੁਝ ਦਿਨ ਛੁੱਟੀ 'ਤੇ ਰਹਿਣ ਮਗਰੋਂ ਉਹ ਦੁੱਖ ਦੀ ਇੱਕ ਹੋਰ ਛਿਲਤਰ ਦਾ ਦਰਦ ਲੈ ਪਰਤੀ। ਪਹਿਲਾਂ ਟੱਬਰ ਦਾ ਮੁਖੀ ਨਹੀਂ ਸੀ ਜਿਊਣ ਦਿੰਦਾ, ਹੁਣ ਮੁੰਡਾ ਵੀ ਉਸੇ ਕੰਮ 'ਤੇ ਹੋ ਗਿਆ। ਚੰਗਾ ਭਲਾ ਕੰਮ 'ਤੇ ਲੱਗ ਸੀ। ਪਤਾ ਨਹੀਂ ਚੰਦਰੇ ਨੂੰ ਕੀਹਦੀ ਨਜ਼ਰ ਲੱਗ ਗਈ, ਕੰਮ ਤੇ ਜਾਣੋ ਹਟ ਗਿਆ। ਕਹਿੰਦਾ ਸਾਰਾ ਦਿਨ ਦਿਲ ਲਾ ਕੇ ਕੰਮ ਕਰਦਾਂ, ਹੈੱਡ ਮਿਸਤਰੀ ਪੂਰਾ ਖਰਚਾ ਨੀਂ ਦਿੰਦਾ। ਨਾ ਹੀ ਸਿੱਧੇ ਮੂੰਹ ਬੋਲਦਾ। ਘਰੇ ਪਿਉ ਪੁੱਤ ਦੂਰੋ ਦੂਰੀ ਹੋਏ ਰਹਿੰਦੇ ਨੇ। ਦਿਲ ਤਾਂ ਬਥੇਰਾ ਕਰਦਾ ਹੈ, ਮੁੰਡੇ ਨੂੰ ਲੱਕੜ ਦੇ ਮਿਸਤਰੀ ਦੀ ਦੁਕਾਨ ਕਰਵਾ ਦੇਈਏ, ਪਰ ਘਰੇ ਪੂੰਜੀ ਹੋਵੇ ਤਾਂ ਗੱਲ ਬਣੇ। ਮੇਰੀ ਨਿਗੂਣੀ ਤਨਖ਼ਾਹ ਨਾਲ ਤਾਂ ਰੋਟੀ ਪਾਣੀ ਮਸਾਂ ਚਲਦਾ ਹੈ। ਪਰਿਵਾਰ ਵਿਚਲੀ ਖਿੱਚੋਤਾਣ ਦੇ ਚੱਲਦਿਆਂ ਮੁੰਡਾ ਘਰ ਛੱਡ ਕੇ ਚਲਾ ਗਿਆ।

ਘਰ ਵਿੱਚ ਰੋਣ ਪਿੱਟਣ ਪੈ ਗਿਆ। ਸਭ ਦੇ ਸਾਹ ਸੂਤੇ ਗਏ। ਕਿਹੜੀ ਥਾਂ ਨਹੀਂ, ਜਿੱਥੇ ਉਸ ਨੂੰ ਨਹੀਂ ਭਾਲਿਆ। ਲੱਭਦਿਆਂ ਕਰਦਿਆਂ ਦੋ ਹਫ਼ਤੇ ਗੁਜ਼ਰ ਗਏ। ਮੁੰਡਾ ਘਰ ਪਰਤਿਆ ਤਾਂ ਉਸਦਾ ਮਾਨਸਿਕ ਤਵਾਜ਼ਨ ਵਿਗੜਿਆ ਹੋਇਆ ਸੀ। ਨਾ ਖਾਣ ਦੀ ਸੁਰਤ, ਨਾ ਪਹਿਨਣ ਦਾ ਫ਼ਿਕਰ। ਨਾ ਕਿਸੇ ਨਾਲ ਬੋਲਦਾ ਚਲਦਾ। ਪਹਿਲਾਂ ਡਾਕਟਰਾਂ ਨੂੰ ਵਿਖਾਇਆ। ਫਿਰ ਉਸੇ ਰਾਹ ਤੁਰ ਪਏ, ਜਿਹੜਾ ਚੌਂਕੀਆਂ, ਡੇਰਿਆਂ ਨੂੰ ਜਾਂਦਾ ਹੈ। ਬੀਬੀ ਕਦੇ ਕਦਾਈਂ ਹੀ ਸਕੂਲ ਆਉਂਦੀ। ਸਤੰਬਰ ਦੇ ਪੇਪਰਾਂ ਕਰਕੇ ਸਾਰੇ ਅਧਿਆਪਕ ਵੀ ਰੁੱਝ ਗਏ। ਜਦ ਸਕੂਲ ਦੇ ਕੰਮ ਤੋਂ ਵਿਹਲ ਮਿਲੀ ਤਾਂ ਪਤਾ ਲੱਗਾ ਕਿ ਬੀਬੀ ਦਾ ਘਰ ਉੱਜੜਨ ਕਿਨਾਰੇ ਹੈ। ਮੁੰਡੇ ਦੀ ਹਾਲਤ ਪਾਗਲਾਂ ਵਰਗੀ ਹੋ ਗਈ ਹੈ। ਕੋਈ ਡਾਕਟਰ ਬਾਂਹ ਨਹੀਂ ਫੜ ਰਿਹਾ। ਰਿਸ਼ਤੇਦਾਰ, ਸਨੇਹੀ ਵੀ ਅੱਖਾਂ ਫੇਰ ਗਏ ਹਨ।

ਹੁਣ ਬੀਬੀ ਦੀ ਟੇਕ ਸਕੂਲ 'ਤੇ ਹੀ ਸੀ। ਸਾਰੀ ਹਾਲਤ ਜਾਣਨ ਉਪਰੰਤ ਸਟਾਫ ਨਾਲ ਸਲਾਹ ਮਸ਼ਵਰਾ ਕਰਕੇ ਕਲਮਕਾਰ ਪ੍ਰਿੰਸੀਪਲ ਨੇ ਜ਼ਿੰਮੇਵਾਰੀ ਓਟ ਲਈ। ਮਿੱਡ ਡੇ ਮੀਲ ਵਾਲੀ ਬੀਬੀ ਨੂੰ ਹੌਸਲਾ ਦਿੰਦਿਆਂ ਸਭ ਕੁਛ ਠੀਕ ਕਰਨ ਦਾ ਭਰੋਸਾ ਦਿੱਤਾ। ਮੁਖੀ ਵੱਲੋਂ ਆਪਣੇ ਕਰਮਚਾਰੀ ਦੇ ਦੁੱਖ ਦਰਦ ਨੂੰ ਆਪਣਾ ਸਮਝਣ ਦੀ ਪਹਿਲ ਕਦਮੀ ਸਾਡੇ ਸਾਰਿਆਂ ਲਈ ਇੱਕ ਸਬਕ ਸੀ। ਉਹਨਾਂ ਮੁੰਡੇ ਨੂੰ ਇਲਾਜ ਲਈ ਬਰਗਾੜੀ ਮਸ਼ਵਰਾ ਕੇਂਦਰ ਭਿਜਵਾ ਦਿੱਤਾ। ਬੀਬੀ ਰੋਜ਼ਾਨਾ ਸਕੂਲ ਆਉਣ ਲੱਗੀ। ਉਸਦੇ ਚਿਹਰੇ 'ਤੇ ਚਿੰਤਾ ਦੀ ਥਾਂ ਸਕੂਨ ਦਿਸਣ ਲੱਗਾ। ਪੁੱਛਣ 'ਤੇ ਉਹ ਇੰਨਾ ਹੀ ਦੱਸਦੀ ਕਿ ਉਹ ਠੀਕ ਹੋ ਰਿਹਾ ਹੈ। ਉਡੀਕ ਵਿੱਚ ਦੋ ਮਹੀਨੇ ਗੁਜ਼ਰ ਗਏ। ਬੀਬੀ ਦਾ ਕੰਮ ਕਾਜ ਤੇ ਚਿਹਰਾ ਖੈਰੀਅਤ ਦੱਸਦਾ ਨਜ਼ਰ ਆਉਣ ਲੱਗਾ।

ਇੱਕ ਦਿਨ ਬੀਬੀ ਸਾਡੇ ਕੋਲ ਆ ਖੁਸ਼ੀ ਦੀ ਗਾਥਾ ਸੁਣਾਉਣ ਲੱਗੀ, ਤੁਹਾਡੇ ਸਾਰਿਆਂ ਦੇ ਸਾਥ ਨਾਲ ਸਾਡਾ ਘਰ ਹੁਣ ਪੈਰਾਂ ਸਿਰ ਹੋਣ ਲੱਗਾ ਹੈ। ਮੁੰਡਾ ਨੌ ਬਰ ਨੌ ਹੋ ਗਿਆ ਹੈ। ਮਸ਼ਵਰਾ ਕੇਂਦਰ ਵਾਲੇ ਵੀਰਾਂ ਨੇ ਮੁੰਡੇ ਨੂੰ ਤਾਂ ਸਮਝਾਇਆ ਹੀ, ਨਾਲ ਬਾਪ ਨੂੰ ਵੀ ਰਾਹ ਪਾ ਦਿੱਤਾ ਹੈ। ਉਹਨਾਂ ਇਹ ਰਾਜ਼ ਸਮਝਾ ਕੇ ਤੋਰਿਆ, ਮਾਪਿਆਂ ਦਾ ਕੰਮ ਔਲਾਦ ਦੀ ਰੋਟੀ, ਪਾਣੀ ਤੇ ਲੋੜਾਂ ਪੂਰੀਆਂ ਕਰਨ ਤਕ ਸੀਮਤ ਨਹੀਂ ਹੁੰਦਾ। ਉਹਨਾਂ ਨੂੰ ਪੈਰਾਂ ਸਿਰ ਕਰਨਾ ਲਾਜ਼ਮੀ ਹੈ ਕਿ ਜਵਾਨ ਹੋਏ ਧੀਆਂ/ਪੁੱਤਰਾਂ ਦੀਆਂ ਭਾਵਨਾਵਾਂ ਨੂੰ ਸਮਝੋ, ਕਦਰ ਕਰੋ। ਉਹਨਾਂ ਦੇ ਜਿਊਣ ਦੇ ਰਾਹ ਵਿੱਚ ਰੁਕਾਵਟ ਨਾ ਬਣੋ, ਸਗੋਂ ਸਹਿਯੋਗ ਕਰੋ। ਲਾਈਲੱਗ ਬਣਨ ਦੀ ਬਜਾਏ ਮੁਸ਼ਕਲਾਂ ਦੇ ਕਾਰਣ ਜਾਣ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨਾ ਸਿੱਖੋ। ਅਸੀਂ ਇਹ ਸਬਕ ਪੱਲੇ ਬੰਨ੍ਹ ਲਿਆ।

ਬੀਬੀ ਦੇ ਘਰ ਪਰਿਵਾਰ ਵਿੱਚ ਸੁਖ, ਸ਼ਾਂਤੀ ਪਰਤਣ ਦੀ ਸੁਖਦ ਖ਼ਬਰ ਸਕੂਲ ਦਾ ਹਾਸਲ ਬਣ ਗਈ। ਸਾਹਿਤਕਾਰ ਪ੍ਰਿੰਸੀਪਲ ਦੇ ਸੁਖਾਵੇਂ ਰੌਂ ਵਿੱਚ ਰਾਹ ਰੁਸ਼ਨਾਉਂਦੇ ਬੋਲ ਸਾਡਾ ਮਨ ਮਸਤਕ ਠਾਰ ਗਏ, ਆਪਣੇ ਬੱਚਿਆਂ ਨਾਲ ਸੁਪਨਿਆਂ ਦੀ ਸਾਂਝ ਬਣਾਉਣਾ ਸਫ਼ਲ ਜੀਵਨ ਦਾ ਰਾਹ ਹੈ। ਪਿਆਰ, ਹਮਦਰਦੀ ਉਹ ਹੀਰੇ ਮੋਤੀ ਹਨ, ਜਿਹੜੇ ਬੋਝ ਬਣੀ ਹਾਰੀ ਜ਼ਿੰਦਗੀ ਨੂੰ ਉਠਾਉਣ ਲਈ ਜੀਵਨ ਦੀ ਸਜਾਵਟ ਬਣਦੇ ਹਨ। ਸੁਖਾਵੀਂ ਜ਼ਿੰਦਗੀ ਲਈ ਸੁਪਨੇ ਤੇ ਸਾਂਝਾਂ ਦਾ ਸੰਗਮ ਕਰਨਾ ਹੀ ਜੀਵਨ ਦਾ ਸੱਚਾ ਕਰਮ ਹੈ।

- ਰਸ਼ਪਿੰਦਰ ਪਾਲ ਕੌਰ



# ਬਾਲ ਸੰਸਾਰ

## ਹੁਸ਼ਿਆਰ ਹੋਣ ਦਾ ਮੰਤਰ

ਗਰਮੀ ਦੀਆਂ ਛੁੱਟੀਆਂ ਵਿਚ ਹਨੀ ਦੀ ਭੂਆ ਦਾ ਮੁੰਡਾ ਜਗਤਾਰ ਉਨ੍ਹਾਂ ਦੇ ਘਰ ਆਇਆ ਹੋਇਆ ਸੀ। ਹਨੀ ਤੇ ਜਗਤਾਰ ਦੋਵੇਂ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ। ਹਨੀ ਨੇ ਇਕ ਦਿਨ ਜਗਤਾਰ ਨੂੰ ਪੁੱਛਿਆ, 'ਜਗਤਾਰ ਤੂੰ ਛੁੱਟੀਆਂ ਦਾ ਕੰਮ ਮੁਕਾ ਲਿਆ ਹੈ?'

ਉਹ ਅੱਗੋਂ ਬੋਲਿਆ, 'ਹੋਰ ਕੀ, ਮੈਂ ਛੁੱਟੀਆਂ ਦਾ ਕੰਮ ਕਰਕੇ ਹੀ ਤੁਹਾਡੇ ਕੋਲ ਆਇਆ ਸੀ।' ਹਨੀ ਉਸ ਦਾ ਜਵਾਬ ਸੁਣ ਕੇ ਬੋਲਿਆ, 'ਮੇਰੇ ਟਿਊਸ਼ਨ ਵਾਲੇ ਭੈਣ ਜੀ ਬਾਹਰ ਗਏ ਹੋਏ ਹਨ। ਮੈਂ ਉਨ੍ਹਾਂ ਦੀ ਉਡੀਕ ਕਰ ਰਿਹਾ ਹਾਂ। ਮੇਰਾ ਕੰਮ ਤਾਂ ਉਨ੍ਹਾਂ ਦੇ ਆਉਣ 'ਤੇ ਹੀ ਖ਼ਤਮ ਹੋਵੇਗਾ।' ਜਗਤਾਰ ਨੇ ਅੱਗੋਂ ਹੱਸ ਕੇ ਕਿਹਾ, 'ਹਨੀ, ਛੁੱਟੀਆਂ ਦੇ ਕੰਮ ਦਾ ਟਿਊਸ਼ਨ ਵਾਲੇ ਭੈਣ ਜੀ ਨਾਲ ਕੀ ਸਬੰਧ ਹੋਇਆ? ਮੈਂ ਤਾਂ ਟਿਊਸ਼ਨ ਵੀ ਨਹੀਂ ਰੱਖੀ ਹੋਈ'। ਹਨੀ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ। ਉਹ ਥੋੜ੍ਹਾ ਰੁਕ ਕੇ ਬੋਲਿਆ, 'ਜਗਤਾਰ, ਤੂੰ ਤਾਂ ਬਹੁਤ ਹੁਸ਼ਿਆਰ ਐਂ ਫੇਰ। ਕੀ ਤੈਨੂੰ ਸਭ ਕੁਝ ਆਉਂਦਾ ਹੈ?' ਜਗਤਾਰ ਨੇ ਹਨੀ ਦੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਕਿਹਾ, 'ਭਰਾ ਜੀ, ਜੇ ਮਿਹਨਤ ਕਰੋ ਤਾਂ ਸਭ ਕੁਝ ਆ ਜਾਂਦਾ ਹੈ। ਟਿਊਸ਼ਨ ਤਾਂ ਉਹ ਬੱਚੇ ਹੀ ਰੱਖਦੇ ਨੇ ਜਿਹੜੇ ਖ਼ੁਦ ਮਿਹਨਤ ਨਹੀਂ ਕਰਦੇ। ਜੇਕਰ ਕੁਝ ਨਾ ਆਉਂਦਾ ਹੋਵੇ ਤਾਂ ਕਿਸੇ ਨਾ ਕਿਸੇ ਤੋਂ ਪੁੱਛ ਲਵੋ। ਤੂੰ ਆਪਣਾ ਛੁੱਟੀਆਂ ਦਾ ਕੰਮ ਖ਼ਤਮ ਕਰ ਲੈ, ਮੈਂ ਤੈਨੂ ਹੁਸ਼ਿਆਰ ਹੋਣ ਦਾ ਮੰਤਰ ਦੱਸਾਂਗਾ।'

ਹਨੀ ਫ਼ਿਕਰਮੰਦੀ ਵਾਲੀ ਭਾਸ਼ਾ ਵਿਚ ਬੋਲਿਆ, 'ਮੇਰਾ ਛੁੱਟੀਆਂ ਦਾ ਕੰਮ ਤਾਂ ਉਦੋਂ ਹੋਵੇਗਾ ਜਦੋਂ ਟਿਊਸ਼ਨ ਵਾਲੇ ਭੈਣ ਜੀ ਆਉਣਗੇ'।

ਜਗਤਾਰ ਬਹੁਤ ਆਤਮ ਵਿਸ਼ਵਾਸ ਨਾਲ ਬੋਲਿਆ, 'ਹਨੀ ਤੂੰ ਛੱਡ ਟਿਊਸ਼ਨ ਵਾਲੀ ਭੈਣ ਜੀ ਨੂੰ। ਤੂੰ ਆਪਣਾ ਕੰਮ ਕਰਨਾ ਸ਼ੁਰੂ ਕਰ। ਬੋਲ ਸਭ ਤੋਂ ਪਹਿਲਾਂ ਕਿਹੜੇ ਵਿਸ਼ੇ ਦਾ ਕੰਮ ਕਰਨਾ ਹੈ?' ਜਗਤਾਰ ਨੇ ਕੁਝ ਦਿਨ ਵਿਚ ਹੀ ਉਸ ਦਾ ਛੁੱਟੀਆਂ ਦਾ ਕੰਮ ਕਰਵਾ ਦਿੱਤਾ।

ਹਨੀ ਨੂੰ ਕੰਮ ਕਰਦਿਆਂ ਲੱਗਿਆ ਕਿ ਉਹ ਵੀ ਜਗਤਾਰ ਵਾਂਗ ਹੁਸ਼ਿਆਰ ਹੋ ਸਕਦਾ ਹੈ। ਉਸ ਵਿਚ ਲਾਪਰਵਾਹੀ ਦਾ ਔਗੁਣ ਹੈ ਅਤੇ ਆਤਮ ਵਿਸ਼ਵਾਸ ਦੀ ਘਾਟ ਹੈ। ਛੁੱਟੀਆਂ ਦਾ ਕੰਮ ਕਰਨ ਤੋਂ ਬਾਅਦ ਉਸ ਨੇ ਜਗਤਾਰ ਨੂੰ ਪੁੱਛਿਆ, 'ਜਗਤਾਰ! ਤੂੰ ਹੁਸ਼ਿਆਰ ਹੋਣ ਦੇ ਮੰਤਰ ਬਾਰੇ ਗੱਲ ਕਰਦਾ ਸੀ। ਕੀ ਤੂੰ ਮੈਨੂੰ ਵੀ ਉਸ ਮੰਤਰ ਬਾਰੇ ਦੱਸੇਗਾਂ?' ਜਗਤਾਰ ਨੇ ਅੱਗੋਂ ਉਸ ਨੂੰ ਕਿਹਾ 'ਕਿਉਂ ਨਹੀਂ? ਪਰ ਇਹ ਮੰਤਰ ਉਦੋਂ ਹੀ ਕੰਮ ਕਰਦਾ ਹੈ ਜੇ ਇਸ ਨੂੰ ਸੁਣ ਕੇ ਇਸ 'ਤੇ ਅਮਲ ਵੀ ਕਰੋ।'

ਹਨੀ ਬੋਲਿਆ 'ਵਾਅਦਾ ਰਿਹਾ, ਮੈਂ ਇਸ ਉੱਤੇ ਜ਼ਰੂਰ ਅਮਲ ਕਰਾਂਗਾ।' ਜਗਤਾਰ ਬੋਲਿਆ 'ਮਿੱਤਰਾਂ ਮੈਂ ਵੀ ਤੇਰੇ ਵਾਂਗ ਸਕੂਲ ਦਾ ਕੰਮ ਕਰਨ ਲੱਗਿਆਂ ਕਦੇ ਕਿਸੇ ਨੂੰ ਪੁੱਛਦਾ ਸੀ ਤੇ ਕਦੇ ਕਿਸੇ ਨੂੰ। ਇਕ-ਦੋ ਵਾਰ ਤਾਂ ਮੈਂ ਪਾਪਾ ਨੂੰ ਟਿਊਸ਼ਨ ਰਖਾਉਣ ਲਈ ਵੀ ਕਹਿ ਦਿੱਤਾ ਸੀ। ਇਕ ਦਿਨ ਮੇਰੇ ਦਾਦਾ ਜੀ ਨੇ ਮੈਨੂੰ ਬੁਲਾ ਕੇ ਕਿਹਾ 'ਜਗਤਾਰ ਤੂੰ ਆਪਣੀ ਜਮਾਤ ਵਿਚ ਚੰਗੀ ਤਰ੍ਹਾਂ ਅਧਿਆਪਕ ਦਾ ਪੜ੍ਹਾਇਆ ਹੋਇਆ ਨਹੀਂ ਪੜ੍ਹਦਾ?' ਮੈਂ ਦਾਦਾ ਜੀ ਦਾ ਪ੍ਰਸ਼ਨ ਸੁਣ ਕੇ ਚੁੱਪ ਰਿਹਾ।



ਦਾਦਾ ਜੀ ਨੇ ਅੱਗੋਂ ਕਿਹਾ 'ਕਾਕਾ, ਮੈਂ ਤੈਨੂੰ ਹੁਸ਼ਿਆਰ ਹੋਣ ਦਾ ਮੰਤਰ ਦੱਸਦਾ ਹਾਂ, ਧਿਆਨ ਨਾਲ ਸੁਣ। ਜੇ ਕੋਈ ਗੱਲ ਸਮਝ ਨਾ ਆਵੇ ਤਾਂ ਉਸ ਨੂੰ ਆਪਣੇ ਕੋਲ ਲਿਖ ਲਵੋ। ਅਧਿਆਪਕ ਨੂੰ ਇਸ ਬਾਰੇ ਪੁੱਛੋ, ਇਕ ਵਾਰ ਪੁੱਛੋ, ਵਾਰ-ਵਾਰ ਪੁੱਛੋ। ਜਮਾਤ ਵਿਚ ਪੜ੍ਹਾਏ ਨੂੰ ਘਰ ਆ ਕੇ ਚੰਗੀ ਤਰ੍ਹਾਂ ਪੜ੍ਹੋ, ਜੇ ਫੇਰ ਵੀ ਕੋਈ ਸਮੱਸਿਆ ਆਵੇ ਤਾਂ ਆਪਣੇ ਮੰਮੀ ਪਾਪਾ ਤੋਂ ਪੁੱਛੋ।' ਜਗਤਾਰ ਬੋਲ ਹੀ ਰਿਹਾ ਸੀ ਕਿ ਹਨੀ ਨੇ ਉਸ ਨੂੰ ਸਵਾਲ ਕੀਤਾ 'ਜਗਤਾਰ ਮੈਂ ਵੀ ਦਾਦਾ ਜੀ ਨੂੰ ਇਹ ਸਵਾਲ ਕੀਤਾ ਸੀ, ਪਰ ਦਾਦਾ ਜੀ ਨੇ ਅੱਗੋਂ ਜਵਾਬ ਦਿੱਤਾ ਸੀ ਕਿ ਅਧਿਆਪਕ ਵਾਰ ਵਾਰ ਪੁੱਛਣ 'ਤੇ ਗੁੱਸਾ ਨਹੀਂ, ਸਗੋਂ ਖ਼ੁਸ਼ ਹੁੰਦੇ ਹਨ। ਉਨ੍ਹਾਂ ਦੀ ਗੱਲ ਬਿਲਕੁਲ ਠੀਕ ਨਿਕਲੀ। ਕੋਈ ਵੀ ਅਧਿਆਪਕ ਗੁੱਸਾ ਨਹੀਂ ਮਨਾਉਂਦਾ।' ਹਨੀ, ਜਗਤਾਰ ਦੀਆਂ ਗੱਲਾਂ ਸੁਣ ਕੇ ਬਹੁਤ ਖ਼ੁਸ਼ ਹੋਇਆ। ਉਸ ਨੇ ਵੀ ਉਸ ਮੰਤਰ 'ਤੇ ਅਮਲ ਕਰਨ ਦਾ ਮਨ ਬਣਾ ਲਿਆ।

-ਪ੍ਰਿੰਸੀਪਲ ਵਿਜੈ ਕੁਮਾਰ

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| P | L | A | O | I | D | B | E | L | T |
| T | E | N | R | L | U | T | O | J | U |
| A | S | T | E | P | C | O | R | E | P |
| M | O | O | N | E | A | M | S | T | I |
| S | U | N | S | N | R | E | T | M | G |
| V | U | T | P | E | T | H | Y | E | R |
| E | N | E | T | U | R | N | R | R | A |
| N | U | S | A | N | U | S | U | C | V |
| O | S | U | R | A | M | A | R | S | I |
| R | B | I | T | N | O | I | T | A | T |

Find all the words from the word list (ignore spaces and dashes):

| | |
|---|---|
| ASTEROID BELT | NEPTUNE |
| COMETS | ORBIT |
| EARTH | PLANET |
| GRAVITATION | PLUTO |
| JUPITER | SATURN |
| MARS | SUN |
| MERCURY | URANUS |
| MOONS | VENUS |



### ਇਹ ਹੈ ਮੈਕਸੀਕੋ 'ਚ ਸਥਿਤ ਦੁਨੀਆ ਦਾ 'ਹਿਡਨ ਬੀਚ'

ਇਹ ਫੋਟੋ ਮੈਕਸੀਕੋ ਦੇ ਮਰੀਟਾ ਟਾਪੂ ਉੱਤੇ ਸਥਿਤ ਹਿਡਨ ਬੀਚ ਦੀ ਹੈ। ਇਸਨੂੰ 'ਪਲਾਇਆ-ਡੇ ਮੋਰ' ਯਾਨੀ ਪ੍ਰੇਮ ਦਾ ਬੀਚ ਵੀ ਕਹਿੰਦੇ ਹਨ। ਇਹ ਬੀਚ ਜ਼ਮੀਨ ਦੇ ਵਿੱਚੋ-ਵਿੱਚ ਇੱਕ ਵੱਡੀ ਛੱਤ ਹੇਠਾ ਲੱਗਦਾ ਹੈ। ਇਸ ਬੀਚ ਤੱਕ ਸਿਰਫ਼ ਕਿਸ਼ਤੀ ਨਾਲ ਜਾਂ ਤੈਰ ਕੇ ਹੀ ਜਾਇਆ ਜਾ ਸਕਦਾ ਹੈ। ਇੱਥੇ ਚੰਗੀ ਧੁੱਪ ਅਤੇ ਛਾਂ ਦੋਵੇਂ ਹੋਣ ਦੀ ਵਜ੍ਹਾ ਕਰਕੇ ਸੈਲਾਨੀ ਇਸਨੂੰ ਬਹੁਤ ਪਸੰਦ ਕਰਦੇ ਹਨ। ਮਰੀਟਾ ਟਾਪੂ ਉੱਤੇ ਕੋਈ ਵੀ ਨਹੀਂ ਰਹਿੰਦਾ ਹੈ। ਇਸ ਗੁਪਤ ਬੀਚ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਇਹ ਕੁਦਰਤੀ ਨਹੀਂ ਹੈ ਅਤੇ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਇੱਥੇ ਬੰਬਾਂ ਦਾ ਪ੍ਰੀਖਣ ਹੁੰਦਾ ਸੀ ਅਤੇ ਉਸੀ ਵਜ੍ਹਾ ਨਾਲ ਇਹ ਬਣਿਆ ਹੈ। ਵਿਰੋਧ ਦੇ ਬਾਅਦ ਪ੍ਰੀਖਣ ਬੰਦ ਕਰਕੇ ਇਸ ਖੇਤਰ ਨੂੰ ਰਾਖਵਾਂ ਖੇਤਰ ਬਣਾ ਦਿੱਤਾ ਗਿਆ।

## ਦਿਮਾਗ਼ੀ ਕਸਰਤ




## ਬਿੰਦੂ ਮਿਲਾਓ



## ਰਸਤਾ ਲੱਭੋ



# ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸਿਰਜਣਾ



ਲੇਖਕ : ਮਨਮੋਹਨ
ਸੰਪਰਕ: 82839-48811

ਮਨੁੱਖੀ ਸਮਰੱਥਾ ਦੀ ਸੰਕਲਪਨਾ ਬਾਰੇ ਪੱਛਮ ਵਿੱਚ ਅਫ਼ਲਾਤੂਨ, ਸੁਕਰਾਤ ਅਤੇ ਅਰਸਤੂ ਤੋਂ ਲੈ ਕੇ ਪੁਨਰ-ਜਾਗਰਤੀ ਅਤੇ ਪ੍ਰਬੁੱਧਤਾ ਕਾਲ ਤੱਕ ਆਉਂਦੇ ਆਉਂਦੇ ਆਧੁਨਿਕਤਾ, ਉਤਰ ਆਧੁਨਿਕਤਾ ਦੇ ਪਿੜ ਵਿੱਚ ਬੜੇ ਵਿਸਤਾਰ ਨਾਲ ਸੋਚ ਵਿਚਾਰ ਹੋਇਆ ਮਿਲਦਾ ਹੈ। ਹੁਣ ਉਤਰ ਅਤੇ ਪਾਰ-ਮਾਨਵਵਾਦੀ ਚਿੰਤਨ ਵਿੱਚ ਵੀ ਇਸ ਸਮਰੱਥਾ ਨੂੰ ਸਮਝਣ ਦਾ ਸਿਲਸਿਲਾ ਜਾਰੀ ਹੈ। ਪੱਛਮੀ ਦਾਰਸ਼ਨਿਕ ਰੈਨੇ ਦੇਕਾਰਤੇ ਕਹਿੰਦਾ ਹੈ ਕਿ ਮੈਂ ਹਾਂ, ਕਿਉਂਕਿ ਮੈਂ ਸੋਚਦਾ ਹਾਂ ਜਾਂ ਮੈਂ ਸੋਚਦਾ ਹਾਂ, ਇਸ ਲਈ ਹਾਂ। ਮਨੁੱਖੀ ਸਮਰੱਥਾ ਦੇ ਵਧਦੇ ਜਾਣ ਦਾ ਕਾਰਨ ਹੈ ਕਿ ਮਨੁੱਖ ਲਗਾਤਾਰ ਸੋਚਦਾ ਹੈ। ਸੋਚਾਂ ਨੂੰ ਸਿਧਾਂਤਬੱਧ ਕਰਦਾ ਹੈ। ਸਿਧਾਤਾਂ 'ਚੋਂ ਹੀ ਉਹ ਮੁੜ ਆਪਣੀਆਂ ਸਮਰੱਥਾਵਾਂ ਨੂੰ ਵਧਾਉਣ ਹਿੱਤ ਲਗਾਤਾਰ ਖੋਜਾਂ 'ਚ ਲੱਗਿਆ ਰਹਿੰਦਾ ਹੈ।

ਮਾਨਵੀ ਸਮਰੱਥਾ ਦੀ ਆਪਣੇ ਢੰਗ ਨਾਲ ਵਿਆਖਿਆ ਕਰਦਿਆਂ ਯੁਵਾਲ ਨੋਹ ਹਰਾਰੀ ਆਪਣੀ ਕਿਤਾਬ 'ਸ਼ਓਪਿਇਨਸ' ਵਿੱਚ ਲਿਖਦਾ ਹੈ ਕਿ ਮਨੁੱਖ ਹੋਮੋ ਸੇਪੀਅਨਜ਼ ਤੋਂ ਹੀ ਵਿਕਸਤ ਹੋਇਆ ਹੈ। ਇਸ ਦੀ ਭਾਸ਼ਾਈ ਅਤੇ ਸੰਚਾਰੀ ਸਮਰੱਥਾ ਭਾਵ ਅਤੇ ਬਿਰਤਾਂਤ, ਕਥਾ-ਕਹਾਣੀਆਂ ਸਿਰਜਣ ਦੀ ਸਮਰੱਥਾ ਨੇ ਇਸ ਨੂੰ ਹੋਰ ਪ੍ਰਾਣੀਆਂ ਅਤੇ ਪਸ਼ੂਆਂ ਦੇ ਜਗਤ 'ਤੇ ਆਪਣਾ ਅਧਿਕਾਰ ਅਤੇ ਚੌਧਰ ਸਥਾਪਿਤ ਕਰਨ ਦੀ ਸਮਰੱਥਾ ਅਤੇ ਸ਼ਕਤੀ ਦਿੱਤੀ। ਹੋਮੋ ਸੇਪੀਅਨਜ਼ ਕੋਲ ਹਰ ਵਰਤਾਰੇ ਦੇ ਗਲਪੀਕਰਨ ਦੀ ਸਮਰੱਥਾ ਸੀ। ਭਾਸ਼ਾ ਸੰਚਾਰ ਨੇ ਉਸ ਨੂੰ ਵਰਤਾਰਿਆਂ, ਵਿਸ਼ਵਾਸਾਂ ਅਤੇ ਮਿੱਥਾਂ ਘੜਨ ਦੀ ਯੋਗਤਾ ਦਿੱਤੀ। ਭਾਸ਼ਾ ਰਾਹੀਂ ਉਹ ਉਨ੍ਹਾਂ ਵਰਤਾਰਿਆਂ ਅਤੇ ਵਿਸ਼ਵਾਸਾਂ ਬਾਰੇ ਵੀ ਸੰਚਾਰ ਕਰ ਲੈਂਦਾ ਹੈ ਜੋ ਦਰਅਸਲ ਹੁੰਦੇ ਹੀ ਨਹੀਂ। ਉਸ ਨੇ ਆਪਣੀ ਕਾਲਪਨਿਕ ਸੂਝ ਬੂਝ ਕਾਰਨ ਹੀ ਆਪਣੇ ਆਪ ਨੂੰ ਚਿਰਸਥਾਈ ਰੂਪ ਵਿੱਚ ਬਣਾਈ ਰੱਖਿਆ ਹੈ ਅਤੇ ਅੱਜ ਤੱਕ ਕਾਇਮ ਰੱਖੀ ਆ ਰਿਹਾ ਹੈ। ਸੇਪੀਅਨਜ਼ ਕੋਲ ਭਾਸ਼ਾਈ ਸਮਰੱਥਾ ਸੀ ਜਿਸ ਕਾਰਨ ਉਹ ਆਪਸ ਵਿੱਚ ਸੰਚਾਰ ਕਰ ਸਕਦੇ ਸਨ। ਸੰਗਿਆਨਕ ਕ੍ਰਾਂਤੀ ਨਾਲ ਉਸ ਨੇ ਕਹਾਣੀਆਂ, ਮਿੱਥਾਂ, ਦੇਵੀ ਦੇਵਤਿਆਂ ਅਤੇ ਧਰਮ ਨੂੰ ਘੜ ਕੇ ਆਪਸ ਵਿੱਚ ਸਹਿਕਾਰਤਾ ਪੈਦਾ ਕੀਤੀ ਅਤੇ ਜਗਤ ਦੇ ਹੋਰਾਂ ਪ੍ਰਾਣੀਆਂ ਉੱਪਰ ਆਪਣਾ ਗ਼ਲਬਾ ਅਤੇ ਦਾਬਾ ਪੈਦਾ ਕੀਤਾ।

ਪੱਛਮ 'ਚ ਪ੍ਰਬੁੱਧਤਾ ਦੌਰ ਤੋਂ ਲੈ ਕੇ ਗਿਆਨ ਵਿਗਿਆਨ ਦੇ ਖੇਤਰ 'ਚ ਨਵੀਆਂ ਤਕਨੀਕਾਂ ਦੀ ਪੱਧਰ 'ਤੇ ਕਈ ਇਨਕਲਾਬ ਵਾਪਰ ਚੁੱਕੇ ਹਨ। ਪਹਿਲਾ ਉਦਯੋਗਿਕ ਇਨਕਲਾਬ ਭਾਫ਼ ਦੇ ਇੰਜਣ ਦੀ ਖੋਜ ਨਾਲ ਆਇਆ। ਦੂਜਾ ਉਦਯੋਗਿਕ ਇਨਕਲਾਬ ਬਿਜਲਈ ਊਰਜਾ ਦੀ ਖੋਜ ਨਾਲ ਆਇਆ। ਤੀਜਾ ਉਦਯੋਗਿਕ ਇਨਕਲਾਬ ਕੰਪਿਊਟਰ ਦੀ ਆਮਦ ਨਾਲ ਵਾਪਰਿਆ। ਚੌਥਾ ਉਦਯੋਗਿਕ ਇਨਕਲਾਬ ਵਰਚੁਅਲ ਅਤੇ ਫਿਜ਼ੀਕਲ ਉਤਪਾਦਨੀ ਪ੍ਰਣਾਲੀਆਂ ਦੀ ਆਪਸੀ ਸਹਿਕਾਰਤਾ ਨੂੰ ਆਲਮੀ ਪੱਧਰ 'ਤੇ ਲਚਕੀਲਾ ਬਣਾਉਣ ਨਾਲ ਹੋਇਆ ਹੈ ਜਿਸ 'ਚ ਸਮਾਰਟ ਮਸ਼ੀਨਾਂ ਨੂੰ ਜੋੜ ਕੇ ਜ਼ਿਆਦਾ ਸਟੀਕ ਤੇ ਸਮਰੱਥ ਬਣਾਇਆ ਜਾ ਰਿਹਾ ਹੈ। ਪੰਜਵਾਂ ਉਦਯੋਗਿਕ ਇਨਕਲਾਬ ਨਿਰੰਤਰ ਮਾਨਵ ਕੇਂਦਰੀਅਤਾ ਅਤੇ ਵਾਤਾਵਰਣੀ ਸਰੋਕਾਰਾਂ ਦੇ ਨਾਲ ਨਾਲ ਉਦਯੋਗਿਕ ਸੰਰਚਨਾਵਾਂ ਰਾਹੀਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਇੰਟਰਨੈੱਟ ਆਫ ਥਿੰਗਜ਼, ਇੰਟਰਨੈੱਟ ਆਫ ਐਵਰੀਥਿੰਗ, ਇੰਡਸਟਰੀਅਲ ਇੰਟਰਨੈੱਟ ਆਫ ਥਿੰਗਜ਼, ਬਿੱਗ ਡੇਟਾ, ਐਲਗੋਰਿਦਮਜ਼, ਰੋਬੋਟਿਕਸ ਅਤੇ ਐਨਾਲਿਟਿਕਸ ਦਾ ਪ੍ਰਯੋਗ ਕਰਕੇ ਮਾਨਵੀ ਸਮਰੱਥਾਵਾਂ 'ਚ ਵਾਧੇ ਰਾਹੀਂ ਉਦਯੋਗਿਕ ਉਤਪਾਦਨ ਨੂੰ ਵਧਾਉਣਾ ਹੈ। ਹੁਣ ਤਾਂ ਛੇਵੇਂ ਉਦਯੋਗਿਕ ਇਨਕਲਾਬ ਦੀ ਵੀ ਗੱਲ ਹੋਣ ਲੱਗ ਪਈ ਹੈ ਜਿਸ ਵਿੱਚ ਐਡਵਾਂਸਡ ਤਕਨੀਕਾਂ ਜਿਵੇਂ ਕੁਆਂਟਮ ਕੰਪਿਊਟਿੰਗ ਅਤੇ ਨੈਨੋ ਤਕਨੀਕਾਂ ਨੂੰ ਪੂਰਵ ਉਸਾਰੀਆਂ ਉਦਯੋਗਿਕ ਸੰਰਚਨਾਵਾਂ ਦੇ ਆਧਾਰ 'ਤੇ ਵਿਕਸਤ ਕੀਤਾ ਜਾਵੇਗਾ।

ਪੱਛਮ, ਖ਼ਾਸਕਰ ਯੂਰਪ ਵਿੱਚ ਪ੍ਰਬੁੱਧਤਾ ਦੇ ਦੌਰ ਨੇ ਆਧੁਨਿਕਤਾ ਦੇ ਪ੍ਰਾਜੈਕਟ ਵਿੱਚ ਮਸ਼ੀਨ ਦੀ ਮਨੁੱਖੀ ਜੀਵਨ ਵਿੱਚ ਪੂਰੀ ਦਖ਼ਲਅੰਦਾਜ਼ੀ ਰੱਖੀ। ਇਸ ਦੌਰ ਵਿੱਚ ਮਸ਼ੀਨ ਨੇ ਸਵੈ ਅਤੇ ਸੰਚਾਰ ਦੇ ਪੈਰਾਡਾਈਮਜ਼ ਵਿੱਚ ਵੱਡੇ ਪਰਿਵਰਤਨ ਲਿਆਂਦੇ। ਇਨ੍ਹਾਂ ਵਿੱਚ ਮਨੁੱਖ ਕੇਂਦਰ ਵਿੱਚ ਰਿਹਾ। ਆਧੁਨਿਕਤਾ ਪ੍ਰਤੀ ਇਸ ਸੋਚ ਦਾ ਹੁੰਗਾਰਾ ਹਾਂ-ਮੁਖੀ ਸੀ। ਇਸ ਦੇ ਉਲਟ ਇਸ ਵਿੱਚੋਂ ਹੀ ਵਿਗਸੇ ਉਤਰ-ਆਧੁਨਿਕਤਾਵਾਦ ਨੇ ਮਾਨਵ ਕੇਂਦ੍ਰਿਤ ਸਾਰੇ ਮਹਾਬਿਰਤਾਤਾਂ ਨੂੰ ਰੱਦ ਕਰ ਦਿੱਤਾ। ਇਸ ਦਾ ਕਹਿਣਾ ਹੈ ਕਿ ਇਸ ਨਾਲ ਮਨੁੱਖੀ ਸਵੈ ਭਾਵ ਮਾਨਵੀ ਸਥਿਤੀ ਵਿੱਚ ਕੁਝ ਬਦਲਾਅ ਨਹੀਂ ਆਉਂਦਾ। ਇਸ ਦੇ ਮੁਕਾਬਲੇ ਉਤਰ-ਮਾਨਵਵਾਦ ਮਨੁੱਖੀ ਸਵੈ ਦੀਆਂ ਸਥਿਤੀਆਂ ਨੂੰ ਸਮਝਣ ਵਿੱਚ ਬਦਲਾਅ ਲਿਆਉਂਦਾ ਹੈ। ਹੁਣ ਤੱਕ ਸਵੈ ਦੀ ਸਮਝ ਮਾਨਵ ਕੇਂਦਰਿਤ ਰਹੀ। ਇਹ ਮਨੁੱਖ ਕੇਂਦਰਿਤ ਦ੍ਰਿਸ਼ਟੀਕੋਣ ਸਦੀਆਂ ਤੋਂ ਮਨੁੱਖੀ ਸੋਚ ਤੇ ਸਮਝ 'ਤੇ ਭਾਰੂ ਰਿਹਾ। ਇਹ ਗ਼ੈਰ ਮਾਨਵੀ ਜੀਵਨ ਰੂਪਾਂ ਅਤੇ ਕੁਦਰਤੀ ਯੂਨਿਟਾਂ ਨੂੰ ਮਾਨਵੀ ਹਿੱਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਇਸ ਦੇ ਬਰਅਕਸ ਮਨੁੱਖੀ ਸਵੈ ਦੀ ਸਮਰੱਥਾ ਨੂੰ ਸਮਝਣ ਲਈ ਪੋਸਟ ਹਿਊਮਨਿਜ਼ਮ ਇੱਕ ਦਾਰਸ਼ਨਿਕ ਅਤੇ ਸਭਿਆਚਾਰਕ ਦ੍ਰਿਸ਼ਟੀਕੋਣ ਹੈ ਜੋ ਮਾਨਵੀ ਵਿਸਤਾਰਵਾਦ ਨੂੰ ਰੱਦ ਕਰਕੇ ਮਨੁੱਖ, ਮਸ਼ੀਨ, ਕੁਦਰਤੀ ਵਰਤਾਰਿਆਂ ਅਤੇ ਇਕਾਈਆਂ ਵਿਚਕਾਰ ਸੀਮਾਵਾਂ ਨੂੰ ਧੁੰਦਲਾ ਕਰਦਾ ਹੈ।

ਮਾਨਵ ਕੇਂਦਰੀਵਾਦ ਸੰਸਾਰ ਨੂੰ ਪ੍ਰਮੁੱਖ ਤੌਰ 'ਤੇ ਮਾਨਵੀ ਇੱਛਾਵਾਂ ਅਤੇ ਕਦਰਾਂ ਕੀਮਤਾਂ ਦੇ ਪੱਖ ਤੋਂ ਦੇਖਦਾ ਹੈ ਭਾਵ ਮਨੁੱਖ ਨੂੰ ਬ੍ਰਹਿਮੰਡ ਦੇ ਕੇਂਦਰ ਵਿੱਚ ਰੱਖਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੇ ਵਿਨਾਸ਼, ਜੀਵਾਂ ਦੇ ਅਲੋਪ ਹੋਣ ਅਤੇ ਸਮਾਜਿਕ ਅਸਮਾਨਤਾਵਾਂ 'ਚ ਵਾਧਾ ਹੁੰਦਾ ਹੈ। ਇਸ ਲਈ ਮਾਨਵ ਕੇਂਦਰਵਾਦ ਨੂੰ ਰੱਦ ਕਰਦੇ ਪੋਸਟ ਹਿਊਮਨਿਸਟਿਕ ਦ੍ਰਿਸ਼ਟੀਕੋਣ ਤੋਂ ਮਾਨਵ ਵਿਸਤਾਰਵਾਦ ਨੂੰ ਕਾਟੇ ਹੇਠ ਰੱਖਿਆ ਜਾ ਰਿਹਾ ਹੈ। ਮਸਨੂਈ ਬੁੱਧੀ ਭਾਵ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਵਿੱਚ ਇਸ ਕਾਰਨ ਇੱਕ ਵਧੇਰੇ ਇਨਕਲਿਊਸਿਵ- ਇੰਟਰਕੁਨੈਕਟਿਡ ਵਿਸ਼ਵ ਦ੍ਰਿਸ਼ਟੀਕੋਣ ਉਭਰ ਰਿਹਾ ਹੈ। ਇਸ ਦੇ ਅੰਤਰਗਤ ਪਾਰ-ਮਾਨਵਵਾਦ ਤੇ ਉੱਤਰ ਮਾਨਵਵਾਦ ਦੇ ਵਰਗ ਦ੍ਰਿਸ਼ਟੀਕੋਣ ਰਾਹੀਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਐਲਗੋਰਿਦਮਜ਼, ਡੇਟਾ-ਬਿੱਗ ਡੇਟਾ ਆਦਿ ਸ਼ਾਮਿਲ ਹੋ ਕੇ 'ਨਿਦ-ਉਚਹਿਣ', ਜਨੈਟਿਕਸ ਅਤੇ ਸਾਈਬੋਰਜੀਨੇਸ਼ਨ ਆਦਿ ਰਾਹੀਂ ਸਵੈ ਪਛਾਣ ਅਤੇ ਮਨੁੱਖੀ ਸੰਚਾਰ ਦੀ ਸੰਭਾਵਨਾਵਾਂ ਨੂੰ ਸੋਚਿਆ ਅਤੇ ਉਲੀਕਿਆ ਜਾ ਰਿਹਾ ਹੈ। ਇੰਟਰਨੈੱਟ ਆਫ ਥਿੰਗਜ਼ ਅਤੇ ਇੰਟਰਨੈੱਟ ਆਫ ਐਵਰੀਥਿੰਗ ਅਤੇ ਬਿੱਗ ਡੇਟਾ ਅਤੇ ਮੈਟਾ ਡੇਟਾ ਨੂੰ ਸਮਝਣ ਸੁਲਝਾਉਣ ਵਾਲੀਆਂ ਵੱਡੀਆਂ ਐਲਗੋਰਿਦਮਜ਼ ਦਾ ਅਧਿਕਾਰ ਇੱਕ ਤਰ੍ਹਾਂ ਦਾ ਨਵਾਂ ਪੂੰਜੀਵਾਦ ਹੈ ਜੋ ਸਦਾ ਆਪਣੀ ਹੀ ਗਤੀ ਅਤੇ ਹੋਂਦ ਵਿਰੁੱਧ ਸੰਘਰਸ਼ 'ਚ ਰਹੇਗਾ ਅਤੇ ਇਸ 'ਚ ਚਿੰਤਾ ਸੋਸ਼ਣ ਦੀ ਥਾਂ ਅਪ੍ਰਸੰਗਿਕ ਹੋਣ ਦੀ ਹੋਵੇਗੀ।

ਮਸਨੂਈ ਬੁੱਧੀ ਬਾਰੇ ਇੱਕ ਵਿਚਾਰ ਇਹ ਵੀ ਹੈ ਕਿ ਇਹ ਮਨੁੱਖ ਦੀ ਭਾਸ਼ਾ ਅਤੇ ਗਿਆਨ ਸਮੱਰਥਾ 'ਚ ਹੋਰ ਇਜ਼ਾਫ਼ਾ/ਵਾਧਾ ਅਤੇ ਵਿਸਤਾਰ ਕਰੇਗੀ ਪਰ ਇਸ ਦਾ ਬਦਲ ਨਹੀਂ ਬਣ ਸਕਦੀ। ਇਹ ਮਨੁੱਖ ਨੂੰ ਹੋਰ ਚੇਤਨ ਅਤੇ ਚੌਕੰਨਾ ਕਰੇਗੀ ਤੇ ਚੈਨ ਨਾਲ ਨਹੀਂ ਬੈਠਣ ਦੇਵੇਗੀ ਕਿਉਂਕਿ ਉਹ ਮਨੁੱਖ ਦੇ ਬਹੁਤ ਸਾਰੇ ਪ੍ਰਸ਼ਨਾਂ ਦਾ ਜਵਾਬ ਦੇਣ 'ਚ ਸਮਰੱਥ ਹੋਵੇਗੀ। ਮਨੁੱਖ ਬਚੀ ਹੋਈ ਊਰਜਾ ਨੂੰ ਹੋਰ ਵੱਡੀਆਂ ਜਿਗਿਆਸਾਵਾਂ 'ਚ ਲਾ ਸਕੇਗਾ ਪਰ ਇਸ ਦੀ ਇੱਕ ਉਲਟ ਸਥਿਤੀ ਇਹ ਵੀ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਪ੍ਰਸ਼ਨ ਨਹੀਂ ਕਰ ਸਕਦੀ। ਉਸ ਕੋਲ ਜਿਗਿਆਸਾ ਦਾ ਮਾਦਾ ਨਹੀਂ। ਉਹ ਤਾਂ ਸਵਾਲਾਂ ਦਾ ਜਵਾਬ ਦੇਣ ਵਾਸਤੇ ਬਣੀ ਹੈ। ਜਿਗਿਆਸਾ 'ਤੇ ਸਦਾ ਮਨੁੱਖ ਦਾ ਅਧਿਕਾਰ ਰਹੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਜਦੋਂ ਮਾਨਵੀ ਸਮਰੱਥਾਵਾਂ ਨੂੰ ਬੜੀ ਵੱਡੀ ਪੱਧਰ 'ਤੇ ਹੋਰ ਸ਼ਕਤੀਸ਼ਾਲੀ ਅਤੇ ਵਿਆਪਕ ਕਰ ਰਹੀ ਹੋਵੇਗੀ ਤਾਂ ਇਸ ਸਾਰੇ ਵਰਤਾਰੇ 'ਚ ਮਨੁੱਖੀ ਹਮਦਰਦੀ ਅਤੇ ਸੁਹਿਰਦਤਾ ਦਾ ਸਥਾਨ ਬੜਾ ਸਰਵੋਤਮ ਰਹੇਗਾ। ਇਸ ਨੂੰ ਗੁਰੂ ਨਾਨਕ ਸਾਹਿਬ ਨੇ ''ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥'' ਕਿਹਾ ਹੈ। ਡਾਰਕ ਵਰਲਡ, ਡੀਪ ਫੇਕ ਅਤੇ ਪੋਸਟ ਟਰੁੱਥ ਦੇ ਸਮਿਆਂ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਇਸ ਸਾਰੀ ਗਿਆਨਾਤਮਕਤਾ 'ਚ ਸਦਾਚਾਰਕਤਾ ਦੇ ਨਾਲ ਨਾਲ ਨੈਤਿਕਤਾ ਦਾ ਪਾਰਾਵਾਰ ਸਭ ਤੋਂ ਹਰਮਨ ਪਿਆਰਾ ਹੋਵੇਗਾ।

ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਦਾਖ਼ਲ ਹੋ ਚੁੱਕੇ ਹਾਂ। ਜਿਹੜੀ ਭਾਸ਼ਾ ਇਸ ਦੇ ਪਲੈਟਫਾਰਮ 'ਤੇ ਨਹੀਂ ਹੋਵੇਗੀ, ਉਸ ਲਈ ਆਪਣੀ ਹੋਂਦ ਬਣਾਈ ਰੱਖਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੋ ਜਾਵੇਗਾ। ਪਹਿਲੀ ਫਰਵਰੀ 2024 ਨੂੰ ਗੂਗਲ ਨੇ ਆਪਣਾ ਆਰਟੀਫੀਸ਼ੀਅਲ ਇੰਟੈਲੀਜੈਂਸ ਪਲੇਟਫਾਰਮ ਜੈਮਨਾਈ ਪਰੋ ਰਿਲੀਜ਼ ਕੀਤਾ ਜਿਸ ਵਿੱਚ ਅੱਠ ਭਾਰਤੀ ਭਾਸ਼ਾਵਾਂ ਜਿਵੇਂ ਹਿੰਦੀ (60 ਕਰੋੜ ਭਾਸ਼ਾਹਾਰੀ), ਬੰਗਾਲੀ (27 ਕਰੋੜ ਭਾਸ਼ਾਹਾਰੀ), ਮਰਾਠੀ (9 ਕਰੋੜ ਭਾਸ਼ਾਹਾਰੀ), ਤੇਲਗੂ (8 ਕਰੋੜ ਭਾਸ਼ਾਹਾਰੀ), ਕੰਨੜ (5 ਕਰੋੜ ਭਾਸ਼ਾਹਾਰੀ) ਨੂੰ ਸ਼ਾਮਿਲ ਕੀਤਾ ਗਿਆ, ਪਰ ਪੂਰੀ ਦੁਨੀਆ 'ਚ 15 ਕਰੋੜ ਲੋਕਾਂ ਦੀ ਭਾਸ਼ਾ ਪੰਜਾਬੀ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਅਜਿਹਾ ਕਿਉਂ ਨਹੀਂ ਕੀਤਾ ਗਿਆ? ਇਹ ਸਾਰੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਭਾਸ਼ਾ ਦੇ ਇਸ ਪਲੈਟਫਾਰਮ ਤੋਂ ਬਾਹਰ ਰਹਿ ਜਾਣ ਦੇ ਕਈ ਨੁਕਸਾਨ ਹਨ। ਕਿਸੇ ਭਾਸ਼ਾ ਦਾ ਭਵਿੱਖ 'ਚ ਆਪਣੀ ਹੋਂਦ ਬਣਾਈ ਰੱਖਣ ਤੇ ਸੁਰੱਖਿਅਤ ਰਹਿਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪਲੈਟਫਾਰਾਮ 'ਤੇ ਜ਼ਿੰਦਾ ਰਹਿਣਾ ਜ਼ਰੂਰੀ ਹੋ ਗਿਆ ਹੈ। ਭਾਵੇਂ ਪੰਜਾਬੀ ਭਾਸ਼ਾ ਦੇ ਭਵਿੱਖ ਦਾ ਵੀ ਸਵਾਲ ਹੈ ਪਰ ਇਸ ਨੂੰ ਬਹੁਤਾ ਵਧਾ-ਚੜ੍ਹਾਅ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਜੇਕਰ ਗੂਗਲ ਨੇ ਆਪਣੇ ਪਲੇਟਫਾਰਮ 'ਜੈਮਨਾਈ ਪਰੋ' 'ਤੇ ਪੰਜਾਬੀ ਨੂੰ ਨਹੀਂ ਪਾਇਆ ਤਾਂ ਕੋਈ ਗੱਲ ਨਹੀਂ ਕਿਉਂਕਿ ਬਹੁਤ ਸਾਰੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਐਪਸ ਨੇ ਪੰਜਾਬੀ ਨੂੰ ਸ਼ਾਮਿਲ ਕੀਤਾ ਹੈ ਅਤੇ ਕਰ ਵੀ ਰਹੀਆਂ ਹਨ। ਇਸ ਵੇਲੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸਭ ਤੋਂ ਵੱਧ ਸਫ਼ਲ ਅਤੇ ਪ੍ਰਚੱਲਿਤ ਸੰਦ ਚੈਟਜੀਪੀਟੀ ਨੇ ਪੰਜਾਬੀ ਨੂੰ ਕਲਾਵੇ ਵਿੱਚ ਲਿਆ ਹੈ। ਕਲੌਡ 3.5 ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਪਲੈਟਫਾਰਮ ਹੈ ਜਿਸ ਨੇ ਆਪਣੇ 3.5 ਮਾਡਲ ਵਿੱਚ ਸ਼ੁਰੂ ਤੋਂ ਹੀ ਪੰਜਾਬੀ ਨੂੰ ਸ਼ਾਮਿਲ ਕੀਤਾ ਹੈ। ਫੇਸਬੁੱਕ ਅਤੇ ਵਟਸਐਪ ਦੀ ਕਲਾਊਡ ਕੰਪਨੀ 'ਮੈਟਾ ਏ ਆਈ' ਵਿੱਚ ਪੰਜਾਬੀ ਨੂੰ ਸ਼ਾਮਿਲ ਕਰਨ 'ਤੇ ਕੰਮ ਚੱਲ ਰਿਹਾ ਹੈ। ਆਉਣ ਵਾਲੇ ਸਮਿਆਂ 'ਚ ਗੂਗਲ ਦੀ ਜੈਮਨਾਈ ਪਰੋ ਵੀ ਪੰਜਾਬੀ ਨੂੰ ਸ਼ਾਮਿਲ ਕਰੇਗੀ ਹੀ। ਇਸ ਦਾ ਕਾਰਨ ਹੈ ਕਿ ਕਿਸੇ ਵੀ ਮਾਡਲ ਪਲੈਟਫਾਰਮ ਨੂੰ ਕਿਸੇ ਵੀ ਭਾਸ਼ਾ 'ਚ ਮੁਹਾਰਤ ਹਾਸਿਲ ਕਰਨ ਲਈ ਆਪਣਾ ਡੇਟਾਬੇਸ ਬੜਾ ਵਿਸ਼ਾਲ ਅਤੇ ਸਮ੍ਰਿਧ ਕਰਨਾ ਪੈਂਦਾ ਹੈ ਤਾਂ ਜੋ ਉਸ ਭਾਸ਼ਾ ਦੀ ਸਮੱਗਰੀ ਦੀ ਗੁਣਵੱਤਾ, ਵਿਭਿੰਨਤਾ ਅਤੇ ਬਹੁਰੂਪਤਾ 'ਤੇ ਨਿਰਭਰ ਕਰਦਾ ਹੈ। ਇਸੇ ਕਰਕੇ ਤੁਸੀਂ ਦੇਖਿਆ ਹੋਣਾ ਕਿ ਚੈਟਜੀਪੀਟੀ ਸਭ ਤੋਂ ਪੁਰਾਣਾ ਸੰਦ ਹੈ ਪਰ ਕਈ ਵਾਰ ਪੰਜਾਬੀ ਦੇ ਪ੍ਰਸੰਗ 'ਚ ਉਹ ਜਦ ਕੁਝ ਜੈਨਰੇਟ ਜਾਂ ਪ੍ਰੋਡਿਊਸ ਕਰਦੀ ਹੈ ਤਾਂ ਚੌਥੀ ਪੰਜਵੀਂ ਕਮਾਂਡ ਤੋਂ ਬਾਅਦ ਉਹ ਹਫਣ ਤੇ ਥੱਕਣ ਲੱਗ ਜਾਂਦੀ ਹੈ। ਇਸਦਾ ਕਾਰਨ ਇਹ ਹੈ ਕਿ ਉਸ ਦਾ ਡੇਟਾਬੇਸ ਏਨਾ ਵਿਸ਼ਾਲ ਨਹੀਂ ਪਰ ਜਦੋਂ ਤੁਸੀਂ ਉਹੀ ਕੰਮ ਕਲੌਡ 3.5 ਤੋਂ ਲੈਂਦੇ ਹੋ ਤਾਂ ਉਸ ਵੱਲੋਂ ਜੈਨਰੇਟ ਕੀਤੀ ਸਮੱਗਰੀ ਜ਼ਿਆਦਾ ਅਮੀਰ ਤੇ ਭਰਪੂਰ ਹੁੰਦੀ ਹੈ। ਇੰਝ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ 'ਚ ਏ ਆਈ ਵਿੱਚ ਵੱਖ ਵੱਖ ਪਲੈਟਫਾਰਮਾਂ ਦਾ ਉਤਪਾਦਨ ਮਿਆਰ ਅਤੇ ਗੁਣਵੱਤਾ ਭਿੰਨ-ਭਿੰਨ ਹੈ। ਪੰਜਾਬੀ ਭਾਸ਼ਾ ਵਿੱਚ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਮਿਆਰ ਵਧਾਉਣਾ ਹੈ ਤਾਂ ਸਾਨੂੰ ਪੰਜਾਬੀ ਭਾਸ਼ਾਹਾਰੀਆਂ ਨੂੰ ਵੱਧ ਤੋਂ ਵੱਧ ਇੰਟਰਨੈੱਟ ਮੁਖੀ ਬਣ ਕੇ ਬਹੁਤ ਵਿਸ਼ਾਲ ਅਤੇ ਸ਼ਕਤੀਸ਼ਾਲੀ ਡੇਟਾਬੇਸ ਬਣਾਉਣਾ ਪਵੇਗਾ ਤਾਂ ਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਪੈਦਾ ਹੋਈ ਸਾਹਿਤਕ ਕਿਰਤ ਜਾਂ ਕਲਾ ਆਪਣੀ ਵਿਵਿਧਤਾ ਅਤੇ ਵਿਭਿੰਨਤਾ ਨਾਲ ਹਾਜ਼ਰੀ ਲਵਾ ਸਕੇਗੀ।

ਇੱਕ ਗੱਲ ਧਿਆਨਯੋਗ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਆਧਾਰਿਤ ਸਾਰੀਆਂ ਐਪਸ ਅਤੇ ਪਲੈਟਫਾਰਮਾਂ ਅਤੇ ਟੂਲਜ਼ ਦਾ ਸਾਰਾ ਵਰਤਾਰਾ ਬਾਜ਼ਾਰ ਆਧਾਰਿਤ ਹੈ। ਇਸ ਦੇ ਕਮਰਸ਼ੀਅਲ ਪੱਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਰੀਆਂ ਇਨਫਰਮੇਸ਼ਨ ਟੈਕਨਾਲੋਜੀ ਕੰਪਨੀਆਂ, ਜੋ ਇਨ੍ਹਾਂ ਤਕਨੀਕਾਂ 'ਤੇ ਬੇਇੰਤਿਹਾ ਪੈਸਾ ਨਿਵੇਸ਼ ਕਰ ਰਹੀਆਂ ਹਨ, ਦਾ ਮਕਸਦ ਮੁਨਾਫ਼ਾ ਕਮਾਉਣਾ ਹੈ। ਪਹਿਲਾਂ ਉਹ ਸਾਰੇ ਪਲੈਟਫਾਰਮ ਮੁਫ਼ਤ ਮੁਹੱਈਆ ਕਰਵਾਉਣਗੀਆਂ ਜਦੋਂ ਖਪਤਕਾਰ ਆਦੀ ਹੋ ਜਾਣਗੇ ਤਾਂ ਉਹ ਉਨ੍ਹਾਂ ਦੀਆਂ ਲੋੜਾਂ 'ਚੋਂ ਪੈਸਾ ਕਮਾਉਣਗੀਆਂ। ਭਵਿੱਖ ਦਾ ਬਾਜ਼ਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਹੋਵੇਗਾ।

ਯੁਵਾਲ ਨੋਹ ਹਰਾਰੀ ਆਪਣੀ ਕਿਤਾਬ 'ਹੋਮੋ ਡਿਊਸ' 'ਚ ਕਹਿੰਦਾ ਹੈ ਕਿ ਆਉਣ ਵਾਲੇ ਮਨੁੱਖੀ ਦੇਵਤੇ ਉਹੀ ਹੋਣਗੇ ਜਿਨ੍ਹਾਂ ਕੋਲ ਸਭ ਤੋਂ ਵੱਡਾ ਡੇਟਾਬੇਸ ਅਤੇ ਉਸ ਨਾਲ ਸਿੱਝਣ ਲਈ ਬਹੁਤ ਸ਼ਕਤੀਸ਼ਾਲੀ ਐਲਗੋਰਿਦਮਜ਼ ਹੋਣਗੇ, ਜੋ ਬਹੁਤ ਤੇਜ਼ੀ ਨਾਲ ਹਰ ਰੋਜ਼ ਆਪਣੇ ਨਵੇਂ ਰੂਪਾਂ 'ਚ ਬਾਜ਼ਾਰ ਵਿੱਚ ਹਾਜ਼ਰੀ ਲਵਾਉਣਗੇ ਕਿਉਂਕਿ ਭਵਿੱਖ ਦਾ ਡਰ ਹੁਣ ਸੋਸ਼ਣ ਦਾ ਨਹੀਂ, ਅਸੰਗਤ ਅਤੇ ਅਪ੍ਰਸੰਗਿਕ ਹੋ ਜਾਣ ਦਾ ਹੈ। ਸਭ ਐਪਸ ਤੇ ਟੂਲਜ਼ ਲੋੜ 'ਤੇ ਨਿਰਭਰ ਹੋਣਗੇ ਕਿਉਂਕਿ ਇਨ੍ਹਾਂ ਨੂੰ ਸਭਨਾਂ ਨੂੰ ਵਰਤਣਾ ਪੈਣਾ ਹੈ। ਲੋੜ ਮੁਤਾਬਿਕ ਵਰਤੋਂ ਅਤੇ ਵਰਤੋਂ ਮੁਤਾਬਕ ਖ਼ਰੀਦੋ। ਭਵਿੱਖ ਲਈ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਜਿੰਨੀ ਜਲਦੀ ਤਿਆਰ ਕਰ ਲਈਏ ਓਨਾ ਚੰਗਾ ਹੈ।

ਚਿੱਤਰਕਲਾ-ਪੇਂਟਿੰਗਜ਼ ਦੀ ਦੁਨੀਆ ਵਿੱਚ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਦਖ਼ਲ ਦਿਨੋ ਦਿਨ ਵਿਆਪਕ ਹੁੰਦਾ ਜਾ ਰਿਹਾ ਹੈ। 'ਮਿੱਡ ਜਰਨੀ' ਜਿਹੇ ਕਈ ਸੌਫਟਵੇਅਰ ਪ੍ਰੋਗਰਾਮ ਹਨ ਜਿਹੜੇ ਖਪਤਕਾਰ ਦੀ ਮੰਗ ਅਤੇ ਨਿਰਦੇਸ਼ਨਾ ਨੂੰ ਕਲਾ-ਪੇਂਟਿੰਗ 'ਚ ਬਦਲ ਦਿੰਦੇ ਹਨ। ਉਦਾਹਰਣ ਵਜੋਂ ਜਿਵੇਂ ਤੁਸੀਂ 'ਮਿੱਡ ਜਰਨੀ' ਨੂੰ ਕਹੋ ਕਿ ਮੈਨੂੰ ਇਸ ਤਰ੍ਹਾਂ ਦਾ ਚਿੱਤਰ ਚਾਹੀਦਾ ਹੈ ਜਿਸ ਵਿਚ ਦੋ ਪ੍ਰੇਮੀ ਸਮੁੰਦਰ ਕਿਨਾਰੇ ਬੈਠੇ ਹੋਣ... ਸ਼ਾਮ ਦਾ ਸਮਾਂ ਹੋਵੇ... ਪੰਛੀ ਘਰਾਂ ਨੂੰ ਪਰਤ ਰਹੇ ਹੋਣ... ਇਸਦੀ ਸ਼ੈਲੀ ਕਿਊਬਇਜ਼ਮ ਦੀ... ਜਾਂ ਦਾਦਾਇਜ਼ਮ ਦੀ... ਰਿਅਲਇਜ਼ਮ ਦੀ ਹੋਵੇ... ਕਲਾ ਦਾ ਸਮਾਂ ਰੈਨੇਸਾਂ ਦਾ ਹੋਵੇ ਜਾਂ ਪ੍ਰਬੁੱਧਤਾ ਦਾ... ਆਦਿ। ਕੁਝ ਮਿੰਟਾਂ ਬਾਅਦ ਹੀ 'ਮਿੱਡ ਜਰਨੀ' ਤੁਹਾਡੇ ਨਿਰਦੇਸ਼ਾਂ ਨੂੰ ਕਲਾ ਵਿੱਚ ਬਦਲ ਦੇਵੇਗੀ। ਇਸ 'ਚ ਕੋਈ ਕਮੀ ਨਹੀਂ ਹੋਵੇਗੀ। ਲਾਈਟ ਅਤੇ ਸ਼ੇਡਜ਼ ਦਾ ਬੜਾ ਵਧੀਆ ਪ੍ਰਯੋਗ ਹੋਵੇਗਾ ਪਰ ਇਸ ਵਿੱਚ ਕਲਾ ਸਿਰਜਣਾ ਦੀਆਂ ਪਾਬਲੋ ਪਿਕਾਸੋ, ਵਾਨਗੌਗ ਜਾਂ ਪਾਲ ਗੋਗਾਂ ਆਦਿ ਦੇ ਹੱਥਾਂ ਜਿਹੀਆਂ ਮਨੁੱਖੀ ਛੋਹਾਂ ਦੀ ਕਮੀ ਮਹਿਸੂਸ ਹੋਵੇਗੀ। ਇਹੋ ਹਾਲ ਸੰਗੀਤ ਦੀ ਦੁਨੀਆ ਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਪੁਰਾਣੇ ਗਾਣਿਆਂ ਨੂੰ ਪੁਰਾਣੇ ਗਾਇਕਾਂ ਦੀ ਆਵਾਜ਼ 'ਚ ਮੁੜ ਗਾਇਆ ਜਾ ਸਕਦਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਆਉਣ ਨਾਲ ਸਾਹਿਤ 'ਚ ਬੜੇ ਬਦਲਾਅ ਆਉਣ ਦਾ ਖ਼ਦਸ਼ਾ ਹੈ। ਬਹੁਤ ਸਾਰੇ ਪੰਜਾਬੀਆਂ ਦੇ ਮਨਾਂ 'ਚ ਇਹ ਤੌਖ਼ਲਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਕਵਿਤਾ ਬੜੀ ਆਸਾਨੀ ਨਾਲ ਲਿਖੀ ਜਾ ਸਕਦੀ ਹੈ। ਪਿੱਛੇ ਜਿਹੇ ਕਵੀ ਗੁਰਪ੍ਰੀਤ (ਫੇਸਬੁੱਕ ਵਾਲ ਤੋਂ ਲਈ ਸਮੱਗਰੀ ਲਈ ਧੰਨਵਾਦ ਸਹਿਤ) ਨੇ 'ਕਲੌਡ ਏ ਆਈ 3.5' ਨੂੰ ਬੇਨਤੀ ਕੀਤੀ ਤੇ ਇੱਕ ਕਵਿਤਾ ਲਿਖ ਦਿੱਤੀ ਗਈ। ਕਵੀ ਦਾ ਕਹਿਣਾ ਸੀ ਕਿ ਠੀਕ ਹੈ ਕਿ ਮੈਂ ਨਾਜ਼ਿਮ ਹਿਕਮਤ ਦੀ ਸ਼ੈਲੀ 'ਚ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਦੀ ਕਵਿਤਾ ਅਕਸਰ ਸਮਾਜਿਕ ਅਤੇ ਰਾਜਨੀਤਕ ਵਿਸ਼ਿਆਂ 'ਤੇ ਕੇਂਦ੍ਰਿਤ ਹੁੰਦੀ ਸੀ, ਨਾਲ ਹੀ ਪ੍ਰੇਮ ਅਤੇ ਮਾਨਵਤਾ ਦੇ ਵਿਸ਼ਿਆਂ 'ਤੇ ਵੀ। ਏਆਈ ਨੇ ਗੁਰਪ੍ਰੀਤ ਦੀ ਬੇਨਤੀ 'ਤੇ ਇਉਂ ਕਵਿਤਾ ਲਿਖੀ:

ਅਜ਼ਾਦੀ ਦਾ ਗੀਤ
ਮੈਂ ਦੇਖਿਆ ਹੈ ਇੱਕ ਬੱਚਾ
ਜੋ ਭੁੱਖ ਨਾਲ ਰੋ ਰਿਹਾ ਸੀ
ਉਸਦੀਆਂ ਅੱਖਾਂ ਵਿੱਚ ਸਵਾਲ ਸਨ
''ਕਿਉਂ?''
ਮੈਂ ਦੇਖੀ ਹੈ ਇੱਕ ਔਰਤ
ਜੋ ਆਪਣੇ ਹੱਕਾਂ ਲਈ ਲੜ ਰਹੀ ਸੀ
ਉਸਦੀ ਮੁੱਠੀ 'ਚ ਤਾਕਤ ਸੀ
''ਕਦੋਂ?''
ਮੈਂ ਦੇਖਿਆ ਹੈ ਇੱਕ ਬਜ਼ੁਰਗ
ਜੋ ਯਾਦਾਂ ਵਿੱਚ ਖੋਇਆ ਸੀ
ਉਸਦੇ ਦਿਲ 'ਚ ਉਮੀਦ ਸੀ
''ਕਿੱਥੇ?''
ਮੈਂ ਦੇਖਿਆ ਹੈ ਇੱਕ ਲੋਕ
ਜੋ ਇਕੱਠੇ ਖੜ੍ਹੇ ਸਨ
ਉਨ੍ਹਾਂ ਦੀ ਆਵਾਜ਼ ਵਿੱਚ ਜਵਾਬ ਸੀ
''ਹੁਣ!''
ਆਉ ਸਾਥੀਓ
ਅਸੀਂ ਲਿਖੀਏ ਇੱਕ ਨਵਾਂ ਇਤਿਹਾਸ
ਜਿੱਥੇ ਹਰ ਇੱਕ ਦੀ ਆਵਾਜ਼ ਸੁਣੀ ਜਾਵੇ
ਜਿੱਥੇ ਹਰ ਇੱਕ ਦਾ ਹੱਕ ਪੂਰਾ ਹੋਵੇ
ਆਜ਼ਾਦੀ ਦਾ ਗੀਤ ਗਾਓ
ਇਨਕਲਾਬ ਦਾ ਝੰਡਾ ਲਹਿਰਾਓ
ਆਓ, ਅਸੀਂ ਬਦਲੀਏ ਇਹ ਦੁਨੀਆ
ਹੱਥ ਵਿੱਚ ਹੱਥ ਪਾ ਕੇ ਚੱਲੀਏ

ਇਸ ਕਵਿਤਾ ਬਾਰੇ ਦੋ ਐਨ ਵਿਰੋਧੀ ਦ੍ਰਿਸ਼ਟੀਕੋਣ ਸਾਹਮਣੇ ਆਏ। ਕਿਸੇ ਨੇ ਕਿਹਾ ਕਿ ਸਾਨੂੰ ਕਵੀਆਂ ਨੂੰ ਹੁਣ ਕਵਿਤਾ ਲਿਖਣੀ ਛੱਡ ਦੇਣੀ ਚਾਹੀਦੀ ਹੈ।

ਦੂਜੇ ਨੇ ਕਿਹਾ ਕਿ ਬੱਸ ਕਵਿਤਾ ਗ਼ੈਰਹਾਜ਼ਰ ਹੈ- ਬਾਕੀ ਸਭ ਠੀਕ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਆਪਣੇ ਪ੍ਰਾਪਤ ਡੇਟਾ ਦੇ ਆਧਾਰ 'ਤੇ ਕਵਿਤਾ ਪੈਦਾ-ਉਤਪੰਨ ਕਰ ਸਕਦੀ ਹੈ ਪਰ ਕਵਿਤਾ ਸਿਰਜ ਨਹੀਂ ਸਕਦੀ, ਇਸੇ ਲਈ ਮਸ਼ੀਨੀ ਸਿਮਰਤੀ ਦੇ ਆਧਾਰ ਵਾਲੀ ਕਵਿਤਾ ਰੇਚਕੀ ਜਾਂ ਵਿਰੇਚਨੀ ਨਹੀਂ ਹੁੰਦੀ ਕਿਉਂਕਿ ਉਹ ਉਸ ਤਣਾਅ 'ਚੋਂ ਨਹੀਂ ਨਿਕਲੀ ਹੁੰਦੀ ਜੋ ਕਵੀ ਕਵਿਤਾ ਦੀ ਸਿਰਜਣਾ ਕਰਦਾ ਹੋਇਆ ਆਪਣੇ ਮਨ-ਬੁੱਧੀ ਅਤੇ ਆਤਮਾ 'ਤੇ ਝੱਲ ਰਿਹਾ ਹੁੰਦਾ ਹੈ। ਮਸ਼ੀਨੀ ਸਿਮਰਤੀ ਦੁਆਰਾ ਲਿਖੀ ਕਵਿਤਾ ਦਾ ਮਾਨਸਿਕ ਧਰਵਾਸ ਨਹੀਂ ਹੋਵੇਗਾ ਕਿਉਂਕਿ ਹਰ ਵੇਲੇ ਅਵਿਸ਼ਵਾਸ ਦੀ ਭਾਵਨਾ ਮਨੁੱਖੀ ਮਨ ਨੂੰ ਘੇਰੀ ਰੱਖੇਗੀ ਕਿ ਇਹ ਕਵਿਤਾ ਮਸ਼ੀਨ ਨੇ ਪੈਦਾ ਕੀਤੀ ਹੈ ਮਨੁੱਖੀ ਮਨ ਨੇ ਨਹੀਂ। 'ਨਿਦ-ਉਚਹਨਇ' ਦੇ ਇੰਟਰਫੇਸ ਨੂੰ ਪੜ੍ਹਨ-ਸਮਝਣ, ਜਿਉਣ-ਰਹਿਣ ਵਿੱਚੋਂ ਹੀ ਮਨੁੱਖੀ ਸਰੋਕਾਰਾਂ, ਸਿਰਜਣਾ ਅਤੇ ਸੰਵਾਦ/ਸੰਚਾਰ ਦੇ ਗਿਆਨ ਰਾਹੀਂ ਮੁਕਤੀ ਦਾ ਪ੍ਰਵਚਨ ਬਣ ਉਭਰੇਗਾ। ਸਾਨੂੰ ਆਪਣੀ ਨੈਤਿਕਤਾ 'ਤੇ ਟੇਕ ਰੱਖਣੀ ਚਾਹੀਦੀ ਹੈ। ਗੁਰਬਾਣੀ 'ਚ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 662 'ਤੇ ਗੁਰੂ ਨਾਨਕ ਦੇਵ ਜੀ ਵੱਲੋਂ ਰਾਗ ਧਨਾਸਰੀ 'ਚ ਕਿਹਾ ਇੱਥੇ ਬੜਾ ਪ੍ਰਸੰਗਿਕ ਪ੍ਰਤੀਤ ਹੁੰਦਾ ਹੈ: ਪੜਿਆ ਬੂਝੈ ਸੋ ਪਰਵਾਣੁ॥ ਜਿਸੁ ਸਿਰਿ ਦਰਗਹ ਕਾ ਨੀਸਾਣੁ॥

# ਸਿਹਤ ਸੰਸਾਰ




### ਵਰਤੋ ਥੋੜ੍ਹੀ ਜਿਹੀ ਸਾਵਧਾਨੀ ਤੇ ਕਰੋ

## ਮਲੇਰੀਆ ਅਤੇ ਡੇਂਗੂ ਤੋਂ ਬਚਾਅ

**ਲੇਖਕ : ਰਾਜੇਂਦਰ ਮਿਸ਼ਰ 'ਰਾਜ**

ਇਸ ਬਿਮਾਰੀ ਤੋਂ ਬਚਣ ਦਾ ਸਿਰਫ ਇਕ ਉਪਾਅ ਮੱਛਰਾਂ ਦਾ ਸਫਾਇਆ ਕਰਨਾ ਹੈ ਅਤੇ ਇਹ ਕੰਮ ਸਾਰਿਆਂ ਦੇ ਸਹਿਯੋਗ ਨਾਲ ਇਕ ਜਨ ਜਾਗ੍ਰਿਤੀ ਮੁਹਿੰਮ ਦੁਆਰਾ ਹੀ ਸੰਭਵ ਹੈ। ਸਾਨੂੰ ਇਹ ਜਾਣ ਲੈਣਾ ਜ਼ਰੂਰੀ ਹੋ ਗਿਆ ਹੈ ਕਿ ਮੱਛਰਾਂ ਨਾਲ ਮਲੇਰੀਆ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ। ਲਾਪ੍ਰਵਾਹੀ ਵਰਤੇ ਜਾਣ 'ਤੇ ਇਹ ਬਿਮਾਰੀਆਂ ਮੌਤ ਦਾ ਕਾਰਨ ਤੱਕ ਬਣ ਸਕਦੀਆਂ ਹਨ।

ਜੂਨ ਦੇ ਮਹੀਨੇ ਤੋਂ ਹੀ ਸਾਡੇ ਦੇਸ਼ ਵਿਚ ਮੌਨਸੂਨ ਸਰਗਰਮ ਹੋ ਜਾਂਦੀ ਹੈ ਅਤੇ ਮੀਂਹ ਸ਼ੁਰੂ ਹੋ ਜਾਂਦੇ ਹਨ। ਦੱਖਣੀ ਭਾਰਤ ਵਿਚ ਨਵੰਬਰ ਮਹੀਨੇ ਵਿਚ ਵੀ ਮੀਂਹ ਪੈਂਦਾ ਹੈ। ਕਿਉਂਕਿ ਬਰਸਾਤ ਦਾ ਮੌਸਮ ਮੱਛਰਾਂ ਦੇ ਪ੍ਰਜਨਣ ਲਈ ਅਨੁਕੂਲ ਸਮਾਂ ਹੈ, ਇਸ ਲਈ ਮੌਨਸੂਨ ਦੇ ਦਸਤਕ ਦਿੰਦੇ ਹੀ ਮੱਛਰਾਂ ਨਾਲ ਨਿਪਟਣ ਲਈ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਬਦਕਿਸਮਤੀ ਹੈ ਕਿ ਸਾਡੇ ਦੇਸ਼ ਵਿਚ ਜਿਹੋ ਜਿਹੀਆਂ ਤਿਆਰੀਆਂ ਹੋਣੀਆਂ ਚਾਹੀਦੀਆਂ ਹਨ, ਉਹ ਨਹੀਂ ਹੁੰਦੀਆਂ ਅਤੇ ਇਧਰ-ਉਧਰ ਗੰਦਾ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਸ ਨਾਲ ਮੱਛਰਾਂ ਨੂੰ ਮੌਕਾ ਮਿਲ ਜਾਂਦਾ ਹੈ।

ਬਰਸਾਤ ਦੋ ਤਰ੍ਹਾਂ ਨਾਲ ਮੱਛਰਾਂ ਦੀ ਸਹਾਇਤਾ ਕਰਦੀ ਹੈ। ਪਹਿਲਾਂ ਮੱਛਰਾਂ ਦੇ ਪ੍ਰਜਨਣ ਲਈ ਪਾਣੀ ਉਪਲਬਧ ਕਰਾਉਂਦੀ ਹੈ, ਦੂਜੀ ਗੱਲ ਇਹ ਕਿ ਬਰਸਾਤ ਨਾਲ ਵਾਤਾਵਰਨ ਵਿਚ ਨਮੀ ਦੀ ਮਾਤਰਾ ਵਧਦੀ ਹੈ, ਜੋ ਮੱਛਰਾਂ ਦੇ ਜੀਵਨ ਲਈ ਅਨੁਕੂਲ ਹੁੰਦੀ ਹੈ। ਟੋਏ, ਪਾਣੀ ਦਾ ਅਣਉਚਿਤ ਨਿਕਾਸ, ਸਿੰਚਾਈ ਦੀਆਂ ਨਾਲੀਆਂ ਅਤੇ ਪਰਿਯੋਜਨਾਵਾਂ ਮੱਛਰਾਂ ਦੇ ਪ੍ਰਜਣਨ ਵਿਚ ਸਹਾਇਕ ਹੋ ਕੇ ਮਲੇਰੀਆ ਨੂੰ ਵਧਾਉਂਦੀਆਂ ਹਨ।

ਮਲੇਰੀਆ ਤੋਂ ਬਚਣ ਦੇ ਕੁਝ ਉਪਾਅ ਹਨ, ਜਿਨ੍ਹਾਂ ਨੂੰ ਜੇ ਅਸੀਂ ਅਮਲ ਵਿਚ ਲਿਆਈਏ ਤਾਂ ਮਲੇਰੀਏ ਦਾ ਖਤਰਾ ਘੱਟ ਕਰ ਸਕਦੇ ਹਾਂ।

ਪਾਣੀ ਨੂੰ ਇਕ ਜਗ੍ਹਾ ਇਕੱਠਾ ਨਾ ਹੋਣ ਦਿਓ। ਇਕੱਠਾ ਹੋਇਆ ਪਾਣੀ ਹੀ ਮਾਦਾ ਇਨਾਫਿਲੀਜ ਮੱਛਰ ਦੇ ਆਂਡੇ ਦੇਣ ਦਾ ਆਧਾਰ ਬਣਦਾ ਹੈ। ਇਸ ਲਈ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਲਈ-

- ਪਾਣੀ ਦੀ ਟੈਂਕੀ 'ਤੇ ਢੱਕਣ ਸਹੀ ਢੰਗ ਨਾਲ ਲਗਾਓ।
- ਨਾਲੀਆਂ ਸਾਫ ਰੱਖੋ।
- ਪਾਣੀ ਵਾਲੇ ਭਾਂਡੇ ਨੂੰ ਢਕ ਕੇ ਰੱਖੋ।
- ਘਰ ਦੇ ਖਿੜਕੀਆਂ-ਦਰਵਾਜ਼ਿਆਂ 'ਤੇ ਜਾਲੀ ਲਗਵਾਓ।
- ਬੇਕਾਰ ਪਏ ਟਾਇਰਾਂ ਵਿਚ ਪਾਣੀ ਜਮ੍ਹਾਂ ਨਾ ਹੋਣ ਦਿਓ।
- ਜਦੋਂ ਕੂਲਰ ਦੀ ਵਰਤੋਂ ਨਾ ਕਰੋ ਤਾਂ ਉਸ ਦਾ ਪਾਣੀ ਕੱਢ ਕੇ ਕੂਲਰ ਖਾਲੀ ਕਰ ਦਿਓ ਅਤੇ ਕੱਪੜੇ ਨਾਲ ਪੂੰਝ ਕੇ ਅਖਬਾਰੀ ਕਾਗਜ਼ ਨਾਲ ਕੂਲਰ ਲਪੇਟ ਕੇ ਰੱਖੋ।
- ਛੱਤ ਦੀਆਂ ਟੈਂਕੀਆਂ ਅਤੇ ਸਜਾਵਟੀ ਫਵਾਰਿਆਂ ਦੀ ਸਮੇਂ-ਸਮੇਂ 'ਤੇ ਸਫਾਈ ਕਰਦੇ ਰਹੋ।
- ਮੱਛਰਾਂ ਨੂੰ ਦੂਰ ਭਜਾਉਣ ਲਈ ਨਿੰਮ ਦੀਆਂ ਸੁੱਕੀਆਂ ਪੱਤੀਆਂ ਜਲਾਓ। ਅਗਰਬੱਤੀ, ਧੂਫ ਅਤੇ ਹਵਨ ਸਮੱਗਰੀ ਆਦਿ ਇਸਤੇਮਾਲ ਵਿਚ ਲਿਆਓ।
- ਮੱਛਰਾਂ ਤੋਂ ਛੁਟਕਾਰਾ ਪਾਉਣ ਲਈ ਕਮਰੇ, ਸਟੋਰ ਅਤੇ ਰਸੋਈ ਵਿਚ ਕੀਟਨਾਸ਼ਕ ਦਵਾਈ ਛਿੜਕਾਓ।
- ਰਾਤ ਨੂੰ ਸੌਂਦੇ ਸਮੇਂ ਮੱਛਰਦਾਨੀ ਦੀ ਵਰਤੋਂ ਕਰੋ।
- ਘਰ ਦੇ ਕਮਰਿਆਂ ਨੂੰ ਬੰਦ ਕਰ ਦਿਓ ਅਤੇ ਪੱਖਾ-ਕੂਲਰ ਬੰਦ ਕਰਕੇ ਟਿੱਕੀਆਂ ਜਲਾਓ। ਜਦੋਂ ਟਿੱਕੀਆਂ ਦਾ ਧੂੰਆਂ ਸਾਰੇ ਘਰ ਵਿਚ ਫੈਲ ਜਾਵੇ ਤਾਂ ਪੱਖਾ ਚਾਲੂ ਕਰੋ।

**ਡੇਂਗੂ ਵੀ ਘੱਟ ਖ਼ਤਰਨਾਕ ਨਹੀਂ**

ਡੇਂਗੂ ਵੀ ਮੱਛਰ ਨਾਲ ਫੈਲਣ ਵਾਲੀ ਬਿਮਾਰੀ ਹੈ। ਹਰ ਸਾਲ ਇਸ ਦੀ ਲਪੇਟ ਵਿਚ ਆ ਕੇ ਵੀ ਹਜ਼ਾਰਾਂ ਲੋਕ ਮਰਦੇ ਹਨ। ਡੇਂਗੂ ਇਕ ਤਰ੍ਹਾਂ ਦਾ ਵਾਇਰਲ ਬੁਖਾਰ ਹੈ। ਇਸ ਦੇ ਦੌਰਾਨ ਰੋਗੀ ਨੂੰ ਅਚਾਨਕ ਤੇਜ਼ ਬੁਖਾਰ ਹੁੰਦਾ ਹੈ, ਤੇਜ਼ ਸਿਰਦਰਦ ਹੁੰਦਾ ਹੈ, ਅੱਖਾਂ ਦੇ ਪਿੱਛੇ ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ ਹੁੰਦਾ ਹੈ। ਇਹ ਇਕ ਸੰਕ੍ਰਮਕ ਰੋਗ ਹੈ, ਜੋ ਤੇਜ਼ੀ ਨਾਲ ਫੈਲਦਾ ਹੈ।

ਤੇਜ਼ ਸਿਰਦਰਦ, ਜੋੜਾਂ, ਮਾਸਪੇਸ਼ੀਆਂ ਅਤੇ ਸਰੀਰ ਵਿਚ ਦਰਦ ਡੇਂਗੂ ਦੇ ਲੱਛਣ ਹਨ। ਕਦੇ-ਕਦੇ ਲਗਾਤਾਰ ਪੇਟ ਵਿਚ ਵੀ ਦਰਦ ਹੁੰਦਾ ਹੈ ਅਤੇ ਉਲਟੀਆਂ ਵੀ ਸ਼ੁਰੂ ਹੋ ਜਾਂਦੀਆਂ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਤੋਂ ਬਚਣ ਦੇ ਉਪਾਅ ਉਹੀ ਹਨ ਜੋ ਮਲੇਰੀਆ ਤੋਂ ਬਚਣ ਲਈ ਕੀਤੇ ਜਾਂਦੇ ਹਨ। ਮਲੇਰੀਆ ਅਤੇ ਡੇਂਗੂ ਦਾ ਪਤਾ ਤਾਂ ਡਾਕਟਰ ਹੀ ਲਗਾਉਂਦੇ ਹਨ। ਉਹ ਵੀ ਅਨੇਕਾਂ ਜਾਂਚਾਂ ਤੋਂ ਬਾਅਦ ਨਤੀਜਾ ਕੱਢਦੇ ਹਨ ਕਿ ਬੁਖਾਰ ਤੋਂ ਪੀੜਤ ਵਿਅਕਤੀ ਮਲੇਰੀਆ ਅਤੇ ਡੇਂਗੂ ਜਾਂ ਡੇਂਗੂ ਤੋਂ ਪੀੜਤ ਹੈ ਜਾਂ ਨਹੀਂ। ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕਰਕੇ ਵੀ ਤੁਸੀਂ ਸਮੇਂ ਸਿਰ ਡਾਕਟਰੀ ਸਹਾਇਤਾ ਅਤੇ ਦਵਾਈ ਲੈ ਸਕਦੇ ਹੋ।

ਮਲੇਰੀਆ ਤੋਂ ਬਚਣ ਦਾ ਇਕ ਕਾਰਗਰ ਉਪਾਅ ਹਰ ਰੋਜ਼ ਤੁਲਸੀ ਦੇ 8-10 ਪੱਤੇ ਖਾਣਾ ਹੈ। ਮਲੇਰੀਆ ਤੋਂ ਪੀੜਤ ਵਿਅਕਤੀ ਨੂੰ ਇਕ ਗਲਾਸ ਪਾਣੀ ਵਿਚ ਇਕ ਚਮਚ ਕੁੱਟੀ ਦਾਲਚੀਨੀ, ਇਕ ਚੁਟਕੀ ਕਾਲੀ ਮਿਰਚ ਅਤੇ ਸ਼ਹਿਦ ਪਾ ਕੇ ਉਬਾਲੋ ਅਤੇ ਦਿਓ। ਅੰਗਰੇਜ਼ੀ ਦਵਾਈਆਂ ਮਲੇਰੀਏ ਦੀ ਪੁਸ਼ਟੀ ਹੋਣ 'ਤੇ ਹੀ ਦਿਓ। ਪੁਸ਼ਟੀ ਹੋਣ 'ਤੇ 5 ਦਿਨ ਦਵਾਈ ਨਿਯਮਤ ਲੈਣੀ ਚਾਹੀਦੀ ਹੈ। ਮਲੇਰੀਆ ਦੀ ਸ਼ੱਕ ਹੋਣ 'ਤੇ ਕਲੋਰੋਕੁਇਨ ਗੋਲੀ ਲਈ ਜਾ ਸਕਦੀ ਹੈ। ਗੋਲੀ ਦੁੱਧ ਦੇ ਨਾਲ ਲਓ।

ਮਲੇਰੀਆ ਤੋਂ ਪੀੜਤ ਰੋਗੀ ਨੂੰ ਹਲਕਾ ਭੋਜਨ ਭਾਵ ਖਿਚੜੀ, ਸੂਜੀ ਦੀ ਖੀਰ, ਫਲਾਂ ਦਾ ਰਸ ਅਤੇ ਦੁੱਧ ਕਾਰਨਫਲੈਕਸ ਸਮੇਤ ਦੇ ਸਕਦੇ ਹੋ। ਕਲੋਰੋਕੁਇਨ, ਮੇਫਲੋਕਿਕਨ ਰਡਾਕਸੀਸਾਈਕਿਲਨ ਦਵਾਈ ਮਲੇਰੀਆ ਵਿਚ ਫਾਇਦੇਮੰਦ ਸਾਬਤ ਹੁੰਦੀ ਹੈ। ਮੱਛਰਾਂ ਤੋਂ ਬਚਣ ਲਈ ਹਰ ਸੰਭਵ ਉਪਾਅ ਕਰਨਾ ਹੀ ਸਿਹਤ ਲਈ ਠੀਕ ਹੋਵੇਗਾ।

## ਚੰਗੀ ਸਿਹਤ ਲਈ ਜ਼ਰੂਰੀ ਹੈ ਜੌਗਿੰਗ



ਜੌਗਿੰਗ ਕਰਨਾ ਜਾਂ ਦੌੜ ਲਗਾਉਣਾ ਇਕ ਸੰਪੂਰਨ ਕਸਰਤ ਹੈ, ਕਿਉਂਕਿ ਉਸ ਸਮੇਂ ਤੁਹਾਡਾ ਸੰਪੂਰਨ ਸਰੀਰ ਗਤੀਸ਼ੀਲ ਰਹਿੰਦਾ ਹੈ । ਵੈਸੇ ਦੌੜਨਾ, ਜੌਗਿੰਗ ਕਰਨਾ ਸ਼ਾਇਦ ਸਭ ਤੋਂ ਆਸਾਨ ਕਸਰਤ ਹੈ । ਇਸ ਕਸਰਤ ਨਾਲ ਸਰੀਰਕ ਅਤੇ ਮਾਨਸਿਕ ਸ਼ਕਤੀ ਵਧਦੀ ਹੈ, ਖੂਨ ਪ੍ਰਵਾਹ ਦਾ ਸੰਚਾਰ ਠੀਕ ਰਹਿੰਦਾ ਹੈ, ਪਸੀਨਾ ਆਉਂਦਾ ਹੈ, ਚਮੜੀ ਦੇ ਰੋਮ ਖੁੱਲ੍ਹਦੇ ਹਨ, ਫੇਫੜਿਆਂ ਨੂੰ ਪੂਰੀ ਆਕਸੀਜਨ ਮਿਲਦੀ ਹੈ ਅਤੇ ਦਿਲ ਤੰਦਰੁਸਤ ਰਹਿੰਦਾ ਹੈ । ਹੈ ਨਾ ਕਈ ਲਾਭ ਜੌਗਿੰਗ ਕਰਨ ਦੇ!

ਜੌਗਿੰਗ ਬੱਚਿਆਂ ਤੋਂ ਲੈ ਕੇ ਵੱਡੇ ਤੱਕ ਆਸਾਨੀ ਨਾਲ ਕਰ ਸਕਦੇ ਹਨ । ਬਸ ਜਿਨ੍ਹਾਂ ਦੇ ਗੋਡਿਆਂ ਵਿਚ ਦਰਦ ਰਹਿੰਦਾ ਹੋਵੇ, ਉਨ੍ਹਾਂ ਲਈ ਜੌਗਿੰਗ ਠੀਕ ਨਹੀਂ ਹੈ ।

ਖੋਜ ਕਰਤਾਵਾਂ ਅਨੁਸਾਰ ਕਸਰਤ, ਵਿਸ਼ੇਸ਼ ਕਰਕੇ ਜੌਗਿੰਗ ਉਮਰ ਨੂੰ ਵਧਾਉਂਦੀ ਹੈ, ਕਿਉਂਕਿ ਇਸ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਘੱਟ ਹੁੰਦੀ ਹੈ ਅਤੇ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ । ਵੱਡੀ ਉਮਰ ਦੇ ਲੋਕ ਵੀ ਥੋੜ੍ਹਾ ਤੇਜ਼ ਬ੍ਰਿਸਕ ਵਾਕ ਚੱਲ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਵਿਚ ਕਮੀ ਆਵੇਗੀ ।

ਖੋਜ ਕਰਤਾ ਤਾਂ ਇਹ ਕਹਿੰਦੇ ਹਨ ਕਿ ਨਿਯਮਤ ਲੰਬੀ ਸੈਰ, ਦੌੜ ਜਾਂ ਜੌਗਿੰਗ ਨਾਲ ਮੈਟਾਬਾਲਿਕ ਸਿੰਡ੍ਰੋਮ ਦੇ ਬੁਰੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ । ਇਸ ਨਾਲ ਅਸੀਂ ਉੱਚ ਖੂਨ ਦਬਾਅ ਅਤੇ ਕੋਲੈਸਟ੍ਰੋਲ ਦੇ ਪੱਧਰ ਨੂੰ ਠੀਕ ਰੱਖ ਸਕਦੇ ਹਾਂ, ਜਿਨ੍ਹਾਂ ਨਾਲ ਦਿਲ ਦੇ ਰੋਗ ਦਾ ਖਤਰਾ ਘੱਟ ਹੋ ਜਾਂਦਾ ਹੈ ।

ਅਧਿਐਨ ਕਰਤਾਵਾਂ ਦੇ ਅਨੁਸਾਰ ਜੋ ਲੋਕ ਨਿਯਮਤ ਰੂਪ ਨਾਲ ਜੌਗਿੰਗ ਕਰਦੇ ਹਨ, ਉਨ੍ਹਾਂ ਦਾ ਆਤਮਵਿਸ਼ਵਾਸ ਦਾ ਪੱਧਰ ਨਾ ਕਰਨ ਵਾਲਿਆਂ ਨਾਲੋਂ ਜ਼ਿਆਦਾ ਹੁੰਦਾ ਹੈ । ਮਾਨਸਿਕ ਪ੍ਰੇਸ਼ਾਨੀਆਂ ਵੀ ਘੱਟ ਹੁੰਦੀਆਂ ਹਨ, ਕਿਉਂਕਿ ਤੁਸੀਂ ਕੁਦਰਤ ਦੇ ਜ਼ਿਆਦਾ ਨੇੜੇ ਹੁੰਦੇ ਹੋ ਅਤੇ ਪਾਰਕ ਵਿਚ ਹੋਰ ਲੋਕਾਂ ਨੂੰ ਦੇਖ ਕੇ ਮਨ ਖੁਸ਼ ਰਹਿੰਦਾ ਹੈ । ਮਾਨਸਿਕਤਾ 'ਤੇ ਸਾਕਾਰਾਤਮਿਕ ਪ੍ਰਭਾਵ ਪੈਂਦਾ ਹੈ । ਜੌਗਿੰਗ ਜਾਂ ਨਿਯਮਤ ਕਸਰਤ ਕਰਨ ਵਾਲਿਆਂ ਦੀ ਸਰੀਰਕ ਸਮਰੱਥਾ ਦਾ ਵਿਕਾਸ ਦੂਜੇ ਲੋਕਾਂ ਨਾਲੋਂ ਜ਼ਿਆਦਾ ਹੁੰਦਾ ਹੈ ।

ਤਾਂ ਫਿਰ ਅੱਜ ਤੋਂ ਹੀ ਜੌਗਿੰਗ ਜਾਂ ਦੌੜ ਲਗਾਉਣੀ ਸ਼ੁਰੂ ਕਰੋ ਅਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹੋ ।

## ਕੀਲ- ਮੁਹਾਸੇ

### ਕੋਈ ਸਮੱਸਿਆ ਨਹੀਂ



ਮੁਹਾਸਿਆਂ ਦੀ ਸਮੱਸਿਆ ਤੋਂ ਕਾਫੀ ਲੋਕ ਪ੍ਰੇਸ਼ਾਨ ਰਹਿੰਦੇ ਹਨ। ਮੁਹਾਸੇ ਕੇਵਲ ਚਿਹਰੇ ਤੱਕ ਸੀਮਤ ਨਹੀਂ ਹੁੰਦੇ, ਸਗੋਂ ਗਲੇ ਅਤੇ ਪਿੱਠ 'ਤੇ ਵੀ ਆ ਜਾਂਦੇ ਹਨ। ਜੇਕਰ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੀ ਪਿੱਠ ਬੇਦਾਗ ਰਹੇ ਤਾਂ ਕੁਝ ਘਰੇਲੂ ਇਲਾਜ ਹਨ, ਜਿਨ੍ਹਾਂ ਨੂੰ ਅਪਣਾ ਕੇ ਮੁਹਾਸਿਆਂ ਤੋਂ ਛੁਟਕਾਰਾ ਪਾ ਕੇ ਆਪਣੀ ਪਿੱਠ ਨੂੰ ਇਕਦਮ ਸਾਫ ਰੱਖ ਸਕਦੇ ਹੋ।

**ਦੁੱਧ :** ਪਿੱਠ ਨੂੰ ਸਾਫ਼ ਰੱਖਣ ਲਈ ਰੂੰ ਦੇ ਫਹੇ ਨਾਲ ਕੱਚੇ ਦੁੱਧ ਵਿਚ ਨਿੰਬੂ ਦਾ ਰਸ ਮਿਲਾ ਕੇ ਗੋਲ-ਗੋਲ ਘੁਮਾਉਂਦੇ ਹੋਏ ਲਗਾਓ। ਕੁਝ ਦੇਰ ਬਾਅਦ ਪਿੱਠ ਨੂੰ ਠੰਢੇ ਪਾਣੀ ਨਾਲ ਧੋ ਲਓ।

**ਤੁਲਸੀ ਅਤੇ ਗੁਲਾਬ ਦੇ ਪੱਤੇ :** ਤੁਲਸੀ ਅਤੇ ਗੁਲਾਬ ਦੇ ਪੱਤਿਆਂ ਦਾ ਪੇਸਟ ਬਣਾ ਕੇ 2 ਬੂੰਦ ਨਿੰਬੂ ਦਾ ਰਸ ਅਤੇ ਚੰਦਨ ਪਾਊਡਰ ਨੂੰ ਮਿਲਾ ਕੇ 20 ਮਿੰਟ ਲਈ ਇਹ ਪੇਸਟ ਪਿੱਠ 'ਤੇ ਲਗਾਓ। ਫਿਰ ਠੰਢੇ ਪਾਣੀ ਨਾਲ ਧੋ ਲਓ।

**ਸੰਤਰਾ :** ਸੰਤਰੇ ਦੇ ਰਸ ਵਿਚ ਨਿੰਬੂ ਦਾ ਰਸ ਅਤੇ ਸ਼ਹਿਦ ਮਿਲਾ ਲਓ। ਇਸ ਨੂੰ ਮੁਹਾਸਿਆਂ ਦੇ ਦਾਗ ਵਾਲੇ ਹਿੱਸੇ 'ਤੇ ਲਗਾਓ। ਦਾਗ-ਧੱਬੇ ਦੂਰ ਹੋਣਗੇ, ਨਾਲ ਹੀ ਰੰਗ ਵੀ ਸਾਫ ਹੋਵੇਗਾ।

**ਖੀਰਾ :** ਖੀਰੇ ਦਾ ਰਸ ਅਤੇ ਗੁਲਾਬਜਲ ਮਿਲਾ ਕੇ ਲਗਾਓ। ਇਕ ਘੰਟੇ ਬਾਅਦ ਪਿੱਠ ਧੋ ਲਓ ਅਤੇ ਤੇਲ ਮੁਕਤ ਮਾਸਚਰਾਈਜ਼ਰ ਲਗਾਓ।

**ਮਸੂਰ ਦਾਲ :** ਮਸੂਰ ਦਾਲ ਨੂੰ ਰਾਤ ਭਰ ਭਿਉਂ ਲਓ, ਫਿਰ ਮਿਕਸੀ ਵਿਚ ਪੀਸ ਕੇ ਪੇਸਟ ਤਿਆਰ ਕਰ ਲਓ। ਦਹੀਂ ਮਿਲਾ ਕੇ ਲਗਾਓ ਅਤੇ ਸੁੱਕਣ 'ਤੇ ਧੋ ਲਓ।

**ਨਿੰਬੂ :** ਜੇਕਰ ਮੁਹਾਸੇ ਖਤਮ ਹੋ ਗਏ ਹਨ ਅਤੇ ਸਿਰਫ ਦਾਗ ਹੀ ਰਹਿ ਗਏ ਹਨ ਤਾਂ ਨਿੰਬੂ, ਗਲਿਸਰੀਨ ਅਤੇ ਗੁਲਾਬਜਲ ਦਾ ਲੋਸ਼ਨ ਬਣਾ ਕੇ ਲਗਾਓ।

**ਸੰਤਰੇ ਦੇ ਛਿਲਕੇ :** ਸੰਤਰੇ ਦੇ ਛਿਲਕਿਆਂ ਦਾ ਪਾਊਡਰ ਬਣਾ ਲਓ ਅਤੇ ਉਸ ਵਿਚ ਆਟਾ, ਦਹੀਂ ਅਤੇ ਹਲਦੀ ਪਾਊਡਰ ਮਿਲਾ ਕੇ ਲਗਾਓ। ਕੁਝ ਦੇਰ ਬਾਅਦ ਬਿਨਾਂ ਰਗੜੇ ਹਲਕੇ ਹੱਥ ਨਾਲ ਧੋ ਲਓ।

**ਪਪੀਤਾ :** ਪਪੀਤੇ ਅਤੇ ਖੱਟੇ ਸੇਬ ਦਾ ਰਸ ਕੱਦੂਕਸ਼ ਕਰਕੇ ਪਿੱਠ 'ਤੇ ਲਗਾਓ। ਲਾਭ ਹੋਵੇਗਾ।

**ਐਲੋਵੇਰਾ :** ਨਹਾਉਣ ਤੋਂ ਬਾਅਦ ਐਲੋਵੇਰਾ ਦਾ ਪਲਪ ਆਪਣੀ ਪਿੱਠ 'ਤੇ ਲਗਾਓ। ਇਸ ਨਾਲ ਪਿੱਠ 'ਤੇ ਪਏ ਚਕੱਤੇ, ਦਾਗ, ਧੱਬੇ ਅਤੇ ਸੋਜ ਦੂਰ ਹੋ ਜਾਵੇਗੀ।

**ਮੁਲਤਾਨੀ ਮਿੱਟੀ ਪੈਕ :** ਇਕ ਚਮਚ ਮੁਲਤਾਨੀ ਮਿੱਟੀ, ਗੁਲਾਬਜਲ ਅਤੇ ਇਕ ਚਮਚ ਚੰਦਨ ਪਾਊਡਰ ਮਿਲਾ ਲਓ। ਇਸ ਪੈਕ ਨੂੰ ਆਪਣੀ ਪਿੱਠ 'ਤੇ ਲਗਾਓ ਅਤੇ ਸੁੱਕਣ ਤੋਂ ਬਾਅਦ ਠੰਢੇ ਪਾਣੀ ਨਾਲ ਧੋ ਲਓ।

**ਪੁਦੀਨਾ :** ਪੁਦੀਨੇ ਦੇ ਰਸ ਨੂੰ ਗੁਲਾਬਜਲ ਵਿਚ ਬਰਾਬਰ ਮਾਤਰਾ ਵਿਚ ਮਿਲਾ ਕੇ ਲਗਾਓ। ਇਸ ਨਾਲ ਮੁਹਾਸਿਆਂ ਦੇ ਦਾਗ ਗਾਇਬ ਹੋ ਜਾਂਦੇ ਹਨ ਅਤੇ ਨਵੇਂ ਮੁਹਾਸੇ ਬਣਨ 'ਤੇ ਵੀ ਕੰਟਰੋਲ ਹੁੰਦਾ ਹੈ।

**ਗੁਲਾਬ :** ਗੁਲਾਬ ਦੀਆਂ ਤਾਜ਼ਾ ਪੰਖੜੀਆਂ ਦਾ ਪੇਸਟ ਚੰਦਨ ਦੇ ਪਾਊਡਰ ਵਿਚ ਮਿਲਾ ਕੇ ਲਗਾਓ। ਇਸ ਮਿਸ਼ਰਣ ਨਾਲ ਦਾਗ-ਧੱਬੇ ਦੂਰ ਹੋਣਗੇ।

**ਟਮਾਟਰ :** ਟਮਾਟਰ, ਨਿੰਬੂ ਦਾ ਰਸ ਅਤੇ 2 ਬੂੰਦ ਸ਼ਹਿਦ ਮਿਲਾਓ। ਇਸ ਮਿਸ਼ਰਣ ਨੂੰ ਲਗਾਉਣ ਨਾਲ ਰੰਗ ਸਾਫ ਹੋਵੇਗਾ ਅਤੇ ਮੁਹਾਸੇ ਦੂਰ ਹੋਣਗੇ।

**ਨਿੰਮ ਦੇ ਪੱਤੇ :** ਨਿੰਮ ਦੇ ਪੱਤਿਆਂ ਵਿਚ ਪੁਦੀਨੇ ਅਤੇ ਤੁਲਸੀ ਦੇ ਪੱਤਿਆਂ ਨੂੰ ਮਿਲਾ ਕੇ ਪੇਸਟ ਬਣਾਓ। ਇਸ ਪੇਸਟ ਨੂੰ ਮੁਲਤਾਨੀ ਮਿੱਟੀ ਵਿਚ ਮਿਲਾ ਕੇ ਲਗਾਓ।

# ਨੌਕਰੀ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਇੱਕ ਤਾਂ ਹਾੜ ਦੇ ਦਿਨਾਂ ਦੀ ਗਰਮੀਂ ਨੇ ਲੋਕਾਂ ਨੂੰ ਮੱਕੀ ਦੇ ਦਾਨਿਆਂ ਵਾਂਗ ਭੁੰਨ ਛੱਡਿਆ ਸੀ ਅਤੇ ਦੂਜਾ ਬਿਜਲੀ ਵੀ ਲੋਕਾਂ ਨਾਲ ਲੁਕਮੀਚੀ ਖੇਡ ਰਹੀ ਸੀ। ਕਦੇ ਦੋ ਘੰਟੇ ਆ ਜਾਇਆ ਕਰੇ ਤੇ ਕਦੇ ਚਾਰ ਘੰਟੇ ਇੱਕ ਭੋਰਾ ਚਮਕਾਰਾ ਵੀ ਨਾ ਮਾਰੇ। ਗਰਮੀ ਅਤੇ ਬਿਜਲੀ ਦੇ ਸਤਾਏ ਲੋਕ ਸੱਥ ਵੱਲ ਨੂੰ ਤੜਕ ਸਾਰ ਹੀ ਵਹੀਰਾਂ ਘੱਤ ਲੈਂਦੇ। ਨੱਕੋ ਨੱਕ ਭਰੀ ਸੱਥ 'ਚ ਆ ਕੇ ਬਾਬਾ ਚੰਨਣ ਸਿਉਂ ਆਵਦੇ ਹਾਣੀ ਸੁਦਾਗਰ ਸਿਉਂ ਨੂੰ ਕਹਿੰਦਾ, "ਕਿਉਂ ਸਦਾਗਰ ਸਿਆਂ! ਜੇ ਬਿਜਲੀ ਤੇ ਗਰਮੀਂ ਦਾ ਪੰਜ ਸੱਤ ਦਿਨ ਹੋਰ ਇਉਂ ਈਂ ਚੱਜ ਹਾਲ ਰਿਹਾ ਤਾਂ ਲੋਕ ਜੈਨੂੰ ਘਮਿਆਰ ਦੀ ਆਵੀ 'ਚ ਪਏ ਕੱਚੇ ਪਿੱਲੇ ਭਾਂਡਿਆਂ ਅਰਗੇ ਹੋ ਜਾਣਗੇ ਭੁੱਜ ਕੇ। ਅੰਦਰ ਪਿਆ ਪਾਣੀ ਵੀ ਪਾਂਧੀ ਲੁਆਰ ਦੇ ਆਹਰਣ ਆਂਗੂੰ ਤਪ ਜਾਂਦਾ।"

ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਕਹਿੰਦਾ, "ਗਰਮੀਂ 'ਚ ਪਾਣੀ ਨੇ ਤਾਂ ਬਾਬਾ ਤੱਤਣਾ ਈਂ ਤਪਣਾ, ਪੰਦਰਾਂ ਦਿਨਾਂ ਦਾ ਸਾਰਾ ਪਿੰਡ ਤਪਿਆ ਪਿਆ ਕਰਕੇ ਪਾਂਧੀ ਲੁਆਰ ਦੇ ਆਹਰਣ 'ਤੇ ਵੀ ਵਾਰੀ ਨ੍ਹੀ ਆਉਂਦੀ। ਸਾਰਾ ਪਿੰਡ ਸੇਲੇ ਬਰਛੇ ਗੰਧਾਲੀਆਂ ਬਣਾਈ ਜਾਂਦੈ।"

ਬਾਬੇ ਚੰਨਣ ਸਿਉਂ ਨੇ ਹੈਰਾਨੀ ਨਾਲ ਪੁੱਛਿਆ, "ਬਰਛੇ ਗੰਧਾਲੀਆਂ ਕੀ ਕਰਨੇ ਐ ਲੋਕਾਂ ਨੇ। ਸਤਾਏ ਤਾਂ ਲੋਕ ਗਰਮੀਂ ਦੇ ਪਏ ਐ। ਸੇਲੇ ਬਰਛੇ ਕੀ ਕਰਨਗੇ ਗਰਮੀ ਨੂੰ ਬਈ, ਕੁ ਰੱਬ 'ਚ ਮੋਰੀ ਕਰਕੇ ਮੀਂਹ ਪੁਆਉਣ ਦੀ ਕੋਈ ਸਕੀਮ ਬਣਾਉਂਦੇ ਐ?"

ਨਾਥਾ ਅਮਲੀ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਰਛੇ ਗੰਧਾਲੀਆਂ ਨਾਲ ਕਿਤੇ ਬਾਬਾ ਬਿਜਲੀ ਆਲੇ ਨਾ ਢਾਹੁਣੇ ਢੂਹਣੇ ਹੋਣ ਬਈ ਬਿਜਲੀ ਦਾ ਕੱਟ ਮਾਰ ਦਿੰਦੇ ਐ।"

ਸੀਤੇ ਮਰਾਸੀ ਨੇ ਫੇਰ ਲਈ ਵਾਰੀ, "ਬਿਜਲੀ ਆਲੇ ਕਿਉਂ ਢਾਹੁਣੇ ਐਂ, ਆਹ ਜਿਹੜੇ ਰਾਤ ਬਰਾਤੇ ਕਿਸੇ ਨਾ ਕਿਸੇ ਦੇ ਘਰੇ ਨਿੱਤ ਈ ਚੋਰ ਆ ਵੜਦੇ ਐ, ਉਨ੍ਹਾਂ ਵਾਸਤੇ ਬੰਦੋਬਸਤ ਕਰਦੇ ਐ। ਕਈ ਦਿਨ ਹੋ ਗੇ ਓਧਰਲੇ ਗੁਆੜ ਆਲੇ ਹਾਕਮ ਫੌਜੀ ਕੀ ਸਬ੍ਹਾਤ ਦੇ ਤਖਤਿਆਂ 'ਚ ਕਿਤੇ ਬਿੱਲੀਆਂ ਲੜਦੀਆਂ-ਲੜਦੀਆਂ ਠਾਹ ਦੇਣੇ ਵੱਜੀਆਂ। ਤਖਤੇ ਇੱਕਦਮ ਬੰਦ ਹੋ ਗੇ। ਫੌਜੀ ਦੇ ਘਰ ਆਲੀ ਨੇ ਰੌਲਾ ਪਾ 'ਤਾ ਬਈ ਘਰੇ ਚੋਰ ਵੜ ਗੇ, ਚੋਰ ਵੜ ਗੇ। ਆਥਣ ਜਾ ਹੋਇਆ ਵਿਆ ਸੀ। ਲੋਕਾਂ ਨੇ ਫੌਜੀ ਦਾ ਘਰ ਇਉਂ ਘੇਰ ਲਿਆ ਜਿਮੇਂ ਛਪਾਰ ਦੇ ਮੇਲੇ 'ਤੇ ਚੰਡੋਲ ਤੋਂ ਡਿੱਗੀ ਬੌਰਨੀ ਦੁਆਲੇ ਲੋਕ 'ਕੱਠੇ ਹੋਏ ਵੇ ਹੋਣ। ਫੌਜੀ ਦੀ ਬਹੂ ਦਰਵਾਜੇ ਆਲੀ ਬੈਠਕ ਦੇ ਖੂੰਜੇ ਨਾਲ ਇਉਂ ਠਠਿੰਬਰੀ ਖੜ੍ਹੀ ਜਿਮੇਂ ਠੱਕੇ ਦੀ ਮਾਰੀ ਬੱਕਰੀ ਤੰਦੂਰ ਨਾਲ ਲੱਗੀ ਖੜ੍ਹੀ ਹੁੰਦੀ ਐ। ਸੂਬੇਦਾਰ ਖਜਾਨ ਸਿਉਂ ਦਨਾਲੀ ਰਫਲ ਲੈ ਕੇ ਕੋਠੇ ਉੱਤੋਂ ਦੀ ਹਾਕਮ ਫੌਜੀ ਕੇ ਘਰੇ ਆ ਉੱਤਰਿਆ। ਉੱਤਰਦਾ ਈ ਫੌਜੀ ਦੇ ਘਰ ਆਲੀ ਨੂੰ ਕਹਿੰਦਾ 'ਕਿਹੜੇ ਅੰਦਰ ਵੜੇ ਐ ਭਾਈ ਬੰਦੇ'? ਅਕੇ ਫੌਜਣ ਨੇ ਸਬ੍ਹਾਤ ਵੱਲ ਹੱਥ ਕਰਕੇ ਦੋਮੇਂ ਹੱਥ ਕੰਨਾਂ 'ਤੇ ਧਰ ਲੇ ਬਈ ਸੂਬੇਦਾਰ ਹੁਣ ਫੈਰ ਕਰੂ। ਜਦੋਂ ਸੂਬੇਦਾਰ ਨੇ ਸਬ੍ਹਾਤ ਵੱਲ ਨੂੰ ਰਫਲ ਸਿੱਧੀ ਕੀਤੀ ਤਾਂ ਸੁਰਜਨ ਬੁੜ੍ਹਾ ਸੂਬੇਦਾਰ ਨੂੰ ਕਹਿੰਦਾ 'ਨਾ ਬਈ ਨਾ ਖਜਾਨ ਸਿਆਂ ਰੌਂਦ ਨਾ ਚਲਾਈਂ। ਆਪਾਂ ਨੇੜੇ ਹੋ ਕੇ ਪੁੱਛਦੇ ਆਂ ਬਈ ਅੰਦਰ ਕੋਈ ਹੈ ਵੀ ਕੁ ਨਹੀਂ। ਲੋਕ ਫੌਜੀ ਕੇ ਘਰੇ ਗੰਡਾਸੇ ਟਕੂਏ ਲਈ ਖੜ੍ਹੇ ਉੱਚੀ ਉੱਚੀ ਬੋਲਣ ਬਈ ਚੋਰਾਂ ਨੂੰ ਬਾਹਰ ਕੱਢੋ ਸਹੀ। ਘਰ ਦੇ ਵੇਹੜੇ 'ਚ ਘਸਮਾਨ ਪਈ ਜਾਂਦਿਆਂ ਤੋਂ ਬਿੱਲੀਆਂ ਇੱਕ ਵਾਰ ਫੇਰ ਲੜਦੀਆਂ ਲੜਦੀਆਂ ਜਦੋਂ ਤਖਤਿਆਂ 'ਚ ਵੱਜੀਆਂ ਤਾਂ ਤਖਤੇ ਖੁੱਲ੍ਹ ਗੇ। ਸਬ੍ਹਾਤ ਦੇ ਤਖਤੇ ਖੁੱਲਦੇ ਸਾਰ ਹੀ ਲੋਕਾਂ ਦੇ 'ਕੱਠ ਦਾ ਪਤਾ ਨਾ ਲੱਗਿਆ ਬਾਬਾ ਕਿੱਧਰ ਭੱਜ ਗੇ ਡਰਦੇ। ਇੱਕ ਦੂਜੇ 'ਚ ਅੜ੍ਹਕ ਅੜ੍ਹਕ ਈ ਡਿੱਗੀ ਗਏ। ਲੋਕ ਫੌਜੀ ਦੇ ਵੇਹੜੇ 'ਚ ਇੱਕ ਦੂਜੇ ਦੇ ਹੇਠਾਂ ਉੱਤੇ ਇਉਂ ਪਏ ਜਿਮੇਂ ਦਾਣਾ ਮੰਡੀ 'ਚ ਕਣਕ ਦੀਆਂ ਬੋਰੀਆਂ ਦਾ ਢੇਰ ਮਾਰਿਆ ਹੋਵੇ। ਇੱਕ ਸਕਿੰਟ 'ਚ ਲੋਕ ਇਉਂ ਖਿੰਡ ਗੇ ਜਿਮੇਂ ਨੇਰ੍ਹੀ ਕੱਖਾਂ ਨੂੰ 'ੜਾ ਕੇ ਲੈ ਗੀ ਹੋਵੇ। ਜਦੋਂ ਤਖਤੇ ਇੱਕਦਮ ਖੁੱਲ੍ਹੇ ਤਾਂ ਸੂਬੇਦਾਰ ਖਜਾਨ ਸਿਉਂ ਦਸ ਕਰਮਾਂ 'ਤੇ ਜਾ ਡਿੱਗਿਆ। ਪੱਗ ਸੂਬੇਦਾਰ ਦੀ ਨਲਕੇ ਆਲੀ ਪਾਣੀ ਦੀ ਖੇਲ 'ਚ ਪਈ। ਬਿੱਲੀਆਂ ਲੜਦੀਆਂ ਲੜਦੀਆਂ ਜਦੋਂ ਬਾਹਰ ਵੇਹੜੇ ਵਿੱਚਦੀ ਭੱਜੀਆਂ ਤਾਂ ਫੇਰ ਜਾ ਕੇ ਪਤਾ ਲੱਗਿਆ ਬਈ ਚੋਰ ਕਾਹਨੂੰ ਵੜੇ ਸੀ ਇਹ ਤਾਂ ਬਿੱਲੀਆਂ ਸੀ ਅੰਦਰ। ਫੇਰ ਲੋਕਾਂ ਦੇ ਸਾਹ 'ਚ ਸਾਹ ਆਇਆ।"

ਮਾਹਲਾ ਨੰਬਰਦਾਰ ਕਹਿੰਦਾ, "ਕੋਠਿਆਂ ਆਲੇ ਸ਼ਕਾਇਤੀਆਂ ਦੇ ਗਿੰਦਰ ਦੀ ਲੱਤ ਵੀ ਫਿਰ ਓੱਥੇ ਈ ਟੁੱਟੀ ਹੋਣੀ ਐਂ। ਕਿੰਨੇ ਈਂ ਦਿਨ ਹੋ ਗੇ ਹਜੇ ਗੁਪਤੇ ਦੇ ਹੱਥਪਤਾਲ 'ਚ ਪਿਆ।"




ਪਿੰਡੋਂ ਬਾਹਰ ਕੋਠਿਆਂ 'ਚ ਰਹਿੰਦੇ ਗਿੰਦਰ ਕੇ ਪਰਿਵਾਰ ਨੂੰ ਸਾਰਾ ਪਿੰਡ ਸ਼ਿਕਾਇਤੀਆਂ ਦਾ ਲਾਣਾ ਕਹਿੰਦਾ ਸੀ ਕਿਉਂਕਿ ਉਨ੍ਹਾਂ ਦੇ ਟੱਬਰ ਦੇ ਜੀਅ-ਜੀਅ ਨੂੰ ਬਿਨਾਂ ਗੱਲ ਤੋਂ ਈ ਹਰ ਕਿਸੇ ਦੀ ਸ਼ਕਾਇਤ ਕਰਨ ਦੀ ਆਦਤ ਸੀ ਜਿਸ ਕਰਕੇ ਪਿੰਡ ਦੇ ਲੋਕ ਉਨ੍ਹਾਂ ਨੂੰ ਸ਼ਿਕਾਇਤੀਆਂ ਦੇ ਨਾਂਅ ਨਾਲ ਜਾਣਦੇ ਸਨ।

ਸੀਤਾ ਮਰਾਸੀ ਕਹਿੰਦਾ, "ਹੁਣ ਨੂੰ ਤਾਂ ਯਾਰ ਜੁੜ ਜਾਣੀ ਚਾਹੀਦੀ ਸੀ। ਅੱਠ ਦਸ ਦਿਨ ਹੋ ਗੇ ਏਸ ਗੱਲ ਨੂੰ ਤਾਂ।"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਤੁਸੀਂ ਜੁੜਣ ਦੀ ਗੱਲ ਕਰਦੇ ਐ ਮੈਨੂੰ ਤਾਂ ਇਉਂ ਲੱਗਦਾ ਬਈ ਕਿਤੇ ਹੱਥਪਤਾਲ 'ਚੋਂ ਦੂਜੀ ਮਨਾ ਤੜਾ ਕੇ ਆ ਜੇ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਕਿਉਂ ਕੀ ਗੱਲ ਹੋ ਗੀ। ਤੁਰਿਆ ਤਾਂ ਉਹਤੋਂ ਜਾਂਦਾ ਨ੍ਹੀ, ਦੂਜੀ ਕਿਮੇਂ ਤੜਾ ਲੂ ਬਈ। ਮੰਜੇ 'ਤੇ ਪਏ ਦੀ ਓ ਈਂ ਟੁੱਟ ਜੂ ਹੈਂਅ। ਲੱਤਾਂ ਕੁ ਕੰਚ ਦੇ ਗਲਾਸ ਐ ਬਈ ਤੱਤੀ ਚਾਹ ਪਾਇਆਂ ਤੋਂ ਈ ਤਿੜਕ ਜਾਣਗੇ।"

ਨਾਥਾ ਅਮਲੀ ਕਹਿੰਦਾ, "ਦੂਜੀ ਵੀ ਤੜਾਊਗਾ ਈ ਹੋਰ ਕੀ ਕਰੂ, ਸ਼ਕੈਤਾਂ ਕਰਨ ਦੀ ਆਦਤ ਤਾਂ ਜਾਂਦੀ ਨ੍ਹੀ। ਜੇ ਹੱਥਪਤਾਲ 'ਚ ਵੀ ਕਿਤੇ ਕਿਸੇ ਦੀ ਸ਼ਕੈਤ ਸ਼ਕੂਤ ਕਰ 'ਤੀ ਤਾਂ ਪੰਗਾ ਪੈਣਾ ਈਂ ਪੈਣਾ।"

ਸੀਤਾ ਮਰਾਸੀ ਕਹਿੰਦਾ, "ਓੱਥੇ ਵੀ ਪ੍ਰਭਾ ਕਰ 'ਤੀ ਸ਼ਕੈਤ। ਜੇ ਆਦਤੀ ਬੰਦੇ ਆਦਤ ਛੱਡ ਦੇਣ ਤਾਂ ਵਾਰੇਸ਼ਾਹ ਝੂਠਾ ਹੋ ਜੂ।"

ਕਰਮੇ ਮੈਂਬਰ ਨੇ ਪੁੱਛਿਆ, "ਹੱਥਪਤਾਲ 'ਚ ਕੀਹਦੀ ਸ਼ਕੈਤ ਕਰ 'ਤੀ?"

ਨਾਥਾ ਅਮਲੀ ਕਹਿੰਦਾ, "ਡਾਕਦਾਰ ਦੀ।"

ਬੁੱਘਰ ਦਖਾਣ ਕਹਿੰਦਾ, "ਉਹਦੀਆਂ ਤਾਂ ਪਹਿਲਾਂ ਈ ਬਾਹਲੀਆਂ ਸ਼ਕਾਇਤਾਂ ਹੁੰਦੀਐਂ। ਕੋਈ ਕਹਿੰਦਾ ਉਹਨੂੰ ਬੋਲਣਾ ਨ੍ਹੀ ਆਉਂਦਾ, ਕੋਈ ਕਹਿੰਦਾ ਹਰੇਕ ਦੇ ਗਲ ਪੈਂਦਾ। ਕੋਈ ਕਹੀ ਜਾਂਦਾ ਆਪ ਨੂੰ ਹੀਰਾ ਸਮਝਦਾ, ਦੂਜਿਆਂ ਨੂੰ ਕਹੂ ਕਾਣੀ ਕੌਡੀਉਂ ਖੋਟਾ।"

ਮਾਹਲਾ ਨੰਬਰਦਾਰ ਕਹਿੰਦਾ, "ਅਕਲ ਤਾਂ ਧੇਲੇ ਦੀ ਨ੍ਹੀ, ਆਵਦੇ ਆਪ ਨੂੰ ਸਮਝੂ ਬਈ ਖਣੀ ਮੈਂ ਈਂ ਸਿਆਣਾ ਸਾਰਿਆਂ ਤੋਂ।'

ਨਾਥਾ ਅਮਲੀ ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਕਹਿੰਦਾ, "ਕਈ ਬੰਦੇ ਤਾਂ ਨੰਬਰਦਾਰਾ ਉਹਨੂੰ ਗਾਲ ਕੱਢਣ ਦੇ ਮਾਰੇ ਈ ਬਲਾਉਂਦੇ ਐ। ਆਹ ਆਪਣੇ ਪਿੰਡ ਆਲੇ ਜੰਗੇ ਰਾਹੀ ਦੇ ਮੁੰਡੇ ਲੱਖੇ ਦਾ ਕੁਸ ਦੁਖਦਾ ਦਖਦਾ ਤਾਂ ਹੁੰਦਾ ਨ੍ਹੀ ਤੇ ਨਾ ਈ ਓਹਨੇ ਕੋਈ ਦੁਆ ਬੂਟੀ ਕਰਾਉਣੀ ਹੁੰਦੀ ਐ, ਪਰ ਉਹਦੀ ਬੇਜਤੀ ਕਰਨ ਦਾ ਮਾਰਾ ਨਿੱਤ ਈ ਟੈਲੀਫੂਨ ਕਰਕੇ ਕਹੂ 'ਜੇ ਬਥਾੜਾ ਨ੍ਹੀ ਚੰਗਾ ਤਾਂ ਜਬਾਨ ਤਾਂ ਚੰਗੀ ਕਰ ਲਾ। ਗੰਦ ਨਾਲ ਲਿਬੜੀ ਵੀ ਸੂਰ ਦੀ ਪੂਛ ਅਰਗੀ ਬਣਾ ਕੇ ਜੀਭ, ਹਰੇਕ ਨੂੰ ਈਂ ਹਲਕੀ ਕੁੱਤੀ ਆਂਗੂੰ ਬੋਲਦੈਂ, ਸਾਲਾ ਚਰੜਗੁੱਗ ਜਾ ਨਾ ਹੋਵੇ ਤਾਂ'।"

ਬਾਬਾ ਚੰਨਣ ਸਿਉਂ ਕਹਿੰਦਾ, "ਨਹੀਂ ਯਾਰ ਆਏਂ ਤਾਂ ਨ੍ਹੀ ਕਹਿੰਦੇ ਹੋਣੇ ਲੋਕ। ਐਨੀ ਬੇਜਤੀ ਕਰਦੇ ਐ ਹੈਂਅ?"

ਨਾਥਾ ਅਮਲੀ ਫੇਰ ਬੋਲਿਆ, "ਤੂੰ ਤਾਂ ਬਾਬਾ ਕਦੇ ਸੁਣਿਐਂ ਨ੍ਹੀ ਬੋਲਦਾ। ਹਰੇਕ ਨੂੰ ਈ ਪੁੱਠਾ ਬੋਲੂ। ਲੋਕ ਵੀ ਗਾਲਾਂ ਕੱਢ-ਕੱਢ ਥੱਕ ਜਾਂਦੇ ਐ ਪਰ ਉਹ ਨ੍ਹੀ ਹਾਰਦਾ। ਪੂਰਾ ਮੋਟਾ ਢੀਠ ਐ।"

ਬਾਬਾ ਚੰਨਣ ਸਿਉਂ ਕਹਿੰਦਾ, "ਫੇਰ ਤਾਂ ਉਹ ਗੱਲ ਐ, ਅਕੇ ਕੇਰਾਂ ਲੋਕ ਕਿਸੇ ਸਾਧ ਨੂੰ ਕਹਿੰਦੇ 'ਬਾਬਾ ਜੀ! ਲੋਕ ਸੋਨੂੰ ਟਿੱਚ ਈ ਸਮਝਦੇ ਐਂ। ਸਾਧ ਮੂਹਰੋਂ ਕਹਿੰਦਾ 'ਮੈਂ ਸਾਰਿਆਂ ਨੂੰ ਟਿੱਚ ਸਮਝਦਾਂ'। ਉਹੀ ਗੱਲ ਫੇਰ ਇਹਦੀ ਐ।"

ਏਨੇ ਚਿਰ ਨੂੰ ਜਿਉਂ ਹੀ ਮੋਦਨ ਮਾਸਟਰ ਸੱਥ 'ਚ ਆਇਆ ਤਾਂ ਬਾਬੇ ਚੰਨਣ ਸਿਉਂ ਨੇ ਮਾਸਟਰ ਨੂੰ ਪੁੱਛਿਆ, "ਕਿਉਂ ਬਈ ਮਾਹਟਰ! ਕਹਿੰਦੇ ਆਪਣੇ ਪਿੰਡ ਆਲੇ ਹੱਥਪਤਾਲ ਆਲੇ ਡਾਕਦਾਰ ਨੂੰ ਜਦੋਂ ਕੋਈ ਫੂਨ ਫਾਨ ਕਰਦਾ ਜਾਂ ਮਿਲ ਕੇ ਕੋਈ ਗੱਲਬਾਤ ਕਰਦਾ ਉਹਨੂੰ ਵੱਢ ਖਾਣੀ ਕੁੱਤੀ ਆਂਗੂੰ ਪੈਂਦਾ, ਏਮੇਂ ਈ ਗੱਲ ਬਈ। ਕਿਸੇ ਵੱਡੇ ਅਸਫਰ ਉਸਫਰ ਨੂੰ ਕਹਿ ਕਹਾ ਕੇ ਬਦਲੀ ਬੁਦਲੀ ਕਰਾ ਕੇ ਓਧਰ ਬਾਡਰ ਬੂਡਰ 'ਤੇ ਸਿੱਟੋ ਪਰ੍ਹੇ।"

ਮਾਸਟਰ ਕਹਿੰਦਾ, "ਉਹਦੇ ਆਲੇ ਤਾਂ ਬਾਬਾ ਜੀ ਚੱਕ 'ਤੇ ਬਗੌੜ ਕੱਲ੍ਹ। ਜਦੋਂ ਨੌਕਰੀ ਤੋਂ ਲਾਹਿਆ ਨਾਹ, ਅਗਲਿਆਂ ਨੇ ਮਾਰਕੇ ਧੱਕੇ ਇਉਂ ਬਾਹਰ ਕੱਢ ਕੱਢਿਆ ਜਿਮੇਂ 'ਖੰਡ ਪਾਠ ਆਲੇ ਘਰੋਂ ਸ਼ਰਾਬੀ ਨੂੰ ਧੱਕੇ ਮਾਰ ਕੇ ਘਰੋਂ ਕੱਢਦੇ ਹੁੰਦੇ ਐ।"

ਨੰਬਰਦਾਰ ਨੇ ਪੁੱਛਿਆ, "ਗੱਲ ਕੀ ਹੋਈ ਸੀ ਬਈ?"

ਨਾਥਾ ਅਮਲੀ ਕਹਿੰਦਾ, "ਗੱਲ ਕੀ ਹੋਣੀ ਸੀ। ਅਗਲਿਆਂ ਨੇ ਵਾਹਸੜੀਏ ਆਂਗੂੰ ਪੂਜ ਕੇ ਰੱਖ 'ਤਾ। ਕਹਿੰਦੇ ਲੈ ਹੁਣ ਜਿੰਨਾਂ ਮਰਜੀ ਭੌਂਕੀਂ ਜਾਹ। ਹੁਣ ਇਉਂ ਤੁਰਿਆ ਫਿਰਦਾ ਹੋਊ ਜਿਮੇਂ ਕਿੱਲਾ ਪਟਾ ਕੇ ਔਂਟਲੀ ਵੀ ਮੱਝ ਤੁਰੀ ਫਿਰਦੀ ਹੁੰਦੀ ਐ।"

ਬਾਬੇ ਚੰਨਣ ਸਿਉਂ ਨੇ ਪੁੱਛਿਆ, "ਓਹਦੇ ਆਲੀ ਕੁਰਸੀ ਤਾਂ ਅਮਲੀਆ ਫਿਰ ਖਾਲੀ ਹੋ ਗੀ ਹੋਣੀ ਐ ਹੁਣ ਕੁ ਨਹੀਂ?"

ਅਮਲੀ ਕਹਿੰਦਾ, "ਅਗਲਿਆਂ ਨੇ ਪਹਿਲਾਂ ਨਮੇਂ ਨਾਲ ਗੱਲਬਾਤ ਕਰਕੇ ਫੇਰ ਈ ਕੱਢੀ ਐ ਕੁੱਤੀ ਪਕਾਹ 'ਚੋਂ। ਨਮੇਂ ਡਾਕਦਾਰ ਦੇ ਆਉਣ ਤੋਂ ਪਹਿਲਾਂ-ਪਹਿਲਾਂ ਈ ਪੰਜੀਰੀ ਦੇ ਕੇ ਤੋਰ 'ਤਾ।"

ਬੁੱਘਰ ਦਖਾਣ ਨੇ ਪੁੱਛਿਆ, "ਹੁਣ ਆਲਾ ਕਿਹੋ ਜਾ ਬਈ ਜਿਹੜਾ ਨਮਾਂ ਆਇਆ?"

ਸੀਤਾ ਮਰਾਸੀ ਕਹਿੰਦਾ, "ਕੀ ਗੱਲਾਂ ਪੁੱਛਦੈਂ ਮਿਸਤਰੀਆ। ਔਲੇ ਦੇ ਮਰੱਬੇ ਜਿੰਨਾਂ ਪੂਰਾ ਗੁਣਾਂਕਾਰੀ ਐ। ਜਦੋਂ ਨਮੇਂ ਡਾਕਦਾਰ ਨੇ ਆ ਕੇ ਫੂਕ ਮਾਰੀ, ਫੇਰ ਤਾਂ ਲੋਕਾਂ ਨੂੰ ਨਮੇਂ ਆਏ ਦਾ ਪੰਜ ਭਾਂਦੋਂ ਨੂੰ ਲਿਆਂਦੇ ਦਰੌਜੇ ਜਿੰਨਾਂ ਚਾਅ ਚੜ੍ਹ ਗਿਆ। ਪਹਿਲੇ ਦਿਨ ਈਂ ਲੋਕਾਂ ਨੇ ਬਲਾ ਬਲਾਕੇ ਸੱਸਰੀ ਕਾਲਾਂ ਗੁੜ 'ਚ ਲਿਬੜੇ ਮਸੱਦ ਅਰਗਾ ਕਰ 'ਤਾ। ਹੁਣ ਓਂਦੇ ਦੀ ਹੱਥਪਤਾਲ 'ਚ ਜਰਗ ਦੇ ਮੇਲੇ ਆਗੂੰ ਰੌਣਕ ਲੱਗੀ ਰਹਿੰਦੀ ਹੈ। ਲੋਕਾਂ ਨੂੰ ਗੱਲ ਕਰਨ ਦਾ ਟੈਮ ਈਂ ਨ੍ਹੀ ਮਿਲਦਾ।"

ਜੱਗੇ ਕਾਮਰੇਡ ਨੇ ਪੁੱਛਿਆ, "ਪਹਿਲਾ ਤਾਂ ਯਾਰ ਐਮੇਂ ਈ ਕੱਢਿਆ। ਉਹ ਕਿੱਧਰ ਨੂੰ ਤੋਰ 'ਤਾ ਬਈ?"

ਨਾਥਾ ਅਮਲੀ ਕਹਿੰਦਾ, "ਕੱਢਣਾ ਕੀਹਨੇ ਸੀ ਕਾਮਰੇਟਾ। ਆਵਦੀਂ ਕਰਤੂਤੀਂ ਨਿੱਕਲਿਆ ਜਦੋਂ ਕਿਸੇ ਨੂੰ ਮੂੰਹ ਨ੍ਹੀ ਸੀ ਬੋਲਦਾ। ਅਗਲਿਆਂ ਨੇ ਇਉਂ ਚੱਕ ਕੇ ਤੋਰ 'ਤਾ ਜਿਮੇਂ ਆਟੇ ਆਲੀ ਪਰਾਂਤ 'ਚੋਂ ਲਿਬੜਿਆ ਵਿਆ ਵੇਲਣਾ ਚੱਕੀ ਦਾ ਹੁੰਦਾ।"

ਗੱਲਾਂ ਕਰੀ ਜਾਂਦਿਆਂ ਤੋਂ ਮਾਘੀ ਚੌਂਕੀਦਾਰ ਸੱਥ 'ਚ ਆ ਕੇ ਬਾਬੇ ਚੰਨਣ ਸਿਉਂ ਨੂੰ ਕਹਿੰਦਾ, "ਬਾਬਾ ਜੀ! ਆਪਣੇ ਬੰਦਿਆਂ ਆਲੇ ਹੱਥਪਤਾਲ 'ਚ ਅੱਜ ਪਿੰਡ ਦਾ 'ਕੱਠ ਐ। ਸੋਨੂੰ ਵੀ ਸਾਰਿਆਂ ਨੂੰ ਓੱਥੇ ਸੱਦਿਆ। ਕਿਸੇ ਵੱਡੇ ਅਸਫਰ ਉਸਫਰ ਨੇ ਆਉਣੈ। ਘੁੱਲੇ ਸਰਪੈਂਚ ਨੇ ਕਿਹਾ ਬਈ ਜਿੰਨੇ ਬੰਦੇ ਸੱਥ 'ਚ ਬੈਠੇ ਐ ਉਨ੍ਹਾਂ ਸਾਰਿਆਂ ਨੂੰ ਕਹਿ ਕੇ ਆਈਂ।"

ਚੌਕੀਂਦਾਰ ਤੋਂ ਸੁਨੇਹਾ ਸੁਣਦੇ ਸਾਰ ਹੀ ਸੱਥ ਵਾਲੇ ਸਾਰੇ ਜਣੇ ਹਸਪਤਾਲ ਵੱਲ ਨੂੰ ਤੁਰ ਪਏ ਜਿਮੇਂ ਕਿਤੇ ਉਹ ਵੋਟਾਂ ਪਾਉਣ ਜਾਂਦੇ ਹੋਣ।



# ਦੇਸੀ ਤੜਕਾ

## ਕੁਰਕੁਰੇ ਸੈਂਡਵਿਚ



ਸਮੱਗਰੀ :

- 4 ਬ੍ਰੈੱਡ ਸਲਾਈਸ (ਦੋ ਸੈਂਡਵਿਚ),
- 1 ਟਮਾਟਰ ਗੋਲ ਪਤਲੇ ਆਕਾਰ ਵਿਚ ਕੱਟਿਆ ਹੋਇਆ
- 1 ਪਿਆਜ਼ ਗੋਲ ਪਤਲੇ ਆਕਾਰ ਵਿਚ ਕੱਟਿਆ ਹੋਇਆ
- 1 ਖੀਰਾ (ਗੋਲ ਆਕਾਰ ਵਿਚ ਕੱਟਿਆ ਹੋਇਆ ਸਲਾਈਸ)
- ਟੋਮੈਟੋ ਸਾਸ
- ਪੁਦੀਨੇ ਦੀ ਚਟਣੀ
- ਚੀਜ਼ ਜਾਂ ਮੱਖਣ।

ਵਿਧੀ : ਬ੍ਰੈੱਡ ਸਲਾਈਸ ਨੂੰ ਟੋਸਟਰ ਵਿਚ ਕ੍ਰਿਸਪ ਕਰ ਲਓ। ਹੁਣ 2 ਬ੍ਰੈੱਡ ਸਲਾਈਸ ਨੂੰ ਤਿਕੋਣ ਆਕਾਰ ਵਿਚ ਕੱਟ ਲਓ। ਹੁਣ ਇਕ ਸਲਾਈਸ 'ਤੇ ਟੋਮੈਟੋ ਸਾਸ ਅਤੇ ਇਕ ਸਲਾਈਸ 'ਤੇ ਪੁਦੀਨੇ ਦੀ ਚਟਣੀ ਰੱਖੋ। ਬਾਕੀ ਬਚੇ ਸਲਾਈਸ 'ਤੇ ਚੀਜ਼ ਜਾਂ ਮੱਖਣ ਲਗਾਓ। ਹੁਣ ਸਭ ਤੋਂ ਪਹਿਲਾਂ ਮੱਖਣ ਲੱਗਿਆ ਸਲਾਈਸ ਲਓ ਅਤੇ ਇਸ 'ਤੇ ਟਮਾਟਰ ਦੇ ਸਲਾਈਸ ਰੱਖੋ। ਫਿਰ ਇਸ ਦੇ ਉੱਪਰ ਪੁਦੀਨੇ ਦੀ ਚਟਣੀ ਲੱਗਿਆ ਸਲਾਈਸ ਰੱਖੋ ਅਤੇ ਪਿਆਜ਼ ਦੇ ਟੁਕੜੇ ਰੱਖੋ। ਫਿਰ ਇਨ੍ਹਾਂ ਦੇ ਉੱਪਰ ਟੋਮੈਟੋ ਸਾਸ ਲੱਗਿਆ ਸਲਾਈਸ ਰੱਖੋ ਅਤੇ ਖੀਰੇ ਦੇ ਟੁਕੜੇ ਰੱਖੋ। ਆਖਰ ਵਿਚ ਮੱਖਣ ਲੱਗਿਆ ਸਲਾਈ ਰੱਖ ਦਿਓ। ਸੈਂਡਵਿਚ ਟੁੱਟਣ ਨਾ। ਇਸ ਲਈ ਇਨ੍ਹਾਂ ਨੂੰ ਹਲਕੇ ਹੱਥਾਂ ਨਾਲ ਦਬਾਓ ਅਤੇ ਸੈਂਡਵਿਚ ਪੇਪਰ ਨਾਲ ਲਪੇਟੋ।

## ਮਟਰ ਦੀ ਕਚੌਰੀ



ਸਮੱਗਰੀ :

- ਇਕ ਪਾਈਆ ਮਟਰ
- ਇਕ ਨਿੰਬੂ
- 2-3 ਬਰੀਕ ਕੱਟੀਆਂ ਹਰੀਆਂ ਮਿਰਚਾਂ
- ਅਦਰਕ (ਇਕ ਛੋਟੀ ਗੰਢੀ ਬਰੀਕ ਚੀਰੀ ਹੋਈ)
- 1 ਚਮਚ ਪੀਸਿਆ ਗਰਮ ਮਸਾਲਾ
- 150-200 ਗ੍ਰਾਮ ਮੈਦਾ
- 125 ਗ੍ਰਾਮ ਆਟਾ
- 1 ਚਮਚ ਜੀਰਾ
- ਸਵਾਦ ਅਨੁਸਾਰ ਨਮਕ ਅਤੇ ਲਾਲ ਮਿਰਚ
- ਘਿਓ ਜਾਂ ਤੇਲ
- ਥੋੜ੍ਹਾ ਜਿਹਾ ਧਨੀਆ (ਬਰੀਕ ਕੱਟਿਆ)

ਵਿਧੀ : ਮੈਦੇ ਅਤੇ ਆਟੇ ਨੂੰ ਮਿਲਾ ਕੇ ਘਿਓ ਵਿਚ ਗੁੰਨ੍ਹ ਲਓ। ਲੋੜ ਅਨੁਸਾਰ ਪਾਣੀ ਮਿਲਾ ਲਓ। ਮਿਸ਼ਰਣ ਅਜਿਹਾ ਗੁੰਨ੍ਹੋ ਕਿ ਨਾ ਤਾਂ ਬਹੁਤ ਸਖਤ ਰਹੇ ਅਤੇ ਨਾ ਹੀ ਢਿੱਲਾ। ਜੀਰਾ ਅਤੇ ਅਦਰਕ ਭੁੰਨੋ ਅਤੇ ਮਟਰ ਪਾ ਦਿਓ। ਫਿਰ ਨਮਕ ਅਤੇ ਮਿਰਚ ਵੀ ਪਾ ਲਓ। ਕੜਾਹੀ ਵਿਚ ਥੋੜ੍ਹਾ ਪਾਣੀ ਪਾ ਕੇ ਢਕ ਦਿਓ। ਮਟਰ ਗਲ ਜਾਣ 'ਤੇ ਕੜਾਹੀ ਅੱਗ ਤੋਂ ਉਤਾਰ ਲਓ। ਮਟਰ ਨੂੰ ਪੀਸ ਲਓ ਅਤੇ ਉਸ ਵਿਚ ਕਤਰਿਆ ਧਨੀਆ ਅਤੇ ਹਰੀ ਮਿਰਚ ਪਾਓ। ਗਰਮ ਮਸਾਲਾ ਅਤੇ ਨਿੰਬੂ ਵੀ ਮਟਰਾਂ ਵਿਚ ਪਾਓ। ਹੁਣ ਗੁੰਨ੍ਹੇ ਹੋਏ ਆਟੇ ਅਤੇ ਮੈਦੇ ਦੇ ਮਿਸ਼ਰਣ ਦੀ ਲੋਈ ਬਣਾ ਕੇ ਮਟਰ ਮਸਾਲਾ ਇਸ ਵਿਚ ਭਰੋ। ਹੁਣ ਕੜਾਹੀ ਵਿਚ ਤੇਲ ਗਰਮ ਕਰੋ ਅਤੇ ਇਸ ਵਿਚ ਇਹ ਖਸਤਾ ਕਚੌਰੀਆਂ ਤਲੋ। ਹਲਕਾ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਕੜਾਹੀ ਵਿਚੋਂ ਕੱਢ ਕੇ ਚਟਣੀ ਨਾਲ ਪਰੋਸੋ।

## ਦਾਲ ਬੜਾ



ਸਮੱਗਰੀ :

- ਇਕ ਕੱਪ ਉੜਦ ਦੀ ਦਾਲ,
- 2-3 ਹਰੀਆਂ ਮਿਰਚਾਂ ਬਰੀਕ ਕੱਟੀਆਂ ਹੋਈਆਂ
- 3 ਚਮਚ ਬਰੀਕ ਕੱਟਿਆ ਹਰਾ ਧਨੀਆ
- ਥੋੜ੍ਹਾ ਜਿਹਾ ਬਰੀਕ ਚੀਰਿਆ ਹੋਇਆ ਅਦਰਕ
- ਨਮਕ-ਮਿਰਚ ਸਵਾਦ ਅਨੁਸਾਰ
- ਅੱਧਾ ਚਮਚ ਗਰਮ ਮਸਾਲਾ
- ਤਲਣ ਲਈ ਤੇਲ।

ਵਿਧੀ : ਉੜਦ ਦੀ ਦਾਲ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਕੇ 2 ਘੰਟੇ ਲਈ ਪਾਣੀ ਵਿਚ ਭਿਉਂ ਦਿਓ। ਦੋ ਘੰਟੇ ਬਾਅਦ ਇਸ ਨੂੰ ਪਾਣੀ ਨਾਲੋਂ ਅਲੱਗ ਕਰ ਲਓ ਅਤੇ ਮਿਕਸੀ ਵਿਚ ਬਰੀਕ ਪੀਸ ਕੇ ਪੇਸਟ ਬਣਾ ਲਓ। ਹੁਣ ਇਸ ਪੇਸਟ ਵਿਚ ਨਮਕ, ਮਿਰਚ, ਧਨੀਆ, ਅਦਰਕ ਮਿਲਾ ਲਓ। ਥੋੜ੍ਹਾ ਜਿਹਾ ਗਰਮ ਮਸਾਲਾ ਪਾ ਦਿਓ। ਹੁਣ ਅੱਗ 'ਤੇ ਕੜਾਹੀ ਰੱਖੋ ਅਤੇ ਤੇਲ ਗਰਮ ਕਰੋ। ਹੁਣ ਤਿਆਰ ਪੇਸਟ ਦੇ ਗੋਲੇ ਬਣਾ ਕੇ ਪਕੌੜੇ ਤਲੋ ਅਤੇ ਸੁਨਹਿਰਾ ਹੋਣ 'ਤੇ ਇਨ੍ਹਾਂ ਨੂੰ ਪਲੇਟ ਵਿਚ ਕੱਢ ਕੇ ਚਟਣੀ ਨਾਲ ਗਰਮ-ਗਰਮ ਪਰੋਸੋ।

# ਤਕਨਾਲੋਜੀ ਟਾਈਮਜ਼

## ਗੂਗਲ ਨੇ ਰਿਲੀਜ਼ ਕੀਤਾ ਐਂਡਰਾਇਡ 15

ਜੇਕਰ ਤੁਸੀਂ ਵੀ ਐਂਡਰਾਇਡ 15 ਦਾ ਇੰਤਜ਼ਾਰ ਕਰ ਰਹੇ ਸੀ ਤਾਂ ਤੁਹਾਡੇ ਲਈ ਚੰਗੀ ਖਬਰ ਹੈ। ਗੂਗਲ ਨੇ ਪਿਕਸਲ ਡਿਵਾਈਸਾਂ ਲਈ ਐਂਡਰਾਇਡ 15 ਦਾ ਰੋਲ ਆਊਟ ਸ਼ੁਰੂ ਕਰ ਦਿੱਤਾ ਹੈ। ਨਵੇਂ ਆਪਰੇਟਿੰਗ ਸਿਸਟਮ ਨੂੰ 3 ਸਤੰਬਰ ਨੂੰ ਗਲੋਬਲ ਪੱਧਰ 'ਤੇ ਜਾਰੀ ਕੀਤਾ ਗਿਆ ਸੀ। ਗੂਗਲ ਨੇ ਪਿਕਸਲ ਡਿਵਾਈਸਾਂ 'ਤੇ ਇਸ ਅਪਡੇਟ ਦੇ ਫੀਚਰਜ਼ ਨੂੰ ਵੀ ਸ਼ੇਅਰ ਕੀਤਾ ਹੈ, ਜਿਸ ਵਿਚ ਸਕਿਓਰਿਟੀ ਫੀਚਰਜ਼ ਜਿਵੇਂ- ਠਹਣਡਟ ਧਣਟਣਚਟੋਨਿ ਲ਼ੋਚਕ ਅਤੇ ਹੋਰ ਪ੍ਰਾਈਵੇਸੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਨਵੇਂ ਆਪਰੇਟਿੰਗ ਸਿਸਟਮ 'ਚ ਪ੍ਰਾਈਵੇਸੀ ਦੇ ਤੌਰ 'ਤੇ ਫਰਵਿਓਟਣ ਸ਼ਪਓਚਣ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਐਂਡਰਾਇਡ 15 ਫੋਲਡੇਬਲ ਸਮਾਰਟਫੋਨਾਂ ਅਤੇ ਡਿਵਾਈਸਾਂ ਲਈ ਕੈਮਰਾ ਅਤੇ ਆਥੈਂਟੀਕੇਸ਼ਨ ਨੂੰ ਵੀ ਬਿਹਤਰ ਕਰੇਗਾ।

### Android 15 ਦੇ ਫੀਚਰਜ਼

ਗੂਗਲ ਨੇ ਇਕ ਬਲਾਗ ਪੋਸਟ 'ਚ ਦੱਸਿਆ ਕਿ ਐਂਡਰਾਇਡ 15 ਅਪਡੇਟ ਦੇ ਨਾਲ ਪਿਕਸਲ ਸਮਾਰਟਫੋਨਾਂ 'ਤੇ ਕਈ ਨਵੇਂ ਫੀਚਰਜ਼ ਆ ਰਹੇ ਹਨ। ਇਨ੍ਹਾਂ 'ਚ ਸਭ ਤੋਂ ਖਾਸ ਠਹਣਡਟ ਧਣਟਣਚਟੋਨਿ ਲ਼ੋਚਕ ਫੀਚਰ ਹੈ, ਜੋ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਇਸਤੇਮਾਲ ਕਰਕੇ ਇਹ ਪਤਾ ਲਗਾਉਂਦਾ ਹੈ ਕਿ ਡਿਵਾਈਸ ਨੂੰ ਖੋਹਿਆ ਜਾਂ ਚੋਰੀ ਕੀਤਾ ਗਿਆ ਹੈ ਅਤੇ ਉਸ ਤੋਂ ਬਾਅਦ ਉਹ ਫੋਨ ਨੂੰ ਆਟੋਮੈਟਿਕ ਲਾਕ ਕਰ ਦੇਵੇਗਾ। ਇਸ ਤੋਂ ਇਲਾਵਾ ਯੂਜ਼ਰਜ਼ ਮੌਜੂਦਾ ਂਓਟਣ ਲ਼ੋਚਕ ਫੰਕਸ਼ਨ ਦਾ ਇਸਤੇਮਾਲ ਕਰਕੇ ਆਪਣੇ ਮੋਬਾਇਲ ਨੰਬਰ ਰਾਹੀਂ ਡਿਵਾਈਸ ਨੂੰ ਮੈਨੂਅਲ ਰੂਪ ਨਾਲ ਲਾਕ ਕਰ ਸਕਦੇ ਹਨ।

ਗੂਗਲ ਨੇ ਡਿਵਾਈਸ ਸੈਟਿੰਗਸ ਨੂੰ ਪਹਿਲਾਂ ਦੇ ਮੁਕਾਬਲੇ ਸਕਿਓਰ ਕੀਤਾ ਹੈ। ਜਿਵੇਂ ਸਿਮ ਕੱਢਣ ਜਾਂ




ਫਾਈਂਡ ਮਾਈ ਡਿਵਾਈਸ ਨੂੰ ਬੰਦ ਕਰਨ 'ਤੇ ਆਥੈਂਟੀਕੇਸ਼ਨ ਦੀ ਲੋੜ ਹੋਵੇਗੀ। ਵਾਰ-ਵਾਰ ਫੇਲ੍ਹ ਹੋਣ 'ਤੇ ਫੋਨ ਆਟੋਮੈਟਿਕ ਲਾਕ ਹੋ ਜਾਵੇਗਾ। ਗੂਗਲ ਨੇ ਪ੍ਰਾਈਵੇਸੀ 'ਤੇ ਜ਼ੋਰ ਦਿੰਦੇ ਹੋਏ ਪਹਿਲਾਂ ਤੋਂ ਪੇਸ਼ ਕੀਤੇ ਗਏ ਫਰਵਿਓਟਣ ਸ਼ਪਓਚਣ ਫੀਚਰ 'ਤੇ ਵੀ ਚਰਚਾ ਕੀਤੀ ਹੈ। ਇਹ ਯੂਜ਼ਰਜ਼ ਨੂੰ ਆਪਣੀ ਨਿੱਜੀ ਜਾਣਕਾਰੀ ਸੁਰੱਖਿਅਤ ਰੱਖਣ ਲਈ ਇਕ ਅਲੱਗ ਸਥਾਨ ਪ੍ਰਦਾਨ ਕਰਦਾ ਹੈ।

ਐਂਡਰਾਇਡ 15 'ਚ ਪਿਕਸਲ ਡਿਵਾਈਸਾਂ 'ਤੇ ਹੋਰ ਬਦਲਾਅ ਵੀ ਸ਼ਾਮਲ ਹਨ, ਜਿਵੇਂ ਕਿ ਘੱਟ ਰੋਸ਼ਨੀ ਵਾਲੀ ਸਥਿਤੀ 'ਚ ਕੈਮਰਾ ਐਪ 'ਚ ਬਿਹਤਰ ਕੰਟਰੋਲ, ਥਰਡ-ਪਾਰਟੀ ਕੈਮਰਾ ਐਪਸ 'ਚ ਜ਼ਿਆਦਾ ਸਹੀ ਕੰਟਰੋਲ, ਪਾਸਕੀਅ ਦਾ ਇਸਤੇਮਾਲ ਕਰਕੇ ਸਿੰਗਲ-ਟੈਪ ਲਾਗਇਨ, ਅਤੇ ਵਾਈ-ਫਾਈ ਜਾਂ ਸੈਲੂਲਰ ਕੁਨੈਕਸ਼ਨ ਦੇ ਬਿਨਾਂ ਥਰਡ ਪਾਰਟੀ ਐਪਸ 'ਚ ਸੈਟੇਲਾਈਟ ਕਮਿਊਨੀਕੇਸ਼ਨ ਦਾ ਇਸਤੇਮਾਲ ਕਰਨ ਦੀ ਸਮਰੱਥਾ।

## ਹੁਣ AI ਤਸਵੀਰਾਂ ਪਛਾਣਨ 'ਚ ਨਹੀਂ ਹੋਵੇਗੀ ਪਰੇਸ਼ਾਨੀ, ਗੂਗਲ ਹੀ ਕਰ ਦੇਵੇਗਾ ਫਿਲਟਰ

ਜੇਕਰ ਤੁਸੀਂ ਵੀ ਗੂਗਲ ਫੋਟੋਜ਼ (Google Photos) ਦਾ ਇਸਤੇਮਾਲ ਕਰਦੇ ਹੋ ਤਾਂ ਤੁਹਾਡੇ ਲਈ ਚੰਗੀ ਖਬਰ ਹੈ। ਗੂਗਲ ਫੋਟੋਜ਼ 'ਚ ਜਲਦ ਹੀ ਇਕ ਨਵਾਂ ਫੀਚਰ ਆਉਣ ਵਾਲਾ ਹੈ, ਜੋ ਯੂਜ਼ਰਜ਼ ਨੂੰ ਏ.ਆਈ. ਨਾਲ ਬਣਾਈਆਂ ਗਈਆਂ ਤਸਵੀਰਾਂ ਨੂੰ ਛਾਂਟਣ 'ਚ ਮਦਦ ਕਰੇਗਾ ਯਾਨੀ ਗੂਗਲ ਫੋਟੋਜ਼ ਹੀ ਤੁਹਾਨੂੰ ਦੱਸ ਦੇਵੇਗਾ ਕਿ ਇਮੇਜ ਏ.ਆਈ. ਦੀ ਹੈ ਜਾਂ ਨਹੀਂ। ਰਿਪੋਰਟ ਮੁਤਾਬਕ, ਫੋਟੋ ਅਤੇ ਵੀਡੀਓ ਸ਼ੇਅਰਿੰਗ ਅਤੇ ਸਟੋਰੇਜ ਸੇਵਾ 'ਚ ਨਵੇਂ ਆਈ.ਡੀ. ਟੈਗ ਜੋੜੇ ਜਾ ਰਹੇ ਹਨ, ਜੋ ਇਮੇਜ ਦੀ ਏ.ਆਈ. ਜਾਣਕਾਰੀ ਅਤੇ ਡਿਜੀਟਲ ਸੋਰਸ ਬਾਰੇ ਜਾਣਕਾਰੀ ਦੇਣਗੇ। ਮੰਨਿਆ ਜਾ ਰਿਹਾ ਹੈ ਕਿ ਡੀਪਫੇਕ ਨੂੰ ਰੋਕਣ ਲਈ ਗੂਗਲ ਇਸ ਫੀਚਰ 'ਤੇ ਕੰਮ ਕਰ ਰਿਹਾ ਹੈ।

### ਗੂਗਲ ਫੋਟੋਜ਼ AI ਐਟ੍ਰਿਬਿਊਸ਼ਨ

ਡੀਪਫੇਕ ਹਾਲ ਦੇ ਸਾਲਾਂ 'ਚ ਡਿਜੀਟਲ ਛੇੜਛਾੜ ਦਾ ਇਕ ਨਵਾਂ ਰੂਪ ਬਣ ਕੇ ਉਭਰਿਆ ਹੈ। ਡੀਪਫੇਕ ਫੋਟੋ, ਵੀਡੀਓ, ਆਡੀਓ ਫਾਈਲਾਂ ਜਾਂ ਹੋਰ ਮੀਡੀਆ ਹਨ ਜਿਨ੍ਹਾਂ ਨੂੰ ਏ.ਆਈ. ਦਾ ਇਸਤੇਮਾਲ ਕਰਕੇ ਡਿਜੀਟਲ ਰੂਪ ਨਾਲ ਬਣਾਇਆ ਜਾਂ ਐਡਿਟ ਕੀਤਾ ਗਿਆ ਹੈ, ਤਾਂ ਜੋ ਗਲਤ ਜਾਣਕਾਰੀ ਫੈਲਾਈ ਜਾ ਸਕੇ ਜਾਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕੇ।

ਉਦਾਹਰਣ ਲਈ, ਹਾਲ ਹੀ 'ਚ ਅਭਿਨੇਤਾ ਅਮਿਤਾਭ ਬੱਚਨ ਨੇ ਇਕ ਕੰਪਨੀ ਦੇ ਮਾਲਕ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਸੀ, ਜਿਸ ਵਿਚ ਡੀਪਫੇਕ ਵੀਡੀਓ ਵਿਗਿਆਪਨਾਂ 'ਚ ਉਨ੍ਹਾਂ ਨੂੰ ਉਸ ਕੰਪਨੀ ਦੇ ਪ੍ਰੋਡਕਟਸ ਨੂੰ ਪ੍ਰਮੋਟ ਕਰਦੇ ਹੋਏ ਦਿਖਾਇਆ ਗਿਆ ਸੀ। Android Authority ਦੀ ਇਕ ਰਿਪੋਰਟ ਮੁਤਾਬਕ, ਗੂਗਲ ਫੋਟੋਜ਼ ਐਪ 'ਚ ਇਕ ਨਵੀਂ ਸਹੂਲਤ ਜਲਦੀ ਹੀ



ਯੂਜ਼ਰਜ਼ ਨੂੰ ਉਨ੍ਹਾਂ ਦੀ ਗੈਲਰੀ 'ਚ ਮੌਜੂਦ ਕਿਸੇ ਵੀ ਇਮੇਜ ਦੇ ਡਿਜੀਟਲ ਸੋਰਸ ਦੀ ਜਾਣਕਾਰੀ ਦੇਵੇਗੀ। ਇਹ ਫੀਚਰ ਗੂਗਲ ਫੋਟੋਜ਼ ਐਪ ਦੇ ਵਰਜ਼ਨ 7.3 'ਚ ਦੇਖਿਆ ਗਿਆ, ਹਾਲਾਂਕਿ ਇਹ ਅਜੇ ਐਕਟਿਵ ਨਹੀਂ ਹੈ।

ਗੂਗਲ ਨੇ ਲੰਬੇ ਇੰਤਜ਼ਾਰ ਤੋਂ ਬਾਅਦ ਆਖਿਰਕਾਰ ਆਪਣੇ ਅਪਗ੍ਰੇਡਿਡ ਏ.ਆਈ. ਮਾਡਲ Imagen 3 AI ਨੂੰ ਲਾਂਚ ਕਰ ਦਿੱਤਾ ਹੈ। ਅਸਲ 'ਚ ਗੂਗਲ ਨੇ ਜੈਮਿਨੀ ਦੇ ਨਾਲ Imagen 3 AI ਗੂਗਲ ਦਾ ਨਵਾਂ ਅਤੇ ਸਭ ਤੋਂ ਪਾਵਰਫੁਲ ਇਮੇਜ ਜਨਰੇਸ਼ਨ ਮਾਡਲ ਹੈ। ਇਸ ਨੂੰ ਯੂਜ਼ਰਜ਼ ਨਾ ਸਿਰਫ ਜੈਮਿਨੀ ਐਪ 'ਤੇ ਸਗੋਂ Gemini ਦੇ API ਵਰਜ਼ਨ ਅਤੇ ਐਪ 'ਤੇ ਵੀ ਇਸਤੇਮਾਲ ਕਰ ਸਕਣਗੇ। X 'ਤੇ ਇੱਕ ਪੋਸਟ ਵਿੱਚ, Google Gemini ਐਪ ਦੇ ਅਧਿਕਾਰਤ ਹੈਂਡਲ ਨੇ ਖੁਲਾਸਾ ਕੀਤਾ ਹੈ ਕਿ ਹੁਣ ਮੁਫਤ ਉਪਭੋਗਤਾਵਾਂ ਸਮੇਤ ਸਾਰੇ ਉਪਭੋਗਤਾ ਇਮੇਜਨ 3 ਦੀ ਵਰਤੋਂ ਕਰਕੇ ਚਿੱਤਰ ਬਣਾਉਣ ਦੇ ਯੋਗ ਹੋਣਗੇ। ਪੋਸਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਹ ਘੱਟ ਮਾਡਲ ਉੱਚ ਪੱਧਰੀ ਫੋਟੋਰੀਅਲਿਜ਼ਮ, ਬਿਹਤਰ ਤਰਕਾਲ ਅਨੁਸਰਣ ਅਤੇ ਚਿੱਤਰਾਂ ਵਿੱਚ ਘੱਟ ਅਣਚਾਹੇ ਸਮਗਰੀ ਜੋੜਨ ਦੀ ਯੋਗਤਾ ਪ੍ਰਦਾਨ ਕਰਦਾ ਹੈ।

# ਕਾਵਿ ਕਿਆਰੀ

## ਗ਼ਜ਼ਲ

ਦਿਲ ਦੇ ਦਰਦ ਛੁਪਾ
ਉੱਤੋਂ ਉੱਤੋਂ ਹੱਸਦੇ ਹਾਂ।
ਦੁੱਖ ਸੁੱਖ ਦਾ ਸੰਤੁਲਨ
ਬਣਾ ਕੇ ਰੱਖਦੇ ਹਾਂ।
ਜਿਹਦਾ ਵਿਹੜਾ ਖ਼ੁਸ਼ੀਆਂ
ਸੰਗ ਭਰਿਆ ਹੈ,
ਉਸ ਘਰ ਦੀ ਖ਼ੈਰ ਮਨਾ
ਦਿਲੋਂ ਨੱਚਦੇ ਹਾਂ।
ਨਾਲ ਗੱਦਾਰਾਂ ਯਾਰੀ
ਬਹੁਤੀ ਪੁਗਦੀ ਨਾ,
ਐਸੇ ਸੱਜਣਾਂ ਤੋਂ ਦੂਰੀ
ਬਣਾ ਕੇ ਰੱਖਦੇ ਹਾਂ।
ਸਿਆਣੇ ਦਾ ਕਿਹਾ
ਅਉਲੇ ਦਾ ਖਾਧਾ ਜੀ,
ਪਿੱਛੋਂ ਸੁਆਦ ਚੱਖ
ਮਿੰਨਾ ਮਿੰਨਾ ਹੱਸਦੇ ਹਾਂ।
ਵੇਲੇ ਦਾ ਰਾਗ ਕੁਵੇਲੇ
ਦੀਆਂ ਟੱਕਰਾਂ ਹੁੰਦੈ ਕਿ,
ਸਮੇਂ ਸੰਗ ਸਦਾ ਸੁਰਤਾਲ
ਮਿਲਾ ਕੇ ਰੱਖਦੇ ਹਾਂ।
ਜ਼ਿੰਦਗੀ ਦੀ ਢਲੀ
ਦੁਪਹਿਰ ਮਹਿਸੂਸ ਕਰਕੇ ਹੀ,
ਅਪਣੇ ਆਪ ਨੂੰ ਬਚਾਅ
ਬਚਾਅ ਕੇ ਰੱਖਦੇ ਹਾਂ।
ਇਹ ਮੇਲਾ ਦੁਨੀਆ ਦਾ ਹੈ
ਚਾਰ ਦਿਹਾੜੇ ਜੀ,
ਰੈਣ ਗੁਜ਼ਾਰ ਟੁਰ ਜਾਣ ਦੀ
ਲੋਚਾ ਰੱਖਦੇ ਹਾਂ।
'ਆਜ਼ਾਦ' ਏਸ ਦੁਨੀਆ
'ਤੇ ਪੈੜਾਂ ਕਰ ਜਾਣੈ,
ਰਿਸਦੇ ਜ਼ਖ਼ਮਾਂ 'ਤੇ
ਮੱਲ੍ਹਮ ਲਗਾ ਕੇ ਰੱਖਦੇ ਹਾਂ।

**ਲੇਖਕ : ਰਣਜੀਤ ਆਜ਼ਾਦ ਕਾਂਝਲਾ**
**ਸੰਪਰਕ: 95019-77814**

## ਇਸ ਨੂੰ ਕੀ ਕਹੋਗੇ?

ਪਹਿਲਾਂ ਜੋੜ ਜੋੜ ਕੇ ਜੋੜਦੇ ।
ਫਿਰ ਮੋੜ ਮੋੜ ਕੇ ਮੋੜਦੇ ।
ਫਿਰ ਮਰੋੜ ਮਰੋੜ ਮਰੋੜਦੇ ।
ਫਿਰ ਤੋੜ ਤੋੜ ਕੇ ਤੋੜਦੇ ।

ਇਸ ਨੂੰ ਕੀ ਕਹੋਗੇ?
ਦੱਸਣਾ ! ਮੈਂ ਸਮਝੀ ਨਹੀਂ !!

ਪਹਿਲਾਂ ਕੋਰਟ ਕਚਿਹਰੀ ਭੰਡਦੇ,
ਫੇਰ ਥੱਕ ਹਾਰ ਕੇ ਗੰਢਦੇ ।
ਫਿਰ ਕੰਮ ਕਰਾਉਂਦੇ ਰੱਜ ਕੇ,
ਫੇਰ ਦਾਸ ਸਮਝ ਕੇ ਵੰਡਦੇ ।

ਇਸ ਨੂੰ ਕੀ ਕਹੋਗੇ?
ਦੱਸਣਾ ! ਮੈਂ ਸਮਝੀ ਨਹੀਂ !!

ਕੀ ਲਿਖਾਂ ਕਿਸ 'ਤੇ ਲਿਖਾਂ,
ਕੀ ਕਹਾਂ ਕਿਸ ਨੂੰ ਕਹਾਂ ?
ਲਿਖਾਂ ਤੇ ਲਿਖ ਮਿਟਾ ਦਿਆਂ,
ਪੜ੍ਹਾਂ ਤੇ ਪੜ੍ਹ ਕੇ ਰੋ ਪਵਾਂ ।

ਇਸ ਨੂੰ ਕੀ ਕਹੋਗੇ?
ਦੱਸਣਾ ! ਮੈਂ ਸਮਝੀ ਨਹੀਂ !!

ਬੇਕਸੂਰ ਨੂੰ ਦੇਣ ਸਜ਼ਾ,
ਪਾਪੀ ਕਰਦੇ ਫਿਰਨ ਮਜ਼ਾ ।
ਗੱਲ ਕਰਨ ਸਭ ਬੇ ਵਜ੍ਹਾ,
ਕਰਦੇ ਫਿਰਨ ਜੋ ਖ਼ੁਦ ਗ਼ਜ਼ਾ ।

ਇਸ ਨੂੰ ਕੀ ਕਹੋਗੇ?
ਦੱਸਣਾ ! ਸਰਬ ਬੇਸਮਝੀ ਨਹੀਂ ?

**ਲੇਖਕ : ਸਰਬਜੀਤ ਕੌਰ ਪੀ ਸੀ**

## ਜ਼ਖ਼ਮ

ਅਪਣੇ ਜ਼ਖ਼ਮਾਂ ਦੇ ਨਜ਼ਾਰੇ ਦੇਖਦਾਂ ।
ਦਿਨ ਦੇ ਵੇਲੇ ਵੀ ਮੈਂ ਤਾਰੇ ਦੇਖਦਾਂ ।

ਕੀ ਕਰਾਂ ਮੈਂ ਅਰਸ਼ ਦੇ ਮਜ਼ਲੂਮ ਦਾ ?
ਫ਼ਰਸ਼ 'ਤੇ ਦਰਦਾਂ ਦੇ ਮਾਰੇ ਦੇਖਦਾਂ ।

ਕਿੰਨੇ ਕੋਠੇ ਨੇ ਇਨ੍ਹਾਂ ਦੀ ਜ਼ੱਦ ਵਿੱਚ ?
ਸ਼ਹਿਰ ਦੇ ਉੱਚੇ ਮੁਨਾਰੇ ਦੇਖਦਾਂ ।

ਕੌਣ ਤਕਦੀਰਾਂ ਨੂੰ ਰੋਵੇ ਬੈਠ ਕੇ ?
ਕੌਣ ਜ਼ੰਜੀਰਾਂ ਉਤਾਰੇ ? ਦੇਖਦਾਂ ।

ਹੱਕ ਦੀ ਖ਼ਾਤਰ ਪਈ ਆਵਾਜ਼ ਦੇ-
ਵੱਧ ਕੇ ਪੱਥਰ ਕੌਣ ਮਾਰੇ ? ਦੇਖਦਾਂ ।

ਕਹਿਰ ਦੇ ਮਾਰੇ ਅਸੀਂ ਹਾਂ 'ਅਕਬਰ',
ਕੌਣ ਹੁਣ ਜ਼ੁਲਫ਼ਾਂ ਸੰਵਾਰੇ ਦੇਖਦਾਂ ।

**ਲੇਖਕ : ਅਕਬਰ ਕਾਜ਼ਮੀ**

## ਤੰਗੀਆਂ

ਮੈਂ ਕਿੰਨੀਆਂ ਤੰਗੀਆਂ ਹੰਢਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ
ਤੁਹਾਡੇ ਲਈ ਪਾਟੀਆਂ ਬੇਆਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਸੀ ਕੇ ਪਾ ਲਿਆ ਪਾਟਾ ਝੱਗਾ
ਟੌਹਰ ਕਦੇ ਮੈਂ ਕੱਢਿਆ ਨਹੀਂ
ਪਰ ਤਾਹਨੂੰ ਐਸ਼ਾਂ ਨਿਤ ਕਰਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਮਿੱਟੀ ਦੇ ਨਾਲ ਮਿੱਟੀ ਹੋ ਕੇ
ਕੱਚੇ ਕੋਠੇ ਪੱਕੇ ਕਰਤੇ
ਆਪਣੀਆਂ ਪੀੜ੍ਹਾ ਸਦਾ ਲੁਕਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਹੌਲੀ ਹੌਲੀ ਮੰਜਾ ਮੇਰਾ
ਆ ਗਿਆ ਬਾਹਰ ਡਿਓੜੀ ਚ
ਅਕਲਾਂ ਕਿਹੜੇ ਖੂੰਜੇ ਲਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਜੈਸੀ ਮਿਲਦੀ ਖਾ ਲੈਨਾਂ ਵਾਂ
ਘੜੇ ਚੋਂ ਪਾਣੀ ਪੀ ਲੈਨਾਂ ਵਾਂ
ਰਹਿ ਗਿਆ ਹੁਣ ਬੱਸ ਸਾਲ ਛਮਾਹੀਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਖਬਰੇ ਫਰਕ ਪਵੇ ਮੇਰੇ ਪਿੱਛੋਂ
ਰੜਕੀ ਮੇਰੀ ਘਾਟ ਜਦੋਂ
ਸੁਣਨੀਆਂ ਓਦੋਂ ਕਿੰਨੇ ਸਫਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

**ਲੇਖਕ : ਅਮਨ ਚਾਹਲ**

## ਬੋਲ ਜ਼ਬਾਨੋਂ

ਜੋ ਬੋਲ ਜ਼ਬਾਨੋਂ ਨਿਕਲ ਗਿਆ ।
ਉਹ ਤੀਰ ਕਮਾਨੋਂ ਨਿਕਲ ਗਿਆ ।
ਮੈਂ ਦਿਲ ਵਿੱਚ ਉਹਨੂੰ ਲੱਭਣਾ ਵਾਂ,
ਉਹ ਦੂਰ ਅਸਮਾਨੋਂ ਨਿਕਲ ਗਿਆ ।

ਖ਼ੁਆਬਾਂ ਨਾ ਤੱਕ, ਖ਼ੁਆਬਾਂ ਬਦਲੇ,
'ਯੂਸਫ਼' ਕਨਿਆਨੋਂ ਨਿਕਲ ਗਿਆ ।
ਹਮਦਰਦ ਕਿਨਾਰੇ ਬਣ ਬੈਠੇ,
ਜਦ ਮੈਂ ਤੂਫ਼ਾਨੋਂ ਨਿਕਲ ਗਿਆ ।

ਮੈਂ ਘਰ ਦੀ ਅੱਗ ਲੁਕਾਉਂਦਾ ਸਾਂ,
ਧੂੰ ਰੋਸ਼ਨ ਦਾਨੋਂ ਨਿਕਲ ਗਿਆ ।
ਜੋ ਗ਼ੈਰ ਲਈ ਤਪ ਉਠਦਾ ਸੀ,
ਉਹ ਲਹੂ ਸ਼ਰਿਆਨੋਂ ਨਿਕਲ ਗਿਆ ।

'ਕਾਸ਼ਰ' ਤੋਂ ਹੁਣ ਕੀ ਪੁੱਛਦੇ ਹੋ,
ਜਦ ਦਰਦ ਬਿਆਨੋਂ ਨਿਕਲ ਗਿਆ ।

**ਲੇਖਕ : ਸਲੀਮ 'ਕਾਸ਼ਰ'**

## ਦਾਨੀ ਅਤੇ ਸ਼ੈਤਾਨੀ

ਖ਼ੂਨ ਚੂਸ ਕਿਸੇ ਕਰੀ ਕਮਾਈ,
ਅਰਬਾਂ ਖਰਬਾਂ ਹੀ ਕਰ ਦਾਨ ਗਿਆ।
ਰਿਹਾ ਲੁਕਿਆ ਘੁਮੰਡ ਹੰਕਾਰ ਕੋਲੋਂ,
ਗੁੱਝੀ ਆਪਣੀ ਰੱਖ ਪਛਾਣ ਗਿਆ।।

ਨਾਲ ਸਰਕਾਰਾਂ ਕਿਸੇ ਗੰਢ ਯਾਰੀ,
ਮਾਰ ਹੈਂਕੜਾਂ ਲੁੱਟ ਕਿਸਾਨ ਲਿਆ।
ਮੰਨੀ ਈਨ ਨਾ ਕਿਸੇ ਨੇ ਚੌਧਰਾਂ ਦੀ,
ਬਣਾ ਫਿਰ ਵੀ ਉੱਚੀ ਸ਼ਾਨ ਗਿਆ।

ਜਿੰਨੀ ਕੀਤੀ ਕਿਸੇ ਕਮਾਈ ਭਾਰੀ,
ਓਦੂੰ ਵਧ ਕੇ ਕਰ ਕੋਈ ਦਾਨ ਗਿਆ।
ਕੋਈ ਖੇਡ ਕੇ ਵੀ ਨਾ ਜਿੱਤ ਸਕਿਆ,
ਬਿਨ ਖੇਡੇ ਜਿੱਤ ਭਲਵਾਨ ਗਿਆ।

ਨੀਵਾਂ ਰਹਿ ਕੇ ਕੋਈ ਬਰਾੜ 'ਭਗਤਾ',
ਉੱਚਿਉਂ ਉੱਚੀ ਭਰ ਉਡਾਣ ਗਿਆ।
ਪੈਣ ਦੁਰਕਾਰਾਂ ਕਈ ਜਿਉਂਦਿਆਂ ਨੂੰ,
ਕੋਈ ਮਰ ਕੇ ਵੀ ਹੋ ਮਹਾਨ ਗਿਆ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਸਾਖਰ ਪੰਜਾਬ

ਆਪਣਾ ਹੀ ਕੋਈ ਅੰਬਰ ਘੜੀਏ
ਆਜਾ ਵਿਚ ਗਗਨਾ ਦੇ ਚੜੀਏ
ਚੱਲ ਖਾਂ ਵਿਚ ਪਤਾਲਾਂ ਘੁੰਮੀਏ
ਧਰਤੀ ਦੀ ਹਿਕੜੀ ਨੂੰ ਚੁੰਮੀਏ
ਪੌਣਾ ਦੇ ਸੰਗ ਉੱਡ ਉੱਡ ਜਾਈਏ
ਆਜਾ ਕੋਈ ਤਰਕੀਬ ਲੜਾਈਏ
ਜਿੱਥੇ ਹੋਵੇ ਕੋਈ ਸਾਧ ਮੁਰਾਧੀ
ਉਹੀ ਗੁਰੂ ਤੇ ਸੰਤ ਉਪਾਧੀ
ਘਾਹ ਨੂੰ ਆਜਾ ਲਾਡ ਲਡਾਈਏ
ਪੱਤਿਆਂ ਦੇ ਵਿਚ ਲੁਕ ਛਿੱਪ ਜਾਈਏ
ਐਸਾ ਹੋਵੇ ਕੋਈ ਪਤਾ ਟਿਕਾਣਾ
ਜਿੱਥੇ ਜਾਤ ਕੋਈ ਨਹੀਂ ਘਰਾਣਾ
ਉਸ ਦੇਸ਼ ਦੇ ਵਾਸੀ ਬਣੀਏ
ਸੰਤ ਰਾਮ ਉਦਾਸੀ ਬਣੀਏ
ਕਿਰਤੀ ਦਾ ਕੋਈ ਗੀਤ ਬਣਾਈਏ
ਕੱਲੀ ਨਾ ਆਜ਼ਾਦੀ ਗਾਈਏ
ਸਭ ਦਾ ਹੱਕ ਬਰਾਬਰ ਹੋਵੇ
ਕੋਈ ਤਕੜਾ ਨਾ ਜਾਬਰ ਹੋਵੇ
ਲੈ ਕੇ ਹੱਥ ਵਿਚ ਕਰੀ ਕਿਤਾਬ
ਸਾਖਰ ਬਣਾਈਏ ਇਹ ਪੰਜਾਬ ।

**ਲੇਖਕ : ਸੁਖਬੀਰ ਮੁਹੱਬਤ**

## ਸੀਸਾ

ਮੈਂ ਉਹਨੂੰ, ਮੈਨੂੰ ਤੱਕਦਾ ਸੀਸਾ।
ਵੇਖ ਮੇਰੇ ਵੱਲ, ਹੱਸਦਾ ਸੀਸਾ ।।
ਮੈਂ ਚੋਰ, ਕਿੰਝ ਨਜ਼ਰ ਮਿਲਾਵਾਂ।
ਨਜ਼ਰ ਮੇਰੇ ਤੇ, ਰੱਖਦਾ ਸੀਸਾ ।।
ਸੋਹਣਾ ਮੈਂ ਨਹੀਂ, ਸੋਹਣਾ ਸੀਸਾ ।
ਜੱਦ ਵੇਖਾਂ, ਬੜਾ ਜੱਚਦਾ ਸੀਸਾ ।।
ਚੰਗਾ ਅਕਸ਼ ਇਹ ਕਿਵੇਂ ਉਤਾਰੂ।
ਭੇਦ ਅਕਸ਼ ਦੇ ਰੱਖਦਾ ਸੀਸਾ ।।
ਪਰਦੇ ਚਾੜ੍ਹਕੇ, ਅੱਗੇ ਖੜੀਏ।
ਸਾਰੇ ਪਰਦੇ ਚੱਕਦਾ ਸੀਸਾ ।।
ਲੱਖ ਸਵਾਲ, ਜਵਾਬ ਨਾ ਕੋਈ।
ਗੱਲ ਅੰਦਰ ਦੀ ਦੱਸਦਾ ਸੀਸਾ ।।
ਮਨ ਦਰਪਣ , ਦਰਪਣ ਸਿੱਧੂ ਦਾ।
ਜੱਗ ਲਈ ਹੋਊ ਕੱਚਦਾ ਸੀਸਾ ।।

**ਲੇਖਕ : ਹਰਗੋਬਿੰਦ ਸਿੰਘ**

## ਗ਼ਜ਼ਲ

ਦਿਲ ਦੇ ਦਰਦ ਛੁਪਾ ਉੱਤੋਂ ਉੱਤੋਂ ਹੱਸਦੇ ਹਾਂ।
ਦੁੱਖ ਸੁੱਖ ਦਾ ਸੰਤੁਲਨ ਬਣਾ ਕੇ ਰੱਖਦੇ ਹਾਂ।
ਜਿਹਦਾ ਵਿਹੜਾ ਖ਼ੁਸ਼ੀਆਂ ਸੰਗ ਭਰਿਆ ਹੈ,
ਉਸ ਘਰ ਦੀ ਖ਼ੈਰ ਮਨਾ ਦਿਲੋਂ ਨੱਚਦੇ ਹਾਂ।

ਨਾਲ ਗੱਦਾਰਾਂ ਯਾਰੀ ਬਹੁਤੀ ਪੁਗਦੀ ਨਾ,
ਐਸੇ ਸੱਜਣਾਂ ਤੋਂ ਦੂਰੀ ਬਣਾ ਕੇ ਰੱਖਦੇ ਹਾਂ।
ਸਿਆਣੇ ਦਾ ਕਿਹਾ ਅਉਲੇ ਦਾ ਖਾਧਾ ਜੀ,
ਪਿੱਛੋਂ ਸੁਆਦ ਚੱਖ ਮਿੰਨਾ ਮਿੰਨਾ ਹੱਸਦੇ ਹਾਂ।

ਵੇਲੇ ਦਾ ਰਾਗ ਕੁਵੇਲੇ ਦੀਆਂ ਟੱਕਰਾਂ ਹੁੰਦੈ ਕਿ,
ਸਮੇਂ ਸੰਗ ਸਦਾ ਸੁਰਤਾਲ ਮਿਲਾ ਕੇ ਰੱਖਦੇ ਹਾਂ।
ਜ਼ਿੰਦਗੀ ਦੀ ਢਲੀ ਦੁਪਹਿਰ ਮਹਿਸੂਸ ਕਰਕੇ ਹੀ,
ਅਪਣੇ ਆਪ ਨੂੰ ਬਚਾਅ ਬਚਾਅ ਕੇ ਰੱਖਦੇ ਹਾਂ।

ਇਹ ਮੇਲਾ ਦੁਨੀਆ ਦਾ ਹੈ ਚਾਰ ਦਿਹਾੜੇ ਜੀ,
ਰੈਣ ਗੁਜ਼ਾਰ ਟੁਰ ਜਾਣ ਦੀ ਲੋਚਾ ਰੱਖਦੇ ਹਾਂ।
'ਆਜ਼ਾਦ' ਏਸ ਦੁਨੀਆ 'ਤੇ ਪੈੜਾਂ ਕਰ ਜਾਣੈ,
ਰਿਸਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾ ਕੇ ਰੱਖਦੇ ਹਾਂ।

**ਲੇਖਕ : ਰਣਜੀਤ ਆਜ਼ਾਦ ਕਾਂਝਲਾ**
**ਸੰਪਰਕ: 95019-77814**

## ਜੀਵਨ ਇਕ ਤੂਫ਼ਾਨ

ਜਾਗ੍ਰਤ ਦਾ ਬੇਤਾਬ ਸੁਨੇਹਾ,
ਵਿਗਸਣ ਦਾ ਕੋਈ ਸ਼ੌਕ ਨਿਰਾਲਾ;
ਮਚਦੀਆਂ ਅਸਮਾਨਾਂ ਨੂੰ ਛੂੰਹਦੀਆਂ
ਲਾਟਾਂ ਦੀ ਨ੍ਰਿਤ-ਤਾਨ,
ਜੀਵਨ ਇਕ ਤੂਫ਼ਾਨ ।

ਮਾਰੂ ਲਹਿਰਾਂ ਦੀ ਤੁਗਿਆਨੀ,
ਪੌਣਾਂ ਦੀ ਮੂੰਹ-ਜ਼ੋਰ ਰਵਾਨੀ,
ਬਿਜਲੀਆਂ ਦੀ ਤੜਫਣਿ ਤੋਂ ਉਪਜਿਆ
ਸਦ-ਜੀਂਦਾ ਅਰਮਾਨ;
ਜੀਵਨ ਇਕ ਤੂਫ਼ਾਨ ।

ਮਿੱਟੀ ਨੂੰ ਜਾਂ ਚੁੰਮਣ ਲਾਵੇ,
ਫੁੱਲ, ਕਲੀਆਂ, ਸਬਜ਼ੇ ਲਹਿਕਾਵੇ,
ਬਦਲੇ ਬ੍ਰਹਿਮੰਡਾਂ ਦਾ ਨਕਸ਼ਾ,
ਇਸ ਦੀ ਹਰ ਮੁਸਕਾਨ,
ਜੀਵਨ ਇਕ ਤੂਫ਼ਾਨ ।

ਰੂਹਾਂ ਦੀ ਹੈ ਬਾਜ਼-ਉਡਾਰੀ,
ਜਾਂ ਬੇਖ਼ੌਫ਼ ਜਿਹੀ ਇਕ ਤਾਰੀ,
ਜ਼ਿਮੀਂ, ਆਕਾਸ਼ੀਂ ਤੇ ਨਖਯਤਰੀਂ,
ਏਸੇ ਦਾ ਘਮਸਾਨ,
ਜੀਵਨ ਇਕ ਤੂਫ਼ਾਨ ।

**ਲੇਖਕ : ਅਵਤਾਰ ਸਿੰਘ ਆਜ਼ਾਦ**

## ਚਾਅ

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਟੌਹਰ ਵੀ ਕੱਢ ਦਾ ਤੇਰੇ ਲਈ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਦਿਲ ਮੇਰੇ ਵਿੱਚ ਤੁੰਹੀਓਂ ਏ ਬੱਸ,
ਪਾਇਆ ਨਹੀਓ ਗ਼ਾਹ ਬਾਹਲਾ।

ਤੇਰੇ ਨਾਲ ਗੱਲ ਕਰਨ ਲੱਗੇ,
ਮੈਨੂੰ ਚੜ੍ਹ ਜਾਂਦਾ ਏ ਸਾਹ ਬਾਹਲਾ।

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

**ਲੇਖਕ : ਅੰਮ੍ਰਿਤਪਾਲ ਸਿੰਘ ਬਾਜਵਾ**

## ਸੁਫ਼ਨੇ ਰਹਿ ਗਏ ਕੋਰੇ

ਸੁਫ਼ਨੇ ਰਹਿ ਗਏ ਕੋਰੇ
ਸੱਜਣ!
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅੱਖੀਆਂ ਅੰਦਰ ਪਾੜ ਪਏ,
ਜਿਉਂ ਕੰਧਾਂ ਵਿੱਚ ਮਘੋਰੇ
ਜੱਗ ਕੂੜ ਪਸਾਰਾ ਕਹਿਰ ਦਾ
ਸਾਨੂੰ ਚਸਕਾ ਲੱਗਾ ਜ਼ਹਿਰ ਦਾ
ਦਿਲ ਪਾਰਾ ਕਿਤੇ ਨਾ ਠਹਿਰਦਾ
ਸਾਨੂੰ ਧੁੜਕੂ ਅੱਠੋ ਪਹਿਰ ਦਾ
ਇੱਕ ਪਾਸਾ ਮਰਿਆ ਸ਼ਹਿਰ ਦਾ
ਵਿਚ ਭੁੱਖਾ ਫਨੀਅਰ ਲਹਿਰਦਾ
ਮਾਵਾਂ ਨੇ ਖੀਸੇ ਫੋਲ ਕੇ
ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅਸੀਂ ਸਈਆਂ ਨੈਣਾਂ ਵਾਲੀਆਂ
ਸਾਨੂੰ ਜੋਇਆ ਅੰਨ੍ਹੇ ਹਾਲੀਆਂ
ਮਨ ਖੋਭੇ ਸੱਧਰਾਂ ਗਾਲੀਆਂ
ਸਾਡਾ ਜੀਵਨ ਵਿੱਚ ਕੁਠਾਲੀਆਂ
ਖਸਮਾਂ ਦੀਆਂ ਅੱਗਾਂ ਬਾਲੀਆਂ
ਦਿਲ ਗੁੰਨ੍ਹੇ ਵਿਚ ਕੁਨਾਲੀਆਂ
ਇਸ ਔਤਰ ਜਾਣੇ ਸਮੇਂ ਨੇ
ਸਾਹ ਬਰਫ਼ਾਂ ਵਾਂਗੂੰ ਖੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ!
ਉਡੀਕ
ਕਦੀ ਆ ਮਿਲ ਫੇਰ ਹਯਾਤੀਏ!
ਕਦੀ ਲੰਘ ਆ ਨੈਣ ਝਨਾਂ
ਅਸੀਂ ਮਿਹਣੇ ਮਾਰੇ ਮੌਤ ਨੂੰ
ਲੈ ਲੈ ਕੇ ਤੇਰਾ ਨਾਂ

**ਲੇਖਕ : ਅਫ਼ਜ਼ਲ ਸਾਹਿਰ**

## ਅਸਲ ਵਿੱਚ

ਸੁਣਿਆ ਹੈ ਕਿ ਮੇਰੇ
ਸ਼ਹਿਰ ਨੂੰ ਖ਼ਤਰਾ ਹੈ
ਸ਼ਹਿਰ ਨੂੰ ਖ਼ਤਰਾ ਬੰਬਾਂ ਤੋਂ ਨਹੀਂ,
ਜੰਗਾਂ ਤੋਂ ਨਹੀਂ।

ਸ਼ਹਿਰ ਨੂੰ ਖ਼ਤਰਾ
ਸਿਆਸਤ ਦੇ ਚਗਲੇ ਸੁਆਦਾਂ ਤੋਂ,
ਹੁਕਮਰਾਨ ਦੇ ਸਵਾਲਾਂ ਤੋਂ
ਲੁਕਵੇਂ ਏਜੰਡੇ ਵਾਲੇ ਜਵਾਬਾਂ ਤੋਂ
ਸੁਣਿਆ ਹੈ ਕਿ ਸ਼ਹਿਰ ਨੂੰ ਖ਼ਤਰਾ ਹੈ।
ਪਰ ਖ਼ਤਰਾ ਗੋਲੀ ਤੋਂ ਨਹੀਂ
ਭੁੱਖ ਮਰੀ ਤੋਂ ਨਹੀਂ
ਖ਼ਤਰਾ ਹੱਕਾਂ ਦੇ ਮਾਰੇ ਜਾਣ ਤੋਂ ਹੈ।
ਆਵਾਜ਼ ਦੇ ਦਬ ਜਾਣ ਤੋਂ ਹੈ।
ਨਿਹੱਥੇ ਕਰ ਜਾਣ ਤੋਂ ਹੈ।

ਸੁਣਿਆ ਹੈ ਮੈਂ ਕਿ
ਹਵਾ ਚ ਡੂੰਘੀ ਸਾਜ਼ਿਸ਼ ਤੋਂ ਹੈ ਖ਼ਤਰਾ।
ਦਹਿਸ਼ਤੀ ਬੂਟਾਂ ਦੀ ਮਾਰਚ ਤੋਂ।
ਹਿੰਦੀ ਹਿੰਦੂ ਹਿੰਦੁਸਤਾਨ ਦੇ ਨਾਂ ਤੇ
ਹੁੰਦੀ ਸ਼ਰਾਰਤ ਤੋਂ ਹੈ ਖ਼ਤਰਾ।

ਖ਼ਤਰਾ ਰੋਜ਼ ਮੰਡਲਾਉਂਦਾ ਹੈ
ਹਰ ਚੈਨਲ ਤੇ ਹਰ ਪੈਨਲ ਤੇ
ਦੱਬੀਆਂ ਜਾਂਦੀਆਂ ਆਵਾਜ਼ਾਂ।
ਖ਼ਤਰਾ ਹਕੂਮਤ ਨੂੰ ਵੀ ਹੈ
ਜਨ ਸੈਲਾਬ ਤੋਂ
ਖ਼ਤਰਾ ਹੈ ਸੂਹੇ ਇਨਕਲਾਬ ਤੋਂ।
ਇਸ ਦੇ ਜ਼ਿੰਦਾਬਾਦ ਤੋਂ ,
ਲੋਕਾਂ ਵੱਲੋਂ ਮੰਗੇ ਹਿਸਾਬ ਤੋਂ,
ਮੇਰੇ ਸ਼ਹਿਰ ਦੇ ਸਾਈਂ ਨੂੰ ਖ਼ਤਰਾ ਹੈ।
ਅਸਲ ਵਿੱਚ
ਉਸ ਨੂੰ ਹੋਰ ਕਿਸੇ ਤੋਂ ਨਹੀਂ
ਆਪਣੀ ਹਾਰ ਤੋਂ ਖ਼ਤਰਾ ਹੈ।

**ਲੇਖਕ : ਨਵਰੂਪ ਕੌਰ**

# ਨਾਰੀ ਸੰਸਾਰ



## ਚੰਗਾ ਪਹਿਰਾਵਾ ਤੁਹਾਨੂੰ ਦਿੰਦਾ ਹੈ

# ਨਵਾਂ ਅੰਦਾਜ਼

ਲੇਖਕ : ਨੀਲੋਫਰ

ਮੌਨਸੂਨ ਜਾਂਦੇ ਹੀ ਦੇਸ਼ ਭਰ ਵਿਚ ਤਿਉਹਾਰਾਂ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਦੇ ਨਾਲ ਸ਼ੁਰੂ ਹੋ ਜਾਂਦੀ ਹੈ ਇਹ ਚਿੰਤਾ ਕਿ ਹੁਣ ਤਿਉਹਾਰੀ ਮੌਸਮ ਵਿਚ ਅਸੀਂ ਆਪਣੇ-ਆਪ ਨੂੰ ਕਿਵੇਂ ਸਮਾਰਟ ਅਤੇ ਸਟਾਈਲਿਸ਼ ਬਣਾਈਏ। ਇਥੇ ਕੁਝ ਇਸ ਤਰ੍ਹਾਂ ਦੇ ਪਹਿਰਾਵਿਆਂ 'ਤੇ ਅਸੀਂ ਨਜ਼ਰ ਮਾਰਾਂਗੇ, ਜੋ ਆਉਣ ਵਾਲੇ ਤਿਉਹਾਰੀ ਮੌਸਮ ਵਿਚ ਸਾਡੀ ਦਿੱਖ ਨੂੰ ਚਾਰ ਚੰਨ ਲਗਾ ਸਕਦੇ ਹਨ। ਕੁੜਤੀ ਨਾਲ ਬੰਧਨੀ ਦੁਪੱਟਾ ਹਾਲਾਂਕਿ ਨਵਾਂ ਤਜਰਬਾ ਨਹੀਂ ਹੈ, ਪਰ ਇਨ੍ਹੀਂ ਦਿਨੀਂ ਇਹ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਨੂੰ ਕਿਤੇ ਵੀ ਅਤੇ ਕਦੀ ਵੀ ਪਹਿਨਿਆ ਜਾ ਸਕਦਾ ਹੈ। ਇਸ ਨੂੰ ਪਾਉਂਦਿਆਂ ਹੀ ਕੁਝ ਵੱਖਰਾ, ਕੁਝ ਹਟ ਕੇ ਦਿਸਣ ਲਗਦਾ ਹੈ। ਲਗਦਾ ਹੈ ਕਿ ਕੋਈ ਖ਼ਾਸ ਮੌਕਾ ਹੈ, ਵਿਸ਼ੇਸ਼ ਕਰਕੇ ਤਿਉਹਾਰੀ ਸੀਜ਼ਨ ਦਾ। ਉਂਝ ਤਾਂ ਚੈੱਕ ਅਤੇ ਪਲੇਨ ਦੋਵੇਂ ਹੀ ਤਰ੍ਹਾਂ ਦੇ ਸੂਟਾਂ 'ਤੇ ਚਲਦਾ ਹੈ, ਪਰ ਪਲੇਨ ਵਿਚ ਹੋਰ ਵੀ ਖ਼ਾਸ ਲਗਦਾ ਹੈ। ਦਰਅਸਲ ਬੰਧਨੀ ਫੈਸ਼ਨ ਗੁਜਰਾਤ ਅਤੇ ਰਾਜਸਥਾਨ ਦੀਆਂ ਰਵਾਇਤੀ ਸਾੜ੍ਹੀਆਂ ਦਾ ਫੈਸ਼ਨ ਹੈ, ਜੋ ਇਕ ਜ਼ਮਾਨੇ ਵਿਚ ਬਹੁਤ ਹਿੱਟ ਰਿਹਾ ਹੈ। ਸਾੜ੍ਹੀਆਂ ਨਾਲ ਹੀ ਸਾਧਾਰਨ, ਕੈਜ਼ੂਅਲ ਅਤੇ ਤਿਉਹਾਰੀ ਦਿੱਖ ਦੇ ਵੱਖਰੇ ਵੱਖਰੇ ਪਹਿਰਾਵੇ ਪ੍ਰਚੱਲਿਤ ਹੋਏ ਹਨ। ਬੰਧਨੀ ਕੁੜਤੀ ਜੀਨਸ ਦੇ ਨਾਲ, ਬੰਧਨੀ ਪ੍ਰਿੰਟ ਸ਼ਰਾਰਾ, ਗਰਾਰਾ ਅਤੇ ਬੰਧਨੀ ਜੈਕੇਟ ਤੇ ਦੁਪੱਟਾ ਹੀ ਨਹੀਂ ਸਗੋਂ ਬੰਧਨੀ ਵੈਸਟਰਨ ਡ੍ਰੈੱਸ ਅਤੇ ਅਸੈੱਸਰੀਜ਼ ਵੀ ਬਹੁਤ ਪਸੰਦ ਕੀਤੀ ਜਾਂਦੀ ਹੈ। ਈਅਰਰਿੰਗ ਵਿਚ ਖ਼ਾਸ ਕਿਸਮ ਦੇ ਬੰਧਨੀ ਪਹਿਰਾਵੇ ਨੂੰ ਮਦਦ ਕਰਨ ਵਾਲੇ ਈਅਰਰਿੰਗ ਅਤੇ ਬੈਗ ਅਤੇ ਜੁੱਤੀਆਂ ਪ੍ਰਸਿੱਧ ਹਨ।

ਫੈਸ਼ਨ ਦੀ ਸਾਰੀ ਬੰਧਨੀ ਦੁਨੀਆ ਆਪਣੇ ਆਪ ਵਿਚ ਤਿਉਹਾਰੀ ਦਿੱਖ ਵਾਲੀ ਹੁੰਦੀ ਹੈ। ਇਸ ਲਈ ਚਾਹੇ ਬੰਧਨੀ ਸਾੜ੍ਹੀ ਹੋਵੇ, ਬੰਧਨੀ ਪ੍ਰਿੰਟ ਲਹਿੰਗਾ ਹੋਵੇ, ਬੰਧਨੀ ਪ੍ਰਿੰਟ ਕੁੜਤੀ ਹੋਵੇ ਜਾਂ ਸ਼ਰਾਰਾ, ਗਰਾਰਾ ਇਹ ਸਭ ਦੇ ਖ਼ਾਸ ਦਿੱਖ ਅਤੇ ਅਹਿਸਾਸ ਹੁੰਦੇ ਹਨ। ਕਮੀਜ਼ ਦੇ ਨਾਲ ਸ਼ਰਾਰਾ ਗਰਾਰਾ ਅਤੇ ਪਲਾਜ਼ੋ ਬਿਲਕੁਲ ਨਵਾਂ ਫੈਸ਼ਨ ਹੈ। ਇਸ ਤਿਉਹਾਰੀ ਸੀਜ਼ਨ ਵਿਚ ਤੁਸੀਂ ਚਾਹੋ ਤਾਂ ਇਸ ਦੀ ਵਰਤੋਂ ਕਰ ਸਕਦੇ ਹੋ। ਇਹ ਡ੍ਰੈੱਸ ਨਾ ਸਿਰਫ਼ ਆਕਰਸ਼ਕ ਹੈ ਸਗੋਂ ਇਸ ਨੂੰ ਲਿਜਾਣਾ ਵੀ ਸੌਖਾ ਹੈ। ਇਸ ਨੂੰ ਤੁਸੀਂ ਦਫ਼ਤਰ, ਕਾਲਜ ਤੋਂ ਲੈ ਕੇ ਕੈਜ਼ੂਅਲੀ ਕਿਤੇ ਵੀ ਪਹਿਨ ਕੇ ਜਾ ਸਕਦੇ ਹੋ।

ਸਾੜ੍ਹੀ ਹਮੇਸ਼ਾ ਆਪਣੇ ਨਾਲ ਤਿਉਹਾਰੀ ਮਨੋਵਿਗਿਆਨ ਲੈ ਕੇ ਚਲਦੀ ਹੈ। ਉਂਝ ਤਾਂ ਸਾੜ੍ਹੀ ਨੂੰ ਕਿਸੇ ਵੀ ਵਿਸ਼ੇਸ਼ ਮੌਕੇ 'ਤੇ ਪਾ ਕੇ ਵਿਸ਼ੇਸ਼ ਹੋਣ ਦਾ ਅਹਿਸਾਸ ਮਹਿਸੂਸ ਕੀਤਾ ਜਾ ਸਕਦਾ ਹੈ, ਪਰ ਤਿਉਹਾਰੀ ਸੀਜ਼ਨ ਵਿਚ ਤਾਂ ਸਾੜ੍ਹੀ ਸਭ ਤੋਂ ਜ਼ਿਆਦਾ ਪਸੰਦ ਕੀਤੀ ਜਾਣ ਵਾਲੀ ਡ੍ਰੈੱਸ ਹੈ। ਸਾੜ੍ਹੀ ਆਮ ਤੌਰ 'ਤੇ ਸਭ ਨੂੰ ਚੰਗੀ ਲਗਦੀ ਹੈ। ਇਸ ਲਈ ਜੇਕਰ ਤੁਸੀਂ ਇਸ ਤਿਉਹਾਰੀ ਸੀਜ਼ਨ ਵਿਚ ਕੁਝ ਨਵਾਂ ਪਹਿਨਣ ਬਾਰੇ ਕੁਝ ਨਾ ਵੀ ਸੋਚ ਰਹੇ ਹੋਵੋ ਤਾਂ ਸਾੜ੍ਹੀ 'ਤੇ ਜ਼ਰੂਰ ਹੱਥ ਅਜ਼ਮਾਓ। ਇਹ ਤੁਹਾਡੀ ਦਿੱਖ ਵਿਚ ਤਾਂ ਚਾਰ ਚੰਨ ਤਾਂ ਲਗਾਏਗੀ ਹੀ, ਤੁਹਾਨੂੰ ਆਧੁਨਿਕ, ਸਟਾਇਲਿਸ਼ ਅਤੇ ਸਮਾਰਟ ਵੀ ਬਣਾਏਗੀ। ਧੋਤੀ ਪੈਂਟਸ ਨਾਲ ਸ਼ਾਰਟ ਕੁੜਤੀ ਵੀ ਨਵਾਂ ਅਤੇ ਵੱਖਰਾ ਪਹਿਰਾਵਾ ਹੈ। ਇਸ ਵਿਚ ਤੁਸੀਂ ਵੱਖਰੇ ਨਜ਼ਰ ਆਓਗੇ। ਦਰਅਸਲ ਜੇਕਰ ਸਾੜ੍ਹੀ ਬੰਨ੍ਹਣਾ ਤੁਹਾਡੇ ਲਈ ਮੁਸ਼ਕਿਲ ਕੰਮ ਹੈ ਤਾਂ ਤੁਸੀਂ ਸਾੜ੍ਹੀ ਪੈਂਟ ਦਾ ਬਦਲ ਚੁਣ ਸਕਦੇ ਹੋ। ਇਸ ਨਾਲ ਨਾ ਤਾਂ ਖੁੱਲ੍ਹਣ ਦਾ ਡਰ ਰਹੇਗਾ ਅਤੇ ਨਾ ਖ਼ਰਾਬ ਹੋਣ ਦਾ। ਇਸ ਨੂੰ ਪਹਿਨਣਾ ਵੀ ਸੌਖਾ ਹੈ। ਸਗੋਂ ਇਹ ਬੇਹੱਦ ਕਲਾਸਿਕ ਦਿੱਖ ਵੀ ਦਿੰਦੀ ਹੈ। ਸ਼ਿਲਪਾ ਸ਼ੈੱਟੀ ਵਰਗੀ ਸਟਾਈਲਿਸ਼ ਹਸਤੀ ਵੀ ਕਈ ਵਾਰ ਪੈਂਟ ਸਟਾਈਲ ਸਾੜ੍ਹੀ ਪਾਏ ਨਜ਼ਰ ਆਈ ਹੈ।

ਕੁੱਲ ਮਿਲਾ ਕੇ ਇਹ ਕੁਝ ਇਸ ਤਰ੍ਹਾਂ ਦੇ ਪਹਿਰਾਵੇ ਹਨ ਜੋ ਇਸ ਵਾਰ ਤਿਉਹਾਰੀ ਸੀਜ਼ਨ ਵਿਚ ਤੁਹਾਡੀ ਮੌਜੂਦਗੀ ਨੂੰ ਬੇਹੱਦ ਆਕਰਸ਼ਕ ਅਤੇ ਚੁੰਬਕੀ ਬਣਾ ਦੇਣਗੇ। ਇਸ ਲਈ ਜੇਕਰ ਇਸ ਤਿਉਹਾਰੀ ਸੀਜ਼ਨ ਲਈ ਕੁਝ ਨਵਾਂ ਲੱਭ ਰਹੇ ਹੋ ਤਾਂ ਇਨ੍ਹਾਂ ਨਾਲ ਤਜਰਬਾ ਕਰੋ ਤੁਹਾਡਾ ਅਨੁਭਵ ਚੰਗਾ ਰਹੇਗਾ।



# ਘਰ ਨੂੰ ਰੱਖੋ ਚਮਕਦਾਰ

ਸ਼ਿਖਾ ਚੌਧਰੀ

ਘਰ ਨੂੰ ਕਦੇ-ਕਦੇ ਜ਼ਰੂਰਤ ਹੁੰਦੀ ਹੈ ਮੁਰੰਮਤ, ਰੰਗਾਈ, ਪੁਤਾਈ, ਪੇਂਟ ਅਤੇ ਸਾਫ਼-ਸਫ਼ਾਈ ਦੀ। ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਦੀਵਾਲੀ 'ਤੇ ਘਰ ਨੂੰ ਨਵੀਂ ਦਿੱਖ ਦੇਣ ਲਈ ਘਰ ਦੀ ਸਾਫ਼-ਸਫ਼ਾਈ ਅਤੇ ਰੰਗ-ਰੋਗਨ ਕਰਨ ਦੀ ਜ਼ਰੂਰਤ ਹੁੰਦੀ ਹੈ।

ਘਰ ਵਿਚ ਹਰ ਥਾਂ ਸਲ੍ਹਾਬ, ਕਾਕਰੋਚ, ਕੀੜੇ-ਮਕੌੜੇ, ਦੀਵਾਰਾਂ ਤੋਂ ਉੱਖੜਿਆ ਪਲਸਤਰ ਦੇਖ ਕੇ ਕੋਈ ਵੀ ਆਪਣੇ ਘਰ ਦੀ ਸਾਫ਼-ਸਫ਼ਾਈ ਲਈ ਚੇਤੰਨ ਹੋਵੇਗਾ ਹੀ। ਸਾਲ ਭਰ ਤੋਂ ਇਕੱਠਾ ਹੋਇਆ ਸਾਮਾਨ ਹੁਣ ਬਾਹਰ ਕੱਢ ਕੇ ਘਰ ਹੁਣ ਸਾਫ਼-ਸਫ਼ਾਈ ਮੰਗਦਾ ਹੈ। ਘਰ ਦੀ ਤੋੜ-ਭੰਨ ਕਰਕੇ ਇਸੇ ਬਹਾਨੇ ਸਹੀ ਘਰ ਨੂੰ ਠੀਕ ਕੀਤਾ ਜਾਂਦਾ ਹੈ। ਇਸ ਸਮੇਂ ਪੂਰੇ ਘਰ ਨੂੰ ਜ਼ਰੂਰਤ ਹੁੰਦੀ ਹੈ ਮੁਰੰਮਤ ਅਤੇ ਰੰਗਾਈ-ਪੁਤਾਈ ਦੀ ਭਾਵ ਕਿ ਦੀਵਾਲੀ ਦੇ ਆਉਣ ਤੋਂ ਪਹਿਲਾਂ ਘਰ ਦੀ ਸਾਫ਼-ਸਫ਼ਾਈ ਅਤੇ ਰੰਗਾਈ-ਪੁਤਾਈ ਹੋ ਜਾਣੀ ਚਾਹੀਦੀ ਹੈ।

ਰੰਗ-ਰੋਗਨ ਕਰਾਉਣ ਨਾਲ ਘਰ ਦੀ ਰੌਣਕ ਹੀ ਨਹੀਂ ਵਧਦੀ ਸਗੋਂ ਹੋਰ ਵੀ ਕਈ ਫਾਇਦੇ ਹੁੰਦੇ ਹਨ। ਇਕ ਤਾਂ ਚੂਨਾ ਖ਼ੁਦ ਹੀ ਕੀਟਨਾਸ਼ਕ ਦਾ ਕੰਮ ਕਰਦਾ ਹੈ। ਇਹ ਕੀੜੇ-ਮਕੌੜਿਆਂ ਨੂੰ ਖ਼ਤਮ ਕਰਦਾ ਹੈ ਅਤੇ ਉਨ੍ਹਾਂ ਨੂੰ ਪੈਦਾ ਨਹੀਂ ਹੋਣ ਦਿੰਦਾ। ਇਹ ਘਰ ਦੀਆਂ ਦੀਵਾਰਾਂ ਅਤੇ ਛੱਤਾਂ ਵਿਚ ਆਈ ਸਲ੍ਹਾਬ ਨੂੰ ਸੋਖ ਲੈਂਦਾ ਹੈ। ਘਰ ਵਿਚ ਚਮਕ ਦਾ ਅਹਿਸਾਸ ਕਰਾਉਂਦਾ ਹੈ। ਤਿਉਹਾਰਾਂ 'ਤੇ ਉਂਝ ਵੀ ਸਭ ਕੁਝ ਨਵਾਂ-ਨਵਾਂ ਲੱਗੇ ਤਾਂ ਹੀ ਮਜ਼ਾ ਹੁੰਦਾ ਹੈ। ਗੰਦਗੀ ਤਾਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਚੰਗੀ ਨਹੀਂ ਲਗਦੀ।

ਸਹੀ ਢੰਗ ਨਾਲ ਸਜਾਇਆ ਹੋਵੇ ਘਰ : ਏਨਾ ਹੀ ਕਾਫ਼ੀ ਨਹੀਂ ਹੈ ਕਿ ਘਰ ਦੀ ਮੁਰੰਮਤ ਕਰਾ ਦਿੱਤੀ, ਪੇਂਟ-ਕਲੀ ਤਾਂ ਕਰਾ ਦਿੱਤੀ ਪਰ ਕੋਈ ਵੀ ਸਾਮਾਨ ਇਧਰ-ਉਧਰ ਪਿਆ ਹੋਵੇ। ਸਭ ਕੁਝ ਘਰ ਵਿਚ ਕੂੜੇ-ਕਬਾੜ ਦੀ ਤਰ੍ਹਾਂ ਭਰਿਆ ਹੋਵੇ, ਜਿਸ ਤਰ੍ਹਾਂ ਗੰਦਗੀ ਘਰ 'ਚ ਬਦਬੂ ਪੈਦਾ ਕਰਦੀ ਹੈ, ਉਸੇ ਤਰ੍ਹਾਂ ਘਰ ਵਿਚ ਸਲੀਕੇ ਨਾਲ ਨਾ ਰੱਖੀਆਂ ਚੀਜ਼ਾਂ ਮਨ ਨੂੰ ਬੇਚੈਨ ਕਰਦੀਆਂ ਹਨ।

ਸਾਫ਼-ਸਫ਼ਾਈ ਦੇ ਨਾਲ-ਨਾਲ ਚੀਜ਼ਾਂ ਨੂੰ ਸਹੀ ਢੰਗ ਨਾਲ ਰੱਖਣਾ ਵੀ ਤੁਹਾਡੀ ਆਦਤ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਕਿਸੇ ਖ਼ਾਸ ਤਿਉਹਾਰ ਮੌਕੇ ਤੁਸੀਂ ਪੂਰੇ ਘਰ ਦੀ ਸਾਫ਼-ਸਫ਼ਾਈ ਕਰ ਰਹੇ ਹੋ। ਚੀਜ਼ਾਂ ਨੂੰ ਚੁੱਕ ਕੇ ਢੰਗ ਨਾਲ ਰੱਖ ਰਹੇ ਹੋ। ਇਹ ਤਾਂ ਤੁਹਾਡੀ ਜੀਵਨਸ਼ੈਲੀ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਸਾਫ਼-ਸਫ਼ਾਈ ਤਾਂ ਸਾਲ ਭਰ ਚੱਲਣੀ ਚਾਹੀਦੀ ਹੈ। ਤਿਉਹਾਰਾਂ 'ਤੇ ਤਾਂ ਸਿਰਫ਼ ਘਰ ਨੂੰ ਸਜਾਉਣ ਸੰਵਾਰਨ ਦਾ ਕੰਮ ਹੋਣਾ ਚਾਹੀਦਾ ਹੈ।

ਇਸ ਲਈ ਜ਼ਰੂਰੀ ਹੈ ਕਿ ਘਰ ਵਿਚ ਕੁਝ ਵੀ ਟੁੱਟਿਆ-ਭੱਜਿਆ, ਫਾਲਤੂ ਸਾਮਾਨ ਇਕੱਠਾ ਨਾ ਹੋਣ ਦਿਓ। ਘਰ ਵਿਚ ਕੂੜਾ-ਕਰਕਟ ਭਰ ਕੇ ਨਾ ਰੱਖੋ। ਅਕਸਰ ਕੀ ਹੁੰਦਾ ਹੈ ਕਿ ਕੁਝ ਲੋਕ ਕੰਮ ਨਾ ਆਉਣ ਵਾਲੀਆਂ ਚੀਜ਼ਾਂ ਨੂੰ ਛੱਤ 'ਤੇ ਜਾਂ ਮਿਆਨੀ 'ਚ ਰੱਖ ਦਿੰਦੇ ਹਨ ਪਰ ਉਨ੍ਹਾਂ ਨੂੰ ਘਰ 'ਚੋਂ ਬਾਹਰ ਨਹੀਂ ਕੱਢਦੇ। ਉਨ੍ਹਾਂ ਪੁਰਾਣੀਆਂ ਚੀਜ਼ਾਂ ਦੇ ਨਾਲ ਮੋਹ ਬਣਾਈ ਰੱਖਦੇ ਹਨ। ਘਰ ਵਿਚ ਹੀ ਇਸ ਤਰ੍ਹਾਂ ਦੇ ਸਾਮਾਨ ਭਰਦੇ ਰਹਾਂਗੇ ਤਾਂ ਘਰ ਦਾ ਇਕ ਵੱਡਾ ਕੋਨਾ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਹੀ ਭਰ ਜਾਂਦਾ ਹੈ।

ਇਹ ਫਾਲਤੂ ਦੀਆਂ ਚੀਜ਼ਾਂ ਘਰ ਵਿਚ ਨਕਾਰਾਤਮਕ ਊਰਜਾ ਪੈਦਾ ਕਰਦੀਆਂ ਹਨ, ਜਿਸ ਨਾਲ ਘਰ ਦੀ ਸੁੱਖ-ਸ਼ਾਂਤੀ ਖ਼ਤਮ ਹੋ ਜਾਂਦੀ ਹੈ। ਇਸ ਲਈ ਘਰ ਵਿਚ ਸਿਰਫ਼ ਇਸ ਤਰ੍ਹਾਂ ਦੀਆਂ ਹੀ ਚੀਜ਼ਾਂ ਹੋਣ ਜੋ ਸਾਡੀ ਵਰਤੋਂ ਦੀਆਂ ਹੋਣ ਜਾਂ ਸਜਾਵਟੀ ਹੋਣ। ਇਨ੍ਹਾਂ ਚੀਜ਼ਾਂ ਨਾਲ ਫੁਰਤੀ ਆਉਂਦੀ ਹੈ। ਕਦੀ ਵੀ ਕੰਮ ਨਾ ਆਉਣ ਵਾਲੀਆਂ ਚੀਜ਼ਾਂ ਨੂੰ ਇਕੱਠਾ ਕਰਕੇ ਘਰ ਵਿਚ ਨਾ ਰੱਖੋ। ਜੋ ਵੀ ਬੇਕਾਰ ਹੋਵੇ ਉਸ ਨੂੰ ਘਰ ਤੋਂ ਬਾਹਰ ਕਰ ਦਿਓ।



## ਪਿਆਰ, ਵਿਸ਼ਵਾਸ ਤੇ ਸਤਿਕਾਰ ਨਾਲ

# ਜ਼ਿੰਦਗੀ ਨੂੰ ਬਣਾਓ ਹੋਰ ਖ਼ੁਸ਼ਹਾਲ

ਲੇਖਕ : ਪਰਮਜੀਤ ਕੌਰ ਸੋਢੀ
ਸੰਪਰਕ : 94786-58384

ਜ਼ਿੰਦਗੀ ਜਿਊਣ ਲਈ ਪਿਆਰ, ਵਿਸ਼ਵਾਸ ਤੇ ਸਤਿਕਾਰ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਵਿਅਕਤੀ ਕੋਲ ਇਹ ਤਿੰਨੇ ਚੀਜ਼ਾਂ ਨਹੀਂ ਹਨ ਤਾਂ ਉਸ ਦਾ ਸਫਲ ਹੋਣਾ ਅਸੰਭਵ ਹੈ। ਹੁਣ ਇਹ ਗੱਲ ਤੁਹਾਡੇ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਸਫਲਤਾ ਪ੍ਰਾਪਤ ਕਰਨੀ ਚਾਹੁੰਦੇ ਹੋ। ਹਾਂ, ਸਫਲਤਾ ਦੀ ਪਹਿਲੀ ਪੌੜੀ ਪਿਆਰ, ਵਿਸ਼ਵਾਸ, ਸਤਿਕਾਰ ਤੇ ਸਖ਼ਤ ਮਿਹਨਤ ਦੀ ਹੈ। ਨਾਲ-ਨਾਲ ਗੁਰੂ ਦੀ ਕਿਰਪਾ ਵੀ ਬਹੁਤ ਜ਼ਰੂਰੀ ਹੈ ਜਿਵੇਂ ਗੁਰੂ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ ਕਿਉਂਕਿ ਚੰਗੇ ਗੁਰੂ ਦਾ ਚੰਡਿਆ ਕਦੇ ਗ਼ਲਤੀ ਨਹੀਂ ਕਰਦਾ ਤੇ ਜੇਕਰ ਗ਼ਲਤੀ ਨਹੀਂ ਕਰਦਾ ਤਾਂ ਫਿਰ ਅਸਫ਼ਲ ਵੀ ਨਹੀਂ ਹੁੰਦਾ। ਤੁਹਾਡਾ ਦੂਸਰਿਆਂ ਪ੍ਰਤੀ ਵਿਵਹਾਰ ਕਿੰਨਾ ਕੁ ਪ੍ਰਭਾਵਸ਼ਾਲੀ ਤੇ ਸਾਕਾਰਾਤਮਕ ਹੈ, ਤੁਹਾਡੇ ਆਲੇ-ਦੁਆਲੇ ਦੇ ਲੋਕ ਤੁਹਾਨੂੰ ਕਿੰਨਾ ਕੁ ਸਹਿਯੋਗ ਦਿੰਦੇ ਹਨ, ਇਹ ਤੁਹਾਡੀ ਆਪਣੀ ਬੋਲ-ਬਾਣੀ 'ਤੇ ਨਿਰਭਰ ਕਰਦਾ ਹੈ ਜਿਹੜੇ ਲੋਕ ਹੋਰਨਾਂ ਦਾ ਸਤਿਕਾਰ ਕਰਦੇ ਹਨ, ਉਹ ਹਮੇਸ਼ਾ ਸਫ਼ਲ ਹੁੰਦੇ ਹਨ ਤੇ ਜਿਹੜੇ ਲੋਕ ਅਸਫ਼ਲ ਹੁੰਦੇ ਹਨ, ਉਨ੍ਹਾਂ ਦੀ ਅਸਲੀ ਘਾਟ ਉਨ੍ਹਾਂ ਦਾ ਦੂਸਰੇ ਰਿਸ਼ਤਿਆਂ ਤੇ ਹੋਰਨਾਂ ਨਾਲ ਬੋਲਚਾਲ ਲਈ ਬੇਤੁਕੇ ਸ਼ਬਦ ਬੋਲਣਾ, ਗੱਲ-ਗੱਲ 'ਤੇ ਝਗੜਨਾ, ਕਿਸੇ ਨੂੰ ਪਿਆਰ ਨਾ ਕਰਨਾ, ਵਿਸ਼ਵਾਸ ਨਾ ਕਰਨਾ, ਆਪਣੇ-ਆਪ 'ਤੇ ਕੰਟਰੋਲ ਨਾ ਕਰਨਾ। ਬੱਸ ਇਨ੍ਹਾਂ ਕਾਰਨਾਂ ਕਰਕੇ ਹੀ ਅਸਫ਼ਲ ਹੁੰਦੇ ਹਨ।

ਸੋ, ਦੋਸਤੋ ਜੇਕਰ ਹਰ ਕੰਮ ਵਿਚ ਸਫ਼ਲ ਹੋਣਾ ਚਹੁੰਦੇ ਹੋ ਤਾਂ ਪਿਆਰ, ਵਿਸ਼ਵਾਸ ਤੇ ਸਤਿਕਾਰ ਨੂੰ ਹਮੇਸ਼ਾ ਆਪਣੇ ਪੱਲੇ ਬੰਨ੍ਹ ਕੇ ਰੱਖੋ ਪਰ ਮਨ ਸੱਚੀਂ ਹੀ ਇਕ ਗੁੰਝਲਦਾਰ ਬੁਝਾਰਤ ਹੈ ਜੋ ਛੇਤੀ ਕਿਤੇ ਕਿਸੇ ਨਾਲ ਪਿਆਰ, ਵਿਸ਼ਵਾਸ ਤੇ ਸਤਿਕਾਰ ਨਾਲ ਪੇਸ਼ ਨਹੀਂ ਆਉਂਦਾ। ਇਹੋ ਜਿਹੇ ਮਨ ਵਿਚ ਪਹਿਲਾਂ ਹੀ ਆਤਮ-ਵਿਸ਼ਵਾਸ ਦੀ ਘਾਟ ਹੁੰਦੀ ਹੈ, ਜੇਕਰ ਤੁਸੀਂ ਪ੍ਰਭਾਵਸ਼ਾਲੀ, ਪ੍ਰਸੰਨਤਾ, ਰੰਗੀਨ ਤੇ ਸਫ਼ਲ ਹੋਣਾ ਚਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਣੇ-ਆਪ 'ਤੇ ਵਿਸ਼ਵਾਸ ਕਰੋ, ਫਿਰ ਆਪਣੀ ਜ਼ਿੰਦਗੀ ਵਿਚੋਂ ਨਾਕਾਰਾਤਮਕ ਸੋਚ ਤੇ ਰੰਗਹੀਨਤਾ ਨੂੰ ਹਟਾਓ ਕਿਉਂਕਿ ਕੁਦਰਤ ਦਾ ਨਿਯਮ ਹੈ ਕਿ ਜੋ ਬੀਜੋ ਗੇ ਉਹੀ ਵੱਢੋਗੇ।

ਇਸ ਲਈ ਦੂਜਿਆਂ ਪ੍ਰਤੀ ਸਹੀ ਸੋਚ ਤੁਹਾਡੀ ਜ਼ਿੰਦਗੀ ਵਿਚ ਉਤਸ਼ਾਹ ਪਿਆਰ, ਸਫਲਤਾ, ਵਿਸ਼ਵਾਸ ਤੇ ਸਤਿਕਾਰ ਜਿਹਾ ਰੰਗ ਭਰ ਦੇਵੇਗੀ ਤੇ ਇਕ ਦਿਨ ਅਜਿਹਾ ਆਵੇਗਾ ਤੁਹਾਡਾ ਹਰ ਰਿਸ਼ਤਾ ਤੁਹਾਡਾ ਸਤਿਕਾਰ ਕਰੇਗਾ, ਵਿਸ਼ਵਾਸ ਕਰੇਗਾ ਤੇ ਤੁਹਾਡੇ ਨਾਲ ਪਿਆਰ ਕਰੇਗਾ, ਜਿਸ ਨਾਲ ਤੁਹਾਡੀ ਜ਼ਿੰਦਗੀ ਵਿਚ ਸਫ਼ਲਤਾ ਪੱਕੇ ਪੈਰੀਂ ਆਵੇਗੀ ਤੇ ਤੁਹਾਡਾ ਸਮਾਜ ਵਿਚ ਰੁਤਬਾ ਹੋਰ ਵੀ ਉੱਚਾ ਹੋਵੇਗਾ।

# CLASSIFIEDS & MATRIMONIALS

## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

## CHANGE OF NAME

I, Mandeep Kaur Hothi D/O Mohinder Singh, holder of Indian passport No. R9905323, issued at Jaipur, Rajasthan India & Indian Address 11 Z Ganganagar, Rajasthan, 335038, India, and presently residing at 2708, Caboose PL Abbotsford, B.C., V4X 0B8, Canada, do hereby change my name from Mandeep Kaur Hothi to Mandeep Kaur with immediate effect.

# ਅਜੋਕੇ ਮਨੁੱਖ ਨੂੰ ਸਬਕ ਦਿੰਦਾ ਸਹਾਰਾ ਮਾਰੂਥਲ



ਲੇਖਕ : ਅਸ਼ਵਨੀ ਚਤਰਥ
ਸੰਪਰਕ: 62842-20595

ਸਹਾਰਾ ਮਾਰੂਥਲ ਸੰਸਾਰ ਦਾ ਸਭ ਤੋਂ ਵੱਡਾ ਗਰਮ ਰੇਗਿਸਤਾਨ ਹੈ। ਤਕਰੀਬਨ 90 ਲੱਖ ਵਰਗ ਕਿਲੋਮੀਟਰ ਵਿੱਚ ਫੈਲੇ ਇਸ ਮਾਰੂਥਲ ਦਾ ਪੌਣ-ਪਾਣੀ ਮਨੁੱਖੀ ਰਹਿਣ ਸਹਿਣ ਲਈ ਮੁਸ਼ਕਲਾਂ ਭਰਿਆ ਹੀ ਨਹੀਂ ਸਗੋਂ ਨਾਗਵਾਰ ਵੀ ਹੈ। ਜ਼ਿਕਰਯੋਗ ਹੈ ਕਿ ਸਮੁੱਚੇ ਅਫ਼ਰੀਕਾ ਮਹਾਂਦੀਪ ਦੇ ਕੁੱਲ ਰਕਬੇ ਦਾ 31 ਫ਼ੀਸਦੀ ਹਿੱਸਾ ਸਹਾਰਾ ਰੇਗਿਸਤਾਨ ਹੀ ਹੈ ਅਤੇ ਭੂ-ਵਿਗਿਆਨੀਆਂ ਅਨੁਸਾਰ ਇਸ ਦਾ ਆਕਾਰ ਹਰ ਸਾਲ ਲਗਾਤਾਰ ਵਧਦਾ ਜਾ ਰਿਹਾ ਹੈ। ਭੂਗੋਲਿਕ ਸਥਿਤੀ ਪੱਖੋਂ ਇਹ ਪੱਛਮ ਵੱਲੋਂ ਅਟਲਾਂਟਿਕ ਮਹਾਂਸਾਗਰ, ਉੱਤਰ ਵੱਲੋਂ ਐਟਲਸ ਪਹਾੜੀਆਂ, ਪੂਰਵ ਵੱਲੋਂ ਲਾਲ ਸਮੁੰਦਰ ਅਤੇ ਦੱਖਣ ਵੱਲੋਂ ਸਹੇਲ'ਵਰਗੇ ਨੀਮ ਬੰਜਰ ਖੇਤਰ ਨਾਲ ਘਿਰਿਆ ਹੋਇਆ ਹੈ। ਇਹ ਮਾਰੂਥਲ ਅਫ਼ਰੀਕਾ ਦੇ ਵੱਖ-ਵੱਖ ਦੇਸ਼ਾਂ ਜਿਵੇਂ ਅਲਜੀਰੀਆ, ਚਾਡ, ਮਿਸਰ, ਲਿਬੀਆ, ਮਾਲੀ, ਸੂਡਾਨ, ਮਾਓਰੀਟਾਨੀਆ, ਮੋਰੱਕੋ, ਨਾਈਜਰ ਅਤੇ ਟਿਊਨੀਸ਼ੀਆ ਵਿੱਚੋਂ ਹੋ ਕੇ ਲੰਘਦਾ ਹੈ। ਇਨ੍ਹਾਂ ਦੇਸ਼ਾਂ ਦੇ ਜਿਸ ਭਾਗ ਵਿੱਚੋਂ ਸਹਾਰਾ ਰੇਗਿਸਤਾਨ ਲੰਘਦਾ ਹੈ ਉਨ੍ਹਾਂ ਵਿੱਚੋਂ ਕਈਆਂ ਥਾਵਾਂ 'ਤੇ ਤਾਂ ਕਈ-ਕਈ ਸਾਲ ਮੀਂਹ ਵੇਖਣ ਨੂੰ ਵੀ ਨਹੀਂ ਮਿਲਦਾ।ਜ਼ਿਕਰਯੋਗ ਹੈ ਕਿ ਸਹਾਰਾ ਮਾਰੂਥਲ ਦਾ ਕੇਂਦਰੀ ਭਾਗ, ਜਿਸ ਵਿੱਚ ਲਿਬੀਆ, ਨੂਬੀਆ, ਟਨੇਰੇ ਅਤੇ ਪੂਰਬੀ ਰੇਗਿਸਤਾਨ ਦੇ ਕੁਝ ਹਿੱਸੇ ਆਉਂਦੇ ਹਨ, ਅਜਿਹਾ ਇਲਾਕਾ ਹੈ ਜਿਸ ਵਿੱਚ ਲਗਾਤਾਰ ਕਈ-ਕਈ ਸਾਲ ਵਰਖਾ ਨਹੀਂ ਹੁੰਦੀ। ਸਹਾਰਾ ਰੇਗਿਸਤਾਨ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਤਾਪਮਾਨ 47 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ ਜਦੋਂਕਿ ਸੂਡਾਨ ਦੇਸ਼ ਦੇ ਪੋਰਟ ਸੁਡਾਨ ਸ਼ਹਿਰ ਵਿੱਚ ਜ਼ਮੀਨੀ ਰੇਤ ਦਾ ਤਾਪਮਾਨ 83 ਡਿਗਰੀ ਸੈਲਸੀਅਸ ਤੱਕ ਵੀ ਰਿਕਾਰਡ ਕੀਤਾ ਜਾ ਚੁੱਕਾ ਹੈ। ਇਹ ਦੁਨੀਆ ਦੇ ਹਰੇ-ਭਰੇ ਅਤੇ ਵਿਕਸਿਤ ਇਲਾਕਿਆਂ ਵਿੱਚ ਵੱਸਦੇ ਲੋਕਾਂ ਲਈ ਵੀ ਖ਼ਤਰੇ ਦੀ ਘੰਟੀ ਹੈ ਕਿ ਜੇਕਰ ਅਸੀਂ ਪਾਣੀ ਅਤੇ ਦੂਜੇ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਸੁਚੱਜੇ ਢੰਗ ਨਾਲ ਨਾ ਕੀਤੀ ਤਾਂ ਸਾਨੂੰ ਵੀ ਇੱਕ ਦਿਨ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਹਾਰਾ ਮਾਰੂਥਲ ਦੀ ਜ਼ਿਆਦਾਤਰ ਜ਼ਮੀਨ ਵਿੱਚ ਰੇਤ ਦੇ ਟਿੱਬੇ, ਪਥਰੀਲੇ ਮੈਦਾਨ, ਚਟਾਨਾਂ ਨਾਲ ਭਰਪੂਰ ਪਠਾਰ ਅਤੇ ਰੇਤ ਦੀਆਂ ਪਰਤਾਂ ਵਾਲੇ ਵੱਡੇ-ਵੱਡੇ ਖੇਤਰ ਹਨ। ਕਿਤੇ-ਕਿਤੇ ਕੁਦਰਤੀ ਚਸ਼ਮੇ ਵੀ ਮਿਲਦੇ ਹਨ, ਪਰ ਉਹ ਸਾਰਾ ਸਾਲ ਸੁੱਕੇ ਹੀ ਰਹਿੰਦੇ ਹਨ ਅਤੇ ਪੂਰੇ ਸਾਲ ਵਿੱਚ ਕਦੇ ਕਦਾਈਂ ਮੀਂਹ ਪੈਣ ਨਾਲ ਹੀ ਉਨ੍ਹਾਂ ਵਿੱਚ ਪਾਣੀ ਦਿਸਦਾ ਹੈ। ਅਫ਼ਰੀਕਾ ਦੇ ਅਲਜੀਰੀਆ ਅਤੇ ਟਿਊਨੀਸ਼ੀਆ ਦੇਸ਼ਾਂ ਵਿੱਚ ਚੂਨੇ ਦੇ ਪੱਥਰ ਅਤੇ ਲਿਬੀਆ ਵਿੱਚ ਬਲੌਰੀ ਪੱਥਰਾਂ ਦੇ ਬੇਸ਼ੁਮਾਰ ਸ੍ਰੋਤ ਹਨ। ਰੇਗਿਸਤਾਨ ਦੇ ਤਕਰੀਬਨ ਇੱਕ ਚੌਥਾਈ ਹਿੱਸੇ ਵਿੱਚ ਰੇਤ ਦੇ ਮੈਦਾਨ ਅਤੇ ਟਿੱਬੇ ਹੀ ਮੌਜੂਦ ਹਨ। ਇੱਥੋਂ ਦੀ ਭੂਗੋਲਿਕ ਰਚਨਾ ਨੂੰ ਬਿਆਨ ਕਰਦੀਆਂ ਟੁੱਟੀਆਂ-ਫੁੱਟੀਆਂ ਪਹਾੜੀਆਂ ਜਿਵੇਂ ਹਵਾਈ ਪਹਾੜੀ, ਸਹਾਰਾ ਐਟਲਸ, ਰੈੱਡ ਸੀ ਹਿਲ, ਟਿਬੈਸਟੀ ਪਹਾੜੀ ਅਤੇ ਅਹਾਗਰ ਪਹਾੜੀਆਂ ਮੌਜੂਦ ਹਨ। ਉੱਤਰੀ ਚਾਡ ਦੀ ਤਿਬੈੱਸਟੀ ਲੜੀ ਵਿੱਚ ਐੱਮੀ ਕੌਸੀ ਪਹਾੜੀ ਸਹਾਰਾ ਦੀ ਸਭ ਤੋਂ ਉੱਚੀ ਪਹਾੜੀ ਹੈ। ਸੰਸਾਰ ਦੀ ਮਹਾਂ ਵਿਰਾਨੀ ਵਾਲੀ ਜਗ੍ਹਾ ਸਹਾਰਾ ਦੀ ਜੈਵਿਕ ਅਤੇ ਭੂਗੋਲਿਕ ਅਵਸਥਾਵਾਂ ਦੇ ਆਧਾਰ 'ਤੇ ਇਸ ਵਿੱਚ ਮਿਲਣ ਵਾਲੇ ਪੌਦਿਆਂ ਅਤੇ ਜੰਤੂਆਂ ਦੀਆਂ ਪ੍ਰਜਾਤੀਆਂ ਵਿੱਚ ਵੀ ਬੇਸ਼ੁਮਾਰ ਵਿਭਿੰਨਤਾ ਪਾਈ ਜਾਂਦੀ ਹੈ। ਕੇਂਦਰੀ ਸਹਾਰਾ ਦੇ ਮਹਾਂ ਸੋਕੇ ਵਾਲੇ ਹਾਲਾਤ ਵਿੱਚ ਘੱਟ ਪਾਣੀ ਦੀ ਲੋੜ ਵਾਲੇ ਪੌਦੇ ਜਿਵੇਂ ਅਕੇਸ਼ੀਆ, ਕੰਡਿਆਲੀਆਂ ਝਾੜੀਆਂ, ਤਾੜ, ਘਾਹ ਅਤੇ ਗੁੱਦੇਦਾਰ ਪੱਤਿਆਂ ਵਾਲੇ ਰੁੱਖ ਵਿਰਲੇ-ਵਿਰਲੇ ਮਿਲਦੇ ਹਨ ਜੋ ਆਪਣੇ-ਆਪ ਨੂੰ ਪਾਣੀ ਦੀ ਕਮੀ ਮੁਤਾਬਿਕ ਢਾਲਣਯੋਗ ਹੁੰਦੇ ਹਨ। ਸਹਾਰਾ ਰੇਗਿਸਤਾਨ ਵਿੱਚ ਮਿਲਦੇ ਜੀਵਾਂ ਵਿੱਚ ਸਹੇ, ਤਿੱਤਰ, ਡੱਡੂ, ਕਿਰਲੀਆਂ, ਗਿੱਦੜ, ਖਰਗੋਸ਼, ਲੱਕੜਬੱਗੇ, ਨਿਓਲੇ, ਸ਼ੁਤਰਮੁਰਗ ਅਤੇ ਰੀਂਗਣ ਵਾਲੇ ਜੀਵ ਆਦਿ ਸ਼ਾਮਲ ਹਨ।

ਸਹਾਰਾ ਰੇਗਿਸਤਾਨ ਵਿੱਚ ਮਨੁੱਖੀ ਜੀਵਨ ਸ਼ੈਲੀ: ਅਫ਼ਰੀਕਾ ਮਹਾਂਦੀਪ ਦੇ ਤਕਰੀਬਨ ਇੱਕ ਤਿਹਾਈ ਹਿੱਸੇ ਵਿੱਚ ਫੈਲੇ ਸਹਾਰਾ ਮਾਰੂਥਲ ਵਿੱਚ ਪ੍ਰਤੀਕੂਲ ਜਲਵਾਯੂ ਅਤੇ ਪਾਣੀ ਦੀ ਔੜ ਕਰਕੇ ਇਸ ਵਿਸ਼ਾਲ ਖੁਸ਼ਕ ਇਲਾਕੇ ਵਿੱਚ ਮਹਿਜ਼ 25 ਲੱਖ ਦੇ ਕਰੀਬ ਹੀ ਮਨੁੱਖੀ ਆਬਾਦੀ ਰਹਿੰਦੀ ਹੈ।ਹਾਲਾਤ ਇੰਨੇ ਖ਼ਰਾਬ ਅਤੇ ਚੁਣੌਤੀ ਭਰਪੂਰ ਹੁੰਦੇ ਹਨ ਕਿ ਦੂਰ-ਦੂਰ ਤੱਕ ਵੀ ਕੋਈ ਵਿਰਲਾ-ਟਾਵਾਂ ਹੀ ਮਨੁੱਖ ਨਜ਼ਰ ਆਉਂਦਾ ਹੈ। ਜੋ ਲੋਕ ਮਾਰੂਥਲ ਵਿੱਚ ਰਹਿੰਦੇ ਵੀ ਹਨ ਉਹ ਜ਼ਿਆਦਾਤਰ ਟੱਪਰੀਵਾਸਾਂ ਵਾਲਾ ਜੀਵਨ ਬਤੀਤ ਕਰਦੇ ਹਨ ਜੋ ਭੋਜਨ, ਪਾਣੀ ਅਤੇ ਅਨੁਕੂਲ ਵਾਤਾਵਰਨ ਦੀ ਭਾਲ ਵਿੱਚ ਆਪਣਾ ਟਿਕਾਣਾ ਬਦਲਦੇ ਰਹਿੰਦੇ ਹਨ। ਉਹ ਬੱਕਰੀਆਂ, ਭੇਡਾਂ ਅਤੇ ਊਠ ਆਦਿ ਪਾਲ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇੱਥੋਂ ਦੇ ਪ੍ਰਮੁੱਖ ਆਜੜੀਆਂ ਦੀਆਂ ਪ੍ਰਜਾਤੀਆਂ ਹਨ: ਉੱਤਰ ਪੱਛਮੀ ਰੇਗਿਸਤਾਨ ਦੇ ਰੇਜੀਬਾਟ ਚਰਵਾਹੇ, ਉੱਤਰੀ ਅਲਜੀਰੀਆ ਦੇ ਚਾਂਬਾ ਅਤੇ ਟਾਓਰੇਗ ਚਰਵਾਹੇ ਆਦਿ। ਟਾਓਰੇਗ ਆਜੜੀ ਅਲਜੀਰੀਆ, ਲਿਬੀਆ ਅਤੇ ਮਾਲੀ ਦੇ ਰੇਗਿਸਤਾਨੀ ਇਲਾਕਿਆਂ ਦੀ ਇੱਕ ਪ੍ਰਮੁੱਖ ਪ੍ਰਜਾਤੀ ਹੈ।ਇਨ੍ਹਾਂ ਪ੍ਰਜਾਤੀਆਂ ਵਿੱਚੋਂ ਜ਼ਿਆਦਾਤਰ ਲੋਕ ਅਰਬੀ ਜ਼ੁਬਾਨ ਬੋਲਦੇ ਹਨ। ਇਨ੍ਹਾਂ ਤੋਂ ਇਲਾਵਾ ਟੇਡਾ ਅਤੇ ਟੀਬੈਸਟੀ ਸ਼੍ਰੇਣੀ ਦੇ ਟੱਪਰੀਵਾਸ ਵੀ ਹਨ ਜੋ ਊਠ ਪਾਲ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਸਹਾਰਾ ਰੇਗਿਸਤਾਨ ਦੇ ਕੁਝ ਦਿਲਚਸਪ ਤੱਥ ਵੀ ਜਾਣਨ ਦੀ ਲੋੜ ਹੈ ਜਿਵੇਂ ਕਿ ਸਹਾਰਾ ਰੇਗਿਸਤਾਨ ਵਿੱਚ 20 ਦੇ ਕਰੀਬ ਝੀਲਾਂ ਮੌਜੂਦ ਹਨ ਜੋ ਕਿ ਜ਼ਿਆਦਾਤਰ ਖਾਰੇ ਪਾਣੀ ਵਾਲੀਆਂ ਹੀ ਹਨ। ਇਕੱਲੀ ਚਾਡ ਝੀਲ ਹੀ ਤਾਜ਼ੇ ਪਾਣੀ ਵਾਲੀ ਝੀਲ ਹੈ। ਸਹਾਰਾ ਦੀ ਸਭ ਤੋਂ ਉੱਚੀ ਚੋਟੀ ਐੱਮੀ ਕੌਸੀ ਹੈ ਜਿਸ ਦੀ ਉਚਾਈ 3415 ਮੀਟਰ ਹੈ। ਮਿਸਰ ਦਾ ਕਤਾਰਾ ਟੋਭਾ ਸਹਾਰਾ ਰੇਗਿਸਤਾਨ ਦੀ ਸਭ ਤੋਂ ਡੂੰਘੀ ਥਾਂ ਹੈ ਜਿਸ ਦੀ ਡੂੰਘਾਈ ਸਮੁੰਦਰੀ ਤਲ ਤੋਂ 436 ਫੁੱਟ ਥੱਲੇ ਹੈ। ਤੇਜ਼ ਹਵਾਵਾਂ ਨਾਲ ਉੱਡਦੀ ਸਹਾਰਾ ਮਾਰੂਥਲ ਦੀ ਰੇਤ ਵੰਨ-ਸੁਵੰਨੀਆਂ ਆਵਾਜ਼ਾਂ ਕੱਢਦੀ ਹੈ। ਸਹਾਰਾ ਵਿੱਚ ਰੇਤ ਦੇ ਟਿੱਬਿਆਂ ਦੀ ਉਚਾਈ 183 ਮੀਟਰ ਤੱਕ ਹੋ ਸਕਦੀ ਹੈ।

ਅਜੋਕੇ ਮਨੁੱਖ ਨੂੰ ਸਹਾਰਾ ਮਾਰੂਥਲ ਤੋਂ ਸਬਕ ਲੈਣ ਦੀ ਲੋੜ ਹੈ। ਸਹਾਰਾ ਮਾਰੂਥਲ ਅਜੋਕੇ ਵਿਕਸਿਤ ਮਨੁੱਖ ਲਈ ਖ਼ਤਰੇ ਦੀ ਘੰਟੀ ਹੈ। ਵਿਗਿਆਨਕ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਹਾਰਾ ਮਾਰੂਥਲ ਵੀ ਕਿਸੇ ਸਮੇਂ ਜੰਗਲਾਂ ਨਾਲ ਹਰਿਆ ਭਰਿਆ ਖੇਤਰ ਹੁੰਦਾ ਸੀ। ਇੱਥੇ ਵੱਡੀਆਂ-ਵੱਡੀਆਂ ਝੀਲਾਂ, ਚਸ਼ਮੇ ਅਤੇ ਪਾਣੀ ਦੇ ਹੋਰ ਸੋਮੇ ਮੌਜੂਦ ਹੋਇਆ ਕਰਦੇ ਸਨ ਅਤੇ ਜਿਰਾਫ਼ ਤੇ ਹਿੱਪੋ ਵਰਗੇ ਜੰਤੂਆਂ ਤੋਂ ਇਲਾਵਾ ਇਸ ਇਲਾਕੇ ਵਿੱਚ ਅਨੇਕਾਂ ਕਿਸਮ ਦੇ ਪੌਦਿਆਂ ਅਤੇ ਪ੍ਰਾਣੀਆਂ ਦੀਆਂ ਪ੍ਰਜਾਤੀਆਂ ਨਿਵਾਸ ਕਰਦੀਆਂ ਸਨ। ਜੈਵਿਕ ਵਿਭਿੰਨਤਾ ਨਾਲ ਭਰਪੂਰ ਇਸ ਖਿੱਤੇ ਵਿੱਚ ਮਨੁੱਖੀ ਵੱਸੋਂ ਦੀ ਵੀ ਸੰਘਣੀ ਆਬਾਦੀ ਹੋਇਆ ਕਰਦੀ ਸੀ। ਇਸ ਖੇਤਰ ਦਾ ਮਾਰੂਥਲ ਵਿੱਚ ਤਬਦੀਲ ਹੋ ਜਾਣਾ ਸੰਕੇਤ ਕਰਦਾ ਹੈ ਕਿ ਮਨੁੱਖ ਨੂੰ ਧਰਤੀ, ਪਾਣੀ ਅਤੇ ਰੁੱਖਾਂ ਸਮੇਤ ਸਾਰੇ ਹੀ ਕੁਦਰਤੀ ਸ੍ਰੋਤਾਂ ਦੀ ਮਹੱਤਤਾ ਨੂੰ ਸਮਝਦਿਆਂ ਇਨ੍ਹਾਂ ਦੀ ਤਰਕਸੰਗਤ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੀ ਦੁਰਵਰਤੋਂ ਨੂੰ ਹਰ ਹਾਲਤ ਵਿੱਚ ਰੋਕਣਾ ਚਾਹੀਦਾ ਹੈ।ਏਸ਼ੀਆ ਮਹਾਂਦੀਪ ਅਤੇ ਖ਼ਾਸ ਕਰਕੇ ਭਾਰਤੀਆਂ, ਜਿਨ੍ਹਾਂ ਵੱਲੋਂ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਵੱਡੇ ਪੱਧਰ 'ਤੇ ਨਿਰੰਤਰ ਕੀਤੀ ਜਾ ਰਹੀ ਹੈ, ਨੂੰ ਆਪਣੇ ਕੁਦਰਤੀ ਸੋਮਿਆਂ ਦੀ ਸੰਭਾਲ ਕਰਨੀ ਚਾਹੀਦੀ ਹੈ। ਰੁੱਖਾਂ ਦੀ ਵੱਧ ਕਟਾਈ, ਵਧਦਾ ਪ੍ਰਦੂਸ਼ਣ ਅਤੇ ਪਾਣੀ ਦੀ ਨਜਾਇਜ਼ ਵਰਤੋਂ ਇਸ ਖਿੱਤੇ ਨੂੰ ਰੇਗਿਸਤਾਨ ਵਰਗਾ ਬਣਾਉਣ ਵੱਲ ਤੇਜ਼ੀ ਨਾਲ ਕਦਮ ਵਧਾ ਰਹੀ ਹੈ।ਇੱਥੇ ਇੱਕ ਤਾਜ਼ਾ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਗਿਆ ਹੈ। ਭਾਰਤ ਦੇ ਦੋ ਸ਼ਹਿਰਾਂ ਬੰਗਲੁਰੂ ਅਤੇ ਹੈਦਰਾਬਾਦ 'ਚ ਲੋਕਾਂ ਨੂੰ ਪਾਣੀ ਦੀ ਗੰਭੀਰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਇੱਕ-ਇੱਕ ਬਾਲਟੀ ਪਾਣੀ ਲਈ ਲੰਮਾ-ਲੰਮਾ ਸਮਾਂ ਲਾਈਨਾਂ ਵਿੱਚ ਆਪਣੀ ਵਾਰੀ ਦੀ ਉਡੀਕ ਕਰਦੇ ਵੇਖੇ ਗਏ ਹਨ। ਅਜਿਹੇ ਹਾਲਾਤ ਹੋਰ ਸ਼ਹਿਰਾਂ 'ਚ ਵੀ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਇਹ ਸਥਿਤੀ ਗਰਮੀ ਸ਼ੁਰੂ ਹੁੰਦਿਆਂ ਪੈਦਾ ਹੋ ਗਈ ਸੀ।

ਜੇਕਰ ਇਹੀ ਹਾਲਾਤ ਰਹੇ ਤਾਂ ਲੋਕਾਂ ਨੂੰ ਆਪਣਾ ਜੀਵਨ ਗੁਜ਼ਾਰਨਾ ਵੀ ਮੁਸ਼ਕਲ ਹੋ ਜਾਏਗਾ। ਇਸ ਲਈ ਅੱਜ ਲੋੜ ਹੈ ਕਿ ਅਸੀਂ ਆਪਣੇ ਮੁਲਕ, ਆਪਣੇ ਖਿੱਤੇ ਨੂੰ ਰੇਗਿਸਤਾਨ ਬਣਨ ਤੋਂ ਰੋਕਣ ਲਈ ਜਾਗਰੂਕ ਹੋ ਕੇ ਇਕਮੁੱਠ ਹੋ ਕੇ ਹੰਭਲਾ ਮਾਰੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੇਗਿਸਤਾਨੀ ਇਲਾਕਾ ਦੇਣ ਦੀ ਥਾਂ ਹਰਿਆਵਲ ਅਤੇ ਪਾਣੀ ਦੇ ਸ੍ਰੋਤਾਂ ਦੀ ਸੌਗਾਤ ਦੇ ਕੇ ਜਾਈਏ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਐਸੀ ਕਰਨੀ ਕਰ ਚਲੇ...

**ਵਲੋਂ : ਜੂਲੀਓ ਰਿਬੇਰੋ**

ਟਾਟਾ ਸੰਨਜ਼ ਦੇ ਸਾਬਕਾ ਚੇਅਰਮੈਨ ਤੇ ਟਾਟਿਆਂ ਦੀ ਵਿਰਾਸਤ ਦੇ ਕਰਨਧਾਰ ਰਤਨ ਟਾਟਾ ਚਲੇ ਗਏ ਹਨ ਅਤੇ ਇੰਝ ਮੇਰੇ ਸ਼ਹਿਰ ਮੁੰਬਈ ਨੇ ਨਾ ਕੇਵਲ ਵੱਡਾ ਆਗੂ ਗੁਆ ਲਿਆ ਹੈ ਸਗੋਂ ਇਸ ਤੋਂ ਵੀ ਵਧ ਕੇ ਅਜਿਹਾ ਇਨਸਾਨ ਗੁਆ ਲਿਆ ਹੈ ਜਿਸ ਨੇ ਆਪਣੀ ਧਨ ਦੌਲਤ ਜਾਂ ਆਪਣੀਆਂ ਪ੍ਰਾਪਤੀਆਂ ਦੀ ਕਦੇ ਕੋਈ ਨੁਮਾਇਸ਼ ਨਹੀਂ ਕੀਤੀ ਸਗੋਂ ਉਹ ਉਨ੍ਹਾਂ ਕਦਰਾਂ ਕੀਮਤਾਂ ਨੂੰ ਪ੍ਰਣਾਏ ਰਹੇ ਜਿਨ੍ਹਾਂ ਲਈ ਉਭਰਦੇ ਹੋਏ ਭਾਰਤ ਨੂੰ ਤਾਂਘ ਹੋਣੀ ਚਾਹੀਦੀ ਹੈ।

ਸਵਿਟਜ਼ਰਲੈਂਡ ਦੇ ਜ਼ਿਊਰਿਖ ਸ਼ਹਿਰ ਵਿਚ ਸੇਂਟ ਗੈਲਨ ਯੂਨੀਵਰਸਿਟੀ ਮੌਜੂਦ ਹੈ। ਹਰ ਸਾਲ ਯੂਨੀਵਰਸਿਟੀ ਦੇ ਵਿਦਿਆਰਥੀ ਸਵਿਟਜ਼ਰਲੈਂਡ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਦੇ ਚੋਣਵੇਂ ਵਿਦਿਆਰਥੀਆਂ ਲਈ ਗੋਸ਼ਠੀ ਰਚਾਉਂਦੇ ਹਨ। ਇਸ ਵਿਚ ਹਿੱਸਾ ਲੈਣ ਦੇ ਚਾਹਵਾਨਾਂ ਨੂੰ ਲੇਖ ਲਿਖਣ ਲਈ ਭੇਜਿਆ ਜਾਂਦਾ ਹੈ ਜਿਸ ਦੇ ਆਧਾਰ ’ਤੇ ਹੀ ਉਨ੍ਹਾਂ ਦੀ ਚੋਣ ਕੀਤੀ ਜਾਂਦੀ ਹੈ। ਜੇਤੂਆਂ ਨੂੰ ਕੈਂਪਸ ਆ ਕੇ ਕਾਰੋਬਾਰ ਤੋਂ ਲੈ ਕੇ ਰਾਜਨੀਤੀ ਅਤੇ ਸਮਾਜਿਕ ਰਸਮਾਂ ਤੇ ਤੌਰ ਤਰੀਕਿਆਂ ਸਣੇ ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਵਿਚਾਰ ਦੁਨੀਆ ਭਰ ਦੇ ਹੋਰਨਾਂ ਵਿਦਿਆਰਥੀਆਂ ਨਾਲ ਸਾਂਝੇ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਉੱਥੇ ਪੁੱਜੇ ਕੁਝ ਭਾਰਤੀ ਵਿਦਿਆਰਥੀਆਂ ਨੇ ਰਤਨ ਟਾਟਾ (ਜਿਨ੍ਹਾਂ ਤੋਂ ਇਲਾਵਾ ਵਕਤਿਆਂ ਵਿਚ ਪੀ ਚਿਦੰਬਰਮ ਅਤੇ ਮੈਂ ਵੀ ਸ਼ਾਮਲ ਸਾਂ) ਤੋਂ ਪੁੱਛਿਆ ਕਿ ਨਵੀਂ ਤਰਜ਼ ਦੀ ਮੁਕਾਬਲੇਬਾਜ਼ੀ ਜਿਸ ਵਿਚ ਅੰਬਾਨੀਆਂ ਦੀ ਆਮਦ ਨਾਲ ਬੇਤਹਾਸ਼ਾ ਵਾਧਾ ਹੋ ਗਿਆ ਹੈ ਤਾਂ ਇਸ ਮਾਹੌਲ ਵਿਚ ਟਾਟਾ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਆਸਰੇ ਕਿਵੇਂ ਬਚੇ ਰਹਿ ਗਏ? ਟਾਟਾ ਦਾ ਜਵਾਬ ਅੱਜ ਵੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ: “ਮੇਜ਼ ’ਤੇ ਸਾਡੇ (ਟਾਟਿਆਂ) ਲਈ ਵੀ ਜਗ੍ਹਾ ਬਣੀ ਹੋਈ ਹੈ। ਅਸੀਂ ਆਪਣੇ ਨੇਮਾਂ ਮੁਤਾਬਕ ਆਪਣਾ ਕਾਰਜ ਨਿਭਾਉਂਦੇ ਰਹਾਂਗੇ। ਅਸੀਂ ਸਾਡੇ ਸ਼ਰੀਕਾਂ ਵਲੋਂ ਅਪਣਾਏ ਜਾਂਦੇ ਤੌਰ ਤਰੀਕਿਆਂ ਬਾਰੇ ਕੁਝ ਨਹੀਂ ਕਹਾਂਗੇ, ਸਿਰਫ਼ ਇਸ ਗੱਲ ਨੂੰ ਛੱਡ ਕੇ ਕਿ ਅਸੀਂ ਅਜਿਹੀ ਕੋਈ ਰੀਤ ਜਾਂ ਤੌਰ ਤਰੀਕਾ ਅਪਣਾਉਣ ਦਾ ਯਤਨ ਨਹੀਂ ਕਰਾਂਗੇ ਜੋ ਸਾਡੀ ਫਿਲਾਸਫੀ ਨਾਲ ਮੇਲ ਨਾ ਖਾਂਦਾ ਹੋਵੇ।”

ਦੇਸ਼ ਦੇ ਅੰਦਰ ਕਿਸੇ ਹੋਰ ਮੌਕੇ ’ਤੇ ਜਦੋਂ ਮੈਨੂੰ ਉੱਥੇ ਜਾਣ ਦਾ ਮੌਕਾ ਨਹੀਂ ਮਿਲਿਆ ਸੀ ਤਾਂ ਮੈਨੂੰ ਪਤਾ ਲੱਗਿਆ ਸੀ ਕਿ ਉੱਥੇ ਵੀ ਰਤਨ ਟਾਟਾ ਤੋਂ ਇਹੀ ਸੁਆਲ ਪੁੱਛਿਆ ਗਿਆ ਸੀ। ਉਦੋਂ ਉਨ੍ਹਾਂ ਹੋਰ ਜ਼ਿਆਦਾ ਪੁਖ਼ਤਗੀ ਨਾਲ ਜਵਾਬ ਦਿੰਦਿਆਂ ਆਖਿਆ ਸੀ ਕਿ ਟਾਟੇ ‘ਸਨਅਤਕਾਰ’ ਹਨ ਨਾ ਕਿ ‘ਕਾਰੋਬਾਰੀ’। ਮੇਰਾ ਖਿਆਲ ਹੈ ਕਿ ਇਸ ਸਤਰ ਨਾਲ ਹੀ ਸਾਰੀ ਗੱਲ ਬਿਆਨ ਹੋ ਜਾਂਦੀ ਹੈ।

ਰਤਨ ਟਾਟਾ ਅਤੇ ਗਰੁੱਪ ਦੇ ਬਾਨੀ ਤੇ ਉਨ੍ਹਾਂ ਦੇ ਪਾਲਣਹਾਰ ਜੇਆਰਡੀ ਟਾਟਾ ਦੋਵਾਂ ਨੇ ਕਦੇ ਵੀ ਆਪਣੀ ਦੌਲਤ ਦਾ ਦਿਖਾਵਾ ਨਹੀਂ ਕੀਤਾ ਸੀ। ਉਨ੍ਹਾਂ ਦੀਆਂ ਕੰਪਨੀਆਂ ਵਲੋਂ ਕਮਾਇਆ ਜਾਂਦਾ ਧਨ ਨਾ ਕੇਵਲ ਸ਼ੇਅਰਧਾਰਕਾਂ ਵਿਚ ਵੰਡਿਆ ਜਾਂਦਾ ਸੀ ਸਗੋਂ ਲੋੜਵੰਦਾਂ ਲਈ ਅਤੇ ਟਾਟਾ ਕੰਪਨੀਆਂ ਰਾਹੀਂ ਚਲਾਏ ਜਾਂਦੇ ਬਹੁਤ ਸਾਰੇ ਖੈਰਾਇਤੀ ਚੈਨਲਾਂ ਰਾਹੀਂ ਖਰਚ ਕੀਤਾ ਜਾਂਦਾ ਸੀ। ਹਾਲ ਹੀ ਵਿਚ ਦੋ ਟਾਟਾ ਟਰੱਸਟਾਂ ਜਿਨ੍ਹਾਂ ਦੀ ਇਸ ਸਨਅਤੀ ਸਮੂਹ ਵਿਚ 65 ਫ਼ੀਸਦ ਹਿੱਸੇਦਾਰੀ ਬਣਦੀ ਹੈ, ਨੇ ਆਪਣੇ ਅਜਿਹੇ ਸੈੱਲ ਕਾਇਮ ਕੀਤੇ ਹਨ ਜੋ ਉਹ ਕਾਰਜ ਅੰਜਾਮ ਦਿੰਦੇ ਹਨ ਜੋ ਅਮੂਮਨ ਗ਼ੈਰ-ਸਰਕਾਰੀ ਸੰਸਥਾਵਾਂ (ਐੱਨਜੀਓਜ਼) ਵਲੋਂ ਨਿਭਾਏ ਜਾਂਦੇ ਸਨ ਜਿਨ੍ਹਾਂ ਨੂੰ ਟਾਟਾ ਟਰੱਸਟਾਂ ਵਲੋਂ ਚੰਦੇ ਦਿੱਤੇ ਜਾਂਦੇ ਸਨ।

ਮੈਨੂੰ ਰਤਨ ਟਾਟਾ ਨੂੰ ਉਦੋਂ ਨੇੜਿਓਂ ਜਾਣਨ ਦਾ ਮੌਕਾ ਮਿਲਿਆ ਜਦੋਂ ਇਕ ਰੋਡਸ ਸਕਾਲਰ ਅਤੇ ਮੇਰੇ ਆਈਪੀਐੱਸ ਬੈਚਮੇਟ ਆਰ ਗੋਵਿੰਦਰਾਜਨ ਦੇ ਪੁੱਤਰ ਮੁਕੰਦ ਰਾਜਨ ਟਾਟਾ ਸੰਨਜ਼ ਦੇ ਚੇਅਰਮੈਨ ਦੇ ਪ੍ਰਮੁੱਖ ਸਹਾਇਕ ਵਜੋਂ ਸੇਵਾਵਾਂ ਨਿਭਾ ਰਹੇ ਸਨ। ਇਹ ਮੌਕਾ ਉਦੋਂ ਬਣਿਆ ਜਦੋਂ ਰਤਨ ਦੇ ਭਰੋਸੇਮੰਦ ਅਤੇ ਟਾਟਾ ਸਮੂਹ ਦੀ ਕੰਪਨੀ ਦੇ ਪ੍ਰਬੰਧਕੀ ਨਿਰਦੇਸ਼ਕ ਦੇ ਅਨੈਤਿਕ ਆਚਰਣ ਬਾਰੇ ਜਾਂਚ ਕੀਤੀ ਜਾ ਰਹੀ ਸੀ। ਜਾਂਚ ਲਈ ਕੰਪਿਊਟਰ ਤਕਨਾਲੋਜੀ ਜਗਤ ਦੇ ਮਾਹਿਰ ਨੂੰ ਬੁਲਾਇਆ ਗਿਆ ਤਾਂ ਕਿ ਮਿਟਾਏ ਗਏ ਡੇਟਾ ਨੂੰ ਮੁੜ ਗ੍ਰਹਿਣ ਕੀਤਾ ਜਾ ਸਕੇ।

ਕੁਝ ਸਾਬਕਾ ਅੰਗਰੇਜ਼ ਪੁਲੀਸ ਅਫਸਰ ਸਨ ਜਿਨ੍ਹਾਂ ਨੇ ਹਾਂਗਕਾਂਗ ’ਚ ਕੰਮ ਕੀਤਾ ਸੀ ਜਿਹੜੇ ਇਸ ਕੰਮ ਵਿਚ ਲੱਗੇ ਹੋਏ ਸਨ ਅਤੇ ਜਿਨ੍ਹਾਂ ਨੂੰ ਮੈਂ ਭਾਰਤੀ ਸੰਗੀਤ ਉਦਯੋਗ ਦੇ ‘ਕਾਪੀਰਾਈਟ ਪ੍ਰੋਟੈਕਸ਼ਨ’ ਸੈੱਲ ਵਿਚ ਆਪਣੇ ਕਾਰਜਕਾਲ ਦੌਰਾਨ ਮਿਲਿਆ ਸੀ। ਉਨ੍ਹਾਂ ਨੂੰ ਮੈਂ ਰਤਨ ਨਾਲ ਮਿਲਾਇਆ।

ਚੇਅਰਮੈਨ ਦੇ ਨੱਕ ਹੇਠਾਂ ਹੋਏ ਅਪਰਾਧ ਪ੍ਰਤੀ ਉਸ ਦੀ ਸੁਭਾਵਿਕ ਪ੍ਰਤੀਕਿਰਿਆ ਨੇ ਨਿਆਂ ਲਈ ਮੇਰੀ ਉਤਸੁਕਤਾ ਵਿਚ ਵੀ ਵਾਧਾ ਕੀਤਾ। ਕੀ ਐਡੇ ਵੱਡੇ ਉਦਯੋਗਿਕ ਘਰਾਣੇ ਦਾ ਮੁਖੀ ਵੀ ਇਸ ਤਰ੍ਹਾਂ ਦੀ ਵਚਨਬੱਧਤਾ ਤੇ ਤਾਕਤ ਨਾਲ ਮਾੜੇ ਕੰਮ ਦੀ ਛਾਣਬੀਣ ਮਗਰ ਪੈ ਸਕਦਾ ਹੈ? ਇਸ ਗੱਲ ਨੇ ਮੇਰੇ ਫਿੱਕੇ ਪੈ ਰਹੇ ਵਿਸ਼ਵਾਸ ਨੂੰ ਮੁੜ ਪੱਕਾ ਕੀਤਾ ਕਿ ਆਗੂ ਦੀ ਚੋਣ ਹਮੇਸ਼ਾ ਸਹੀ ਰਾਹਾਂ ’ਤੇ ਆਧਾਰਿਤ ਹੋਣੀ ਚਾਹੀਦੀ ਹੈ।

ਆਈਏਐੱਸ ਤੇ ਆਈਪੀਐੱਸ ਵਿਚ ਅਜੇ ਵੀ ਕੁਝ ਅਜਿਹੇ ਅਧਿਕਾਰੀ ਹਨ ਜੋ ਈਮਾਨ ਡੋਲਣ ਨਹੀਂ ਦਿੰਦੇ। ਉਹ ਨੌਕਰੀ ਕਰਦਿਆਂ ਜਾਂ ਨੌਕਰੀ ਤੋਂ ਬਾਅਦ ਦੇ ਲਾਭਾਂ ਲਈ ਆਪਣੀਆਂ ਜ਼ਮੀਰਾਂ ਨਹੀਂ ਵੇਚਦੇ। ਅਜਿਹੇ ਕਾਰਪੋਰੇਟ ਘਰਾਣੇ ਲੱਭਣੇ ਬਹੁਤ ਮੁਸ਼ਕਿਲ ਹਨ ਜੋ ਸਹੀ ਰਾਹ ’ਤੇ ਚੱਲਣ ਲਈ ਦ੍ਰਿੜ ਹੋਣ। ਵਿਵਾਦ ਵਾਲੀਆਂ ਮੰਗਾਂ ਨਾ ਮੰਨਣ ’ਤੇ ਕਾਰੋਬਾਰ ਖ਼ਤਮ ਹੋਣ ਦਾ ਡਰ ਬਹੁਤਿਆਂ ਨੂੰ ਸਤਾਉਂਦਾ ਰਹਿੰਦਾ ਹੈ। ਇਹ ਜਾਣਨਾ ਸਕੂਨ ਭਰਿਆ ਹੈ ਕਿ ‘ਟਾਟਾ’ ਗਰੁੱਪ ਜਿਹਾ ਤਾਕਤਵਰ ਘਰਾਣਾ ਅਜੇ ਵੀ ਉਸੇ ਤਰ੍ਹਾਂ ਬੁਲੰਦ ਹੈ ਜਦੋਂਕਿ ਉਨ੍ਹਾਂ ਦੇ ਆਲੇ-ਦੁਆਲੇ ਕਈ ਘਰਾਣੇ ਤਾਸ਼ ਦੇ ਪੱਤਿਆਂ ਵਾਂਗ ਢੇਰੀ ਹੋ ਚੁੱਕੇ ਹਨ।

ਸੱਤਾ ਵਿਚ ਬੈਠੀਆਂ ਧਿਰਾਂ ਸ਼ਾਇਦ ਉਨ੍ਹਾਂ ਕਾਰਪੋਰੇਟਾਂ ਦਾ ਪੱਖ ਪੂਰਨ ਜੋ ਇਨ੍ਹਾਂ ਦੀ ਸ਼ਰਨ ਵਿਚ ਆਉਂਦੇ ਹਨ ਪਰ ਉਹ ‘ਟਾਟਾ’ ਸਮੂਹ ਤੇ ਇਸ ਦੇ ਆਗੂ ਦਾ ਸਤਿਕਾਰ ਕਰਨਾ ਜਾਰੀ ਰੱਖਣਗੇ ਕਿਉਂਕਿ ਵਣਜ-ਵਪਾਰ ਦੇ ਤਿੱਖੇ ਮੁਕਾਬਲੇ ਦੀ ਇਸ ਦੁਨੀਆ ਵਿਚ ਨੈਤਿਕ ਕਦਰਾਂ-ਕੀਮਤਾਂ ਨਾਲ ਕੋਈ ਸਮਝੌਤਾ ਨਾ ਕਰਨਾ ਬਹੁਤ ਔਖਾ ਕਾਰਜ ਹੈ।

ਮੇਰੇ ਦੋਸਤ ਤੇ ਸਹਿਕਰਮੀ ਐੱਸਐੱਮ ਸੁਖਤਾਂਕਰ ਨੂੰ ਰਤਨ ਵੱਲੋਂ ਟਾਟਾ ਇਲੈਕਟੋਰਲ ਟਰੱਸਟ ਦਾ ਚੇਅਰਮੈਨ ਚੁਣਿਆ ਗਿਆ। ਉਸੇ ਸਮੇਂ ਮੈਨੂੰ ਚੇਅਰਮੈਨ ਕੁਮਾਰਮੰਗਲਮ ਵੱਲੋਂ ਬਿਰਲਾ ਇਲੈਕਟੋਰਲ ਟਰੱਸਟ ਦੇ ਮੁਖੀ ਦੀ ਜ਼ਿੰਮੇਵਾਰੀ ਸੌਂਪੀ ਗਈ। ਵਿਵਸਥਾ ਉਦੋਂ ਤੱਕ ਵਧੀਆ ਚੱਲੀ ਜਦੋਂ ਤੱਕ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਇਹ ਯਕੀਨੀ ਬਣਾਉਣ ਲਈ ਇਲੈਕਟੋਰਲ ਬਾਂਡ ਸਕੀਮ ਨਹੀਂ ਲਿਆਂਦੀ ਕਿ ਦਾਨੀਆਂ ਦਾ ਨਾਂ ਗੁਪਤ ਰਹੇਗਾ।

ਮੈਂ ਨਹੀਂ ਜਾਣਦਾ ਕਿ ‘ਟਾਟਾ’ ਸਮੂਹ ਨੇ ਕਿਵੇਂ ਚੋਣ ਫੰਡਿੰਗ ਦੇ ਇਨ੍ਹਾਂ ਨਵੇਂ ਕਾਇਦੇ-ਕਾਨੂੰਨਾਂ ਨਾਲ ਨਜਿੱਠਿਆ। ਮੈਂ ਸਿਰਫ ਐਨਾ ਜਾਣਦਾ ਹਾਂ ਕਿ ਮੈਂ ਚੋਣਾਂ ਦੇ ਸਮੇਂ ਬਿਰਲਾ ਗਰੁੱਪ ਦੇ ਪਾਰਦਰਸ਼ੀ ਤੇ ਜਵਾਬਦੇਹ ਇਲੈਕਟੋਰਲ ਟਰੱਸਟ ਤੋਂ ਅਸਤੀਫਾ ਦੇ ਦਿੱਤਾ ਜਿਸ ਤਹਿਤ ਚੋਣਾਂ ਲਈ ਪੈਸਾ ਦਾਨ ਕੀਤਾ ਜਾਂਦਾ ਸੀ।

ਤੁਹਾਡੀ ਆਤਮਾ ਨੂੰ ਸ਼ਾਂਤੀ ਮਿਲੇ ਮੇਰੇ ਦੋਸਤ। ਤੁਹਾਡੇ ਪਿਤਾ, ਨਵਲ, ਮੇਰੇ ਸਨੇਹੀ ਸਨ। ਤੁਹਾਨੂੰ ਬਿਲਕੁਲ ਨਹੀਂ ਪਤਾ ਹੋਵੇਗਾ। ਜਦ ਮੈਂ ਪੰਜਾਬ ਤੇ ਮਗਰੋਂ ਰੋਮਾਨੀਆ ਵਿਚ ਸੀ, ਉਦੋਂ ਸਮੇਂ-ਸਮੇਂ ਮੈਨੂੰ ਨਵਲ ਵੱਲੋਂ ਨਿੱਜੀ ਚਿੱਠੀ-ਪੱਤਰ ਮਿਲਦੇ ਰਹਿੰਦੇ ਸਨ ਜਿਨ੍ਹਾਂ ’ਚ ਉਹ ਮੇਰਾ ਹਾਲ-ਚਾਲ ਪੁੱਛਦੇ। ਮੈਨੂੰ ਅੱਜ ਤੱਕ ਵੀ ਥਾਹ ਨਹੀਂ ਲੱਗੀ ਕਿ ਨਵਲ ਟਾਟਾ ਮੈਨੂੰ ਕਿਉਂ ਪਸੰਦ ਕਰਦੇ ਸਨ ਪਰ ਨਾਲ ਹੀ ਇਸ ਦੀ ਖ਼ੁਸ਼ੀ ਵੀ ਬਹੁਤ ਸੀ। ਕਿਸ ਨੂੰ ਨਹੀਂ ਹੋਵੇਗੀ?

ਮੁੰਬਈ ਦੇ ਨਿੱਕੇ ਜਿਹੇ ਪਾਰਸੀ ਸਮਾਜ ਨੇ ਵਿਰਾਟ ਇਨਸਾਨ ਗੁਆਇਆ ਹੈ। ਮੁੰਬਈ ਦੇ ਨਾਗਰਿਕਾਂ ਲਈ ਇਹ ਵੱਡਾ ਘਾਟਾ ਹੈ। ਭਾਰਤ ਦੇ ਆਦਮੀਆਂ ਤੇ ਔਰਤਾਂ ਨੂੰ ਦੁੱਖ ਮਨਾਉਣਾ ਚਾਹੀਦਾ ਹੈ ਕਿਉਂਕਿ ਵਰਤਮਾਨ ਸਮਿਆਂ ’ਚ ਅਜਿਹੇ ਆਦਰਸ਼ਾਂ ਤੇ ਕਦਰਾਂ-ਕੀਮਤਾਂ ਨੂੰ ਪ੍ਰਣਾਏ ਇਨਸਾਨ ਲੱਭਣਾ ਮੁਸ਼ਕਿਲ ਤੋਂ ਮੁਸ਼ਕਿਲ ਹੋ ਰਿਹਾ ਹੈ। ਦੁਨੀਆ ਗੁੰਝਲਦਾਰ ਹੋ ਰਹੀ ਹੈ, ਤੇ ਅਫ਼ਸੋਸ! ਪਹਿਲਾਂ ਨਾਲੋਂ ਕਿਤੇ ਜ਼ਿਆਦਾ ਬੇਰਹਿਮ ਵੀ।

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਪੰਜਾਬ ਤੋਂ ਬਾਅਦ ਹਰਿਆਣਾ ਤੇ ਦਿੱਲੀ ਡਰਗ ਦੇ ਚੱਕਰਵਿਊ ਵਿਚ ਫਸੇ

### ਗੁਜਰਾਤ ਦੇ ਸਮੁੰਦਰ ਦੇ ਤੱਟ 'ਤੇ ਫੜੀ ਡਰੱਗ ਦੇ ਮੁਖ ਦੋਸ਼ੀ ਦਾ ਹਾਲੇ ਤਕ ਕੋਈ ਪਤਾ ਨਹੀਂ, ਤਸਕਰਾਂ, ਪੁਲਿਸ ,ਸਿਆਸਤਦਾਨਾਂ ਦੇ ਭ੍ਰਿਸ਼ਟ ਗਠਜੋੜ ਕਾਰਣ ਵਧ ਰਹੇ ਨੇ ਨਸ਼ੇ

ਭਾਰਤ ਵਿਚ ਨਸ਼ੇ ਦੇ ਕਾਰੋਬਾਰ ਦੇ ਸਿਲਸਿਲੇ ਵਿਚ ਕੁਝ ਸਮਾਂ ਪਹਿਲਾਂ ਤੱਕ ਸਿਰਫ਼ ਉੱਡਦਾ ਪੰਜਾਬ ਦੀ ਚਰਚਾ ਹੁੰਦੀ ਸੀ, ਕਿਉਂਕਿ ਪੰਜਾਬ ਦੇ ਨੌਜਵਾਨਾਂ ਵਿਚ ਨਸ਼ੇ ਦਾ ਰੁਝਾਨ ਵਧ ਰਿਹਾ ਸੀ। ਇਸ ਤੋਂ ਇਲਾਵਾ ਕੁਝ ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਦੀ ਹਾਈ-ਪ੍ਰੋਫਾਈਲ ਸੁਸਾਇਟੀ ਵਿਚ ਇਸ ਦਾ ਰੁਝਾਨ ਸੀ ਪਰ ਹੁਣ ਤਾਂ ਇਕ ਤੋਂ ਬਾਅਦ ਇਕ ਕਈ ਰਾਜ ਇਸ ਦੀ ਲਪੇਟ ਵਿਚ ਆ ਰਹੇ ਹਨ। ਹਾਲ ਹੀ ਵਿਚ ਹਰਿਆਣਾ ਵਿਧਾਨ ਸਭ ਚੋਣਾਂ ਸਮੇਂ ਕਈ ਪੱਤਰਕਾਰਾਂ ਨੇ ਚੋਣ ਕਵਰੇਜ ਤੋਂ ਇਲਾਵਾ ਹਰਿਆਣਾ ਵਿਚ ਨਸ਼ੇ ਦੇ ਵਧਦੇ ਰੁਝਾਨ ਬਾਰੇ ਰਿਪੋਰਟ ਕੀਤੀ। ਪੰਜਾਬ ਅਤੇ ਹਰਿਆਣਾ ਦੇ ਅਸਰ ਵਿਚ ਦਿੱਲੀ ਅਤੇ ਸਮੁੱਚਾ ਐੱਨ.ਸੀ.ਆਰ. ਨਸ਼ੇ ਦੀ ਲਪੇਟ ਵਿਚ ਆ ਚੁੱਕਾ ਹੈ। ਪਿਛਲੇ ਦਿਨੀਂ ਦਿੱਲੀ ਅਤੇ ਗੁਰੂਗ੍ਰਾਮ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਸਾਢੇ ਪੰਜ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ 560 ਕਿਲੋ ਨਸ਼ੇ ਦੀ ਖੇਪ ਫੜੀ। ਇਸ ਦੇ ਦੋ ਦਿਨ ਬਾਅਦ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ 1814 ਕਰੋੜ ਰੁਪਏ ਦੀ ਨਸ਼ੇ ਦੀ ਖੇਪ ਫੜੀ ਗਈ। ਭੋਪਾਲ ਵਿਚ ਪਹਿਲੀ ਵਾਰ ਇਸ ਪੱਧਰ 'ਤੇ ਨਸ਼ਾ ਫੜਿਆ ਗਿਆ। ਲੋਕ ਭੁੱਲੇ ਨਹੀਂ ਹੋਣਗੇ, ਜਦੋਂ ਇਸ ਸਾਲ ਫਰਵਰੀ ਵਿਚ ਗੁਜਰਾਤ ਦੇ ਸਮੁੰਦਰ ਦੇ ਤੱਟ 'ਤੇ ਤਿੰਨ ਟਨ ਤੋਂ ਜ਼ਿਆਦਾ ਨਸ਼ਾ ਫੜਿਆ ਗਿਆ ਸੀ। ਪਿਛਲੇ ਸਾਲ ਮਈ 'ਚ ਐੱਨ.ਸੀ.ਬੀ. ਨੇ ਪਾਕਿਸਤਾਨ ਤੋਂ ਆਏ ਇਕ ਜਹਾਜ਼ ਵਿਚ 12 ਹਜ਼ਾਰ ਕਰੋੜ ਰੁਪਏ ਦੀ ਢਾਈ ਟਨ ਮੈਥਮਫੈਟਾਮਾਈਨ ਫੜੀ ਸੀ। ਹੁਣ ਕੋਈ ਇਕ-ਦੋ ਵਿਅਕਤੀ ਤਾਂ ਇਸ ਮਾਤਰਾ ਵਿਚ ਨਸ਼ਾ ਨਹੀਂ ਮੰਗਵਾ ਸਕਦੇ। ਜ਼ਾਹਿਰ ਹੈ ਕਿ ਇਸ ਪਿੱਛੇ ਕੋਈ ਸੰਗਠਿਤ ਗਿਰੋਹ ਹੀ ਹੋਵੇਗਾ।ਪਰ ਸਰਕਾਰ ਅਜੇ ਤਕ ਇਸ ਦਾ ਪਤਾ ਨਹੀਂ ਲਗਾ ਸਕੀ। ਆਮ ਧਾਰਨਾ ਹੈ ਕਿ ਪੁਲਿਸ ਅਤੇ ਦੂਜੀਆਂ ਏਜੰਸੀਆਂ ਕਿਸੇ ਪਾਬੰਦੀਸ਼ੁਦਾ ਉਤਪਾਦ ਨੂੰ ਫੜਦੀਆਂ ਹਨ ਤਾਂ ਉਨ੍ਹਾਂ ਦਾ ਔਸਤ 100 ਵਿਚੋਂ ਇਕ ਦਾ ਹੁੰਦਾ ਹੈ। ਭਾਵ 100 ਖੇਪ ਨਿਕਲੇਗੀ ਤਾਂ ਇਕ ਫੜੀ ਜਾਵੇਗੀ। ਸੋ, ਜਿੰਨਾ ਨਸ਼ਾ ਫੜਿਆ ਜਾ ਰਿਹਾ ਹੈ, ਉਸ ਨੂੰ ਵੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਜ਼ਾਰ ਵਿਚ ਕਿੰਨਾ ਨਸ਼ਾ ਆ ਰਿਹਾ ਹੈ।ਸਾਫ ਗਲ ਇਹ ਹੈ ਪੁਲਿਸ, ਤਸਕਰ ਤੇ ਸਿਆਸਤਦਾਨ ਮਿਲੇ ਹੋਏ ਹਨ।ਡਰਗ ਮਨੀ ਇਨ੍ਹਾਂ ਦੀਆਂ ਤਿੰਜੋਰੀਆਂ ਭਰਨ ਦਾ ਵਡਾ ਸਾਧਨ ਹੈ।




# ਬਾਦਲਕਿਆਂ ਨੇ ਪਹਿਲਾਂ ਅਕਾਲੀ ਦਲ ਦੀ ਹੱਤਿਆ ਕੀਤੀ, ਹੁਣ ਨਿਸ਼ਾਨਾ ਅਕਾਲ ਤਖਤ ਹੈ-ਸਿੱਖ ਚਿੰਤਕ

### ਵਲਟੋਹਾ ਤੇ ਸੁਖਬੀਰ ਬਾਦਲ ਬਾਰੇ ਅਕਾਲ ਤਖਤ ਸਾਹਿਬ ਸਖਤ ਐਕਸ਼ਨ ਲਵੇ, ਗੁਨਾਹਗਾਰ ਲੀਡਰਸ਼ਿਪ ਦੇ ਫੈਸਲੇ ਤੇ ਅਕਾਲੀ ਦਲ ਦੀ ਸਿਰਜਣਾ ਲਈ ਪੰਥ ਦਾ ਨੁਮਾਇੰਦਾ ਇਕੱਠ ਸਦਿਆ ਜਾਵੇ

ਅੰਮ੍ਰਿਤਸਰ : ਸਿਖ ਪੰਥ ਦੇ ਚਿੰਤਕਾਂ ਸਰਦਾਰ ਗੁਰਤੇਜ ਸਿੰਘ ਆਈਏਐਸ,ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਡਾਕਟਰ ਪਰਮਜੀਤ ਸਿੰਘ ਮਾਨਸਾ,ਭਾਈ ਮਨਜੀਤ ਸਿੰਘ ਗਤਕਾ ਮਾਸਟਰ ਨੇ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਮੁਖ ਆਗੂ ਵਿਰਸਾ ਸਿੰਘ ਵਲਟੋਹਾ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸਿੰਘ ਸਾਹਿਬਾਨਾਂ ਉਪਰ ਸੰਘ ਪਰਿਵਾਰ ਤੇ ਭਾਜਪਾ ਨੇ ਮਿਲੇ ਹੋਣ ਤੇ ਸੁਖਬੀਰ ਬਾਦਲ ਨੂੰ ਗੁਨਾਹਗਾਰ ਬਾਰੇ ਫੈਸਲੇ ਬਾਰੇ ਦੇਰੀ ਦਾ ਇਸ ਪ੍ਰਭਾਵ ਅਧੀਨ ਦੋਸ਼ ਲਗਾਏ ਜਾਣ ਨੂੰ ਅਕਾਲ ਤਖਤ ਸਾਹਿਬ ਤੇ ਖਾਲਸਾ ਪੰਥ ਦੀ ਤੌਹੀਨ ਦਸਿਆ। ਸਿਖ ਚਿੰਤਕਾਂ ਨੇ ਕਿਹਾ ਕਿ ਬਾਦਲ ਪਰਿਵਾਰ ਤੇ ਉਸਦੇ ਲਾਣੇ ਨੇ ਬੰਦ ਬੰਦ ਕਟਕੇ ਪੰਥਕ ਰਾਜਸੀ ਜਮਾਤ ਸ੍ਰੋਮਣੀ ਅਕਾਲੀ ਦਲ ਦੀ ਹੱਤਿਆ ਕੀਤੀ ਤੇ ਆਪਣੇ ਰਾਜ ਦੌਰਾਨ ਬੇਅਦਬੀਆਂ ਹੋਣ ਦਿਤੀਆਂ ਤੇ ਦੋਸ਼ੀ ਸੌਦਾ ਸਾਧ ਨੂੰ ਖੁਸ਼ ਕਰਨ ਲਈ ਬੇਅਦਬੀ ਸਬੰਧੀ ਰੋਸ ਪ੍ਰਗਟ ਕਰਨ ਵਾਲੀ ਸੰਗਤ ਉਪਰ ਗੋਲੀ ਚਲਾਈ ਤੇ ਭਾਰੀ ਤਸ਼ਦਦ ਕੀਤਾ। ਹੁਣ ਸਿਖ ਪੰਥ ਦੀ ਇਸ ਮਹਾਨ ਸੰਸਥਾ ਨੂੰ ਸੁਖਬੀਰ ਸਿੰਘ ਬਾਦਲ ਆਪਣੇ ਹੁਕਮਾਂ ਮੁਤਾਬਕ ਚਲਾਉਣ ਲਈ ਸਿੰਘ ਸਾਹਿਬਾਨਾਂ ਉਪਰ ਭਾਜਪਾ ਦੇ ਇਸ਼ਾਰੇ ਉਪਰ ਚਲਣ ਦੇ ਝੂਠੇ ਦੋਸ਼ ਲਗਾ ਰਹੇ ਹਨ ਤੇ ਇਹ ਦੋਸ਼ ਲਗਾਕੇ ਸ੍ਰੋਮਣੀ ਕਮੇਟੀ ਰਾਹੀਂ ਸਿੰਘ ਸਾਹਿਬਾਨ ਨੂੰ ਬਦਲਕੇ ਅਕਾਲ ਤਖਤ ਦੀ ਸਚੀ ਨਿਆਂ ਪਰੰਪਰਾ ਨੂੰ ਤਬਾਹ ਕਰਨਾ ਚਾਹੁੰਦੇ ਹਨ ਜਾਂ ਆਪਣੇ ਦਾਬੇ ਹੇਠ ਰਖਣਾ ਚਾਹੁੰਦੇ ਹਨ।ਇਹ ਵਰਤਾਰਾ ਉਸੇ ਲੜੀ ਦਾ ਹਿੱਸਾ ਹੈ ਜੋ ਸੁਖਬੀਰ ਬਾਦਲ ਦਾ ਪਿਤਾ ਪ੍ਰਕਾਸ਼ ਸਿੰਘ ਬਾਦਲ ਨਿਭਾਉਂਦਾ ਰਿਹਾ ਸੀ।ਉਸੇ ਪੰਥ ਵਿਰੋਧੀ ,ਮਸੰਦੀ ਮਨਮੁਖੀ ਰਾਹ ਨੂੰ ਸੁਖਬੀਰ ਸਿੰਘ ਬਾਦਲ ਨੇ ਵਿਰਸਾ ਸਿੰਘ ਵਲਟੋਹਾ ਰਾਹੀਂ ਅਪਣਾ ਲਿਆ।ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿੱਚ ਜਿਹੜੇ ਵਲਵਲੇ ਵਿਰਸਾ ਸਿੰਘ ਵਲਟੋਹਾ ਨੇ ਸਾਂਝੇ ਕੀਤੇ ਸਨ, ਉਹ ਸੁਖਬੀਰ ਬਾਦਲ ਤੇ ਉਸਦੀ ਜੁੰਡਲੀ ਦਾ ਨੈਰਟਿਵ ਤੇ ਸਿਆਸੀ ਉਤੇਜਨਾ ,ਖਸਿਆਣੀ ਬਿਲੀ ਪੰਜਾ ਨੋਚੇ ਵਾਲੀ ਘਟੀਆ ਕਾਰਵਾਈ ਹੈ। ਇਹ ਸੁਖਬੀਰ ਬਾਦਲ ਦੇ ਸਾਰੇ ਗੁਨਾਹਾਂ ਨੂੰ ਛੁਪਾਉਣ ਲਈ ਸਾਜ਼ਿਸ਼ ਤਹਿਤ ਸਿੰਘ ਸਾਹਿਬਾਨ ਉਪਰ ਘਟੀਆ ਝੂਠੇ ਦੋਸ਼ ਲਾ ਰਹੇ ਹਨ।

ਉਨ੍ਹਾਂ ਕਿਹਾ ਕਿ ਤਨਖਾਹੀਆ ਤੇ ਗੁਨਾਹਗਾਰ ਸੁਖਬੀਰ ਬਾਦਲ ਅਕਾਲ ਤਖਤ ਸਾਹਿਬ ਦੇ ਪੰਥਕ ਪ੍ਰਵਾਨਿਤ ਹੁਕਮ ਨੂੰ ਮੰਨਣ ਤੋਂ ਇਨਕਾਰੀ ਸ਼ਰੇਆਮ ਅਕਾਲੀ ਦਲ ਦੀਆਂ ਸਰਗਰਮੀਆਂ ਦੀ ਅਗਵਾਈ ਕਰ ਰਿਹਾ ਹੈ ਜੋ ਮੀਰੀ ਪੀਰੀ ਸਿਧਾਂਤ ਨੂੰ ਚੈਲਿੰਜ ਹੈ।ਇਸ ਸੰਬੰਧ ਵਿਚ ਸੁਖਬੀਰ ਬਾਦਲ ਤੇ ਵਿਰਸਾ ਸਿੰਘ ਵਲਟੋਹਾ ਸਮੇਤ ਅਕਾਲ ਤਖਤ ਸਾਹਿਬ ਉਪਰ ਸਦਕੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਜਥੇਦਾਰ ਅਕਾਲ ਤਖਤ ਨੂੰ ਅਪੀਲ ਕਰਦਿਆਂ ਸਿਖ ਚਿੰਤਕਾਂ ਨੇ ਕਿਹਾ ਕਿ ਅੱਜ ਸਮੁੱਚਾ ਪੰਥ ਅਤੇ ਸਿੱਖ ਕੌਮ ਸਿੰਘ ਸਾਹਿਬਾਨਾਂ ਦੇ ਫੈਸਲੇ ਨੂੰ ਉਡੀਕ ਰਹੀ ਹੈ, ਜਿਸ ਵਿੱਚ ਉਨ੍ਹਾਂ ਨੂੰ ਸਿੱਖ ਪੰਥ ਦੀ ਮਰਿਆਦਾ ਤੇ ਪ੍ਰੰਪਰਾਵਾਂ ਨੂੰ ਮੁੱਖ ਰੱਖ ਕੇ ਕੌਮ ਦੀ ਭਾਵਨਾ ਅਨੁਸਾਰ ਸਜ਼ਾ ਸੁਣਾਉਣੀ ਹੈ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਅਕਾਲੀ ਦਲ ਦੀ ਪੁਨਰ ਸਥਾਪਨਾ ਤੇ ਸੁਖਬੀਰ ਬਾਦਲ ਸਮੇਤ ਗੁਨਾਹਗਾਰ ਲੀਡਰਸ਼ਿਪ ਦਾ ਫੈਸਲਾ ਲੈਣ ਲਈ ਸਿਖ ਪੰਥ ਦਾ ਨੁਮਾਇੰਦਾ ਇਕਠ ਸਦਣਾ ਚਾਹੀਦਾ ਹੈ ਤਾਂ ਜੋ ਪੰਥ ਨੂੰ ਭਰੋਸੇ ਵਿਚ ਲੈਕੇ ਪੰਥਕ ਫੈਸਲਾ ਕੀਤਾ ਜਾ ਸਕੇ ਤੇ ਬਾਦਲਕਿਆਂ ਦੇ ਦਬਾਅ ਤੋਂ ਬਚਿਆ ਜਾ ਸਕੇ ਜੋ ਕੁਫਰ ਤੋਲਣ ਵਿਚ ਮਾਹਿਰ ਹਨ।ਉਨ੍ਹਾਂ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ ਅਕਾਲ ਤਖਤ,ਗਿਆਨੀ ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ ਨੂੰ ਵੀ ਅਕਾਲ ਤਖਤ ਉਪਰ ਸਦਣਾ ਚਾਹੀਦਾ ਹੈ ਜੋ ਸੁਖਬੀਰ ਬਾਦਲ ਦੇ ਗੁਨਾਹਾਂ ਵਿਚ ਭਾਈਵਾਲ ਹਨ ਜਿਹਨਾਂ ਅਕਾਲ ਤਖਤ ਦੀ ਪਰੰਪਰਾ ਨੂੰ ਨੀਵਾਂ ਦਿਖਾਇਆ।ਉਨ੍ਹਾਂ ਕਿਹਾ ਕਿ ਬਾਦਲਕਿਆਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦਾ ਵਿਰੋਧ ਕਰਨਾ ਇੱਕ ਗੁੰਝਲਦਾਰ ਮਸਲਾ ਹੈ ਜੋ ਅਕਾਲ ਤਖਤ ਸਾਹਿਬ ਦੀ ਅਥਾਰਟੀ, ਮਰਿਆਦਾ ਅਤੇ ਸੰਚਾਲਨ 'ਤੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਸਿਖ ਸਿਧਾਂਤ ਤੇ ਪਰੰਪਰਾ ਅਨੁਸਾਰ ਜੇਕਰ ਫੈਸਲਾ ਲੈਣਗੇ ਸਮੁਚਾ ਪੰਥ ਉਨ੍ਹਾਂ ਦੀ ਸ਼ਕਤੀ ਬਣਕੇ ਉਨ੍ਹਾਂ ਮਗਰ ਖਲੋਏਗਾ।

## ਭਾਰਤ ਅਤੇ ਕੈਨੇਡਾ ਦਰਮਿਆਨ

ਝੂਠਾ ਕਿਹਾ ਅਤੇ ਮੰਗ ਕੀਤੀ ਕਿ ਜਿਨ੍ਹਾਂ ਸਿਆਸਤਦਾਨਾਂ ਨੇ ਵਿਦੇਸ਼ੀ ਸਰਕਾਰਾਂ ਨਾਲ ਸਾਥ ਦਿੱਤਾ ਹੈ, ਉਨ੍ਹਾਂ ਦੇ ਨਾਮ ਜਨਤਾ ਸਾਹਮਣੇ ਰੱਖੇ ਜਾਣ। ਉਸ ਨੇ ਕਿਹਾ ਕਿ ਉਸਦੇ ਚੀਫ਼ ਆਫ਼ ਸਟਾਫ਼ ਨੇ ਕਲਾਸੀਫ਼ਾਈਡ ਬ੍ਰੀਫਿੰਗਜ਼ ਲਈਆਂ ਹਨ, ਪਰ ਕਿਸੇ ਵੀ ਸਮੇਂ ਤੇ ਉਸਨੂੰ ਜਾਂ ਉਸਦੀ ਟੀਮ ਨੂੰ ਕਿਸੇ ਕੰਨਜ਼ਰਵੇਟਿਵ ਪਾਰਲੀਮੈਂਟ ਮੈਂਬਰ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ।

ਟਰੂਡੋ ਦੇ ਇਲਜ਼ਾਮਾਂ ਨੇ ਕੰਨਜ਼ਰਵੇਟਿਵ ਪਾਰਟੀ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਆਗੂ ਪੌਲੀਐਵ ਨੇ ਬ੍ਰੀਫਿੰਗ ਲੈਣ ਤੋਂ ਇਨਕਾਰ ਕਰਕੇ, ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ ਅਤੇ ਆਪਣੀ ਪਾਰਟੀ ਨੂੰ ਵਿਦੇਸ਼ੀ ਤਾਕਤਾਂ ਤੋਂ ਬਚਾਉਣ ਲਈ ਜਰੂਰੀ ਕਦਮ ਨਹੀਂ ਚੁੱਕੇ। ਕਮਿਸ਼ਨ ਦੀਆਂ ਕਾਰਵਾਈਆਂ ਦੌਰਾਨ, ਟਰੂਡੋ ਨੇ ਕਿਹਾ ਕਿ ਉਹਨਾਂ ਨੂੰ ਕਿਸੇ ਵਿਰੋਧੀ ਪਾਰਟੀ ਨਾਲ ਜੁੜੀ ਵਿਦੇਸ਼ੀ ਦਖਲਅੰਦਾਜ਼ੀ ਦੀ ਗੰਭੀਰ ਜਾਣਕਾਰੀ ਮਿਲੀ ਸੀ। ਉਹ ਨੇ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਨੂੰ ਸਿਆਸੀ ਤੌਰ 'ਤੇ ਵਰਤਣਾ ਗਲਤ ਹੈ, ਅਤੇ ਉਹ ਕਮਿਸ਼ਨ ਤੋਂ ਮਦਦ ਲੈਣ ਲਈ ਤਿਆਰ ਸਨ ਕਿ ਇਸਨੂੰ ਕਿਵੇਂ ਸੰਭਾਲਿਆ ਜਾਵੇ।

ਇਸ ਤੋਂ ਇਲਾਵਾ, ਕਮਿਸ਼ਨ ਨੇ ਇਹ ਵੀ ਸੁਣਿਆ ਕਿ ਕਈ ਪਾਰਲੀਮੈਂਟ ਮੈਂਬਰ ਵਿਦੇਸ਼ੀ ਦਖਲਅੰਦਾਜ਼ੀ ਵਿੱਚ ਜਾਣਬੁੱਝ ਕੇ ਹੀ ਸ਼ਾਮਲ ਰਹੇ ਹਨ। ਹੁਣ ਤੱਕ, ਸਿਰਫ਼ ਇਨਡਿਪੈਂਡੈਂਟ ਐਮਪੀ ਹਾਨ ਡੋਂਗ, ਜਿਹੜਾ ਪਹਿਲਾਂ ਲਿਬਰਲ ਸੀ, ਦਾ ਨਾਮ ਕਮਿਸ਼ਨ ਵਿਚ ਸਾਹਮਣੇ ਆਇਆ ਹੈ। ਠਹਸਿ ਰਏਪੋਰਟ ਾਓਸ ਾਰਟਿਟਏਨ ਬੇ ਸ਼ਮਿਰਓਨਜਟਿ ਸ਼ਨਿਗਹ ਓਸ ਪਓਰਟੋਡ ਟਹਏ .ਲੋਚਓਲ ਝੋਰਨਓਲਸਿਮ ਨਿਟਿਓਿਟਵਿਏ.

## ਪੌਲੀਐਵ ਨੇ ਟਰੂਡੋ 'ਤੇ ਝੂਠ ਬੋਲਣ...

ਜਾਵੇਗੀ। ਵਿਦੇਸ਼ੀ ਦਖਲਅੰਦਾਜ਼ੀ ਜਾਂਚ ਕਮੀਸ਼ਨ ਵਿੱਚ ਆਪਣੀ ਗਵਾਹੀ ਦੌਰਾਨ, ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਕੈਨੇਡੀਅਨ ਸੁਰੱਖਿਆ ਇੰਟੈਲੀਜੈਂਸ ਸਰਵਿਸ (ਛਸ਼ੀਸ਼) ਨੂੰ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੌਲੀਐਵ ਨੂੰ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਸੂਚਿਤ ਕਰਨ ਦਾ ਹੁਕਮ ਦਿੱਤਾ ਸੀ। ਟਰੂਡੋ ਦਾ ਕਹਿਣਾ ਹੈ ਕਿ ਕਈ ਕੈਨੇਡੀਅਨ ਸੰਸਦ ਮੈਂਬਰ ਅਤੇ ਉਮੀਦਵਾਰ ਵਿਦੇਸ਼ੀ ਦਖਲਅੰਦਾਜ਼ੀ ਦੇ ਜੋਖਮ ਵਿੱਚ ਹਨ। ਉਨ੍ਹਾਂ ਨੇ ਕਿਹਾ ਕਿ ਪੌਲੀਐਵ ਦੇ ਇਸ ਮਾਮਲੇ ਵਿੱਚ ਸੁਰੱਖਿਆ ਸੰਬੰਧੀ ਬ੍ਰੀਫਿੰਗਾਂ ਪ੍ਰਾਪਤ ਨਾ ਕਰਨ ਦਾ ਫ਼ੈਸਲਾ ਪਾਰਟੀ ਦੇ ਮੈਂਬਰਾਂ ਨੂੰ ਇਸ ਖਤਰੇ ਤੋਂ ਬਚਾਉਣ ਵਿੱਚ ਰੁਕਾਵਟ ਪੈਦਾ ਕਰ ਰਿਹਾ ਹੈ।

## ਸਫ਼ਾ 1 ਦਾ ਬਾਕੀ

## ਆਰ.ਸੀ.ਐਮ.ਪੀ. ਦੇ ਖੁਲਾਸਿਆਂ ਪਿਛੋਂ ...

ਵੱਲੋਂ ਚੁੱਕੇ ਗਏ ਕਦਮਾਂ ਨੂੰ ਸਮਝਣ ਦੀ ਮੰਗ ਕੀਤੀ ਹੈ।

ਮੰਗਲਵਾਰ ਨੂੰ ਕਮੇਟੀ ਦੇ ਮੈਂਬਰਾਂ ਨੇ ਇੱਕ ਪੱਤਰ ਰਾਹੀਂ ਕਿਹਾ ਕਿ ਆਰਸੀਐਮਪੀ ਵੱਲੋਂ ਕੀਤੇ ਖੁਲਾਸੇ ਕੈਨੇਡਾ ਦੀ ਸੁਰੱਖਿਆ ਅਤੇ ਕੈਨੇਡੀਅਨ ਨਾਗਰਿਕਾਂ ਲਈ ਕਾਫ਼ੀ ਚਿੰਤਾਜਨਕ ਹਨ। ਉਨ੍ਹਾਂ ਨੇ ਕਿਹਾ ਕਿ ਇਹ ਗੱਲ ਕਈ ਤਰ੍ਹਾਂ ਦੇ ਸਵਾਲ ਖੜ੍ਹ ਕਰਦੀ ਹੈ ਕਿ ਕਿਵੇਂ ਕੈਨੇਡਾ ਦੇ ਲੋਕਾਂ ਨੂੰ ਇਹਨਾਂ ਖ਼ਤਰਨਾਕ ਸਥਿਤੀਆਂ ਤੋਂ ਸੁਰੱਖਿਅਤ ਰੱਖਿਆ ਜਾਵੇ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਇਸ ਸੰਬੰਧ ਵਿੱਚ ਕੀਤੇ ਗਏ ਕਦਮਾਂ ਨੂੰ ਸਪਸ਼ਟ ਕਰੇ।

ਐਨ.ਡੀ.ਪੀ. ਲੀਡਰ ਜਗਮੀਤ ਸਿੰਘ ਨੇ ਵੀ ਇਸ ਮਾਮਲੇ ਉੱਤੇ ਆਪਣਾ ਰੁਖ ਦਰਸਾਉਂਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਇੱਕ ਸੰਸਦੀ ਕਮੇਟੀ ਇਸ ਗੱਲ ਦੀ ਪੂਰੀ ਜਾਂਚ ਕਰੇ ਕਿ ਕਿਵੇਂ ਕੈਨੇਡਾ ਦੇ ਨਾਗਰਿਕਾਂ ਨੂੰ ਭਾਰਤ ਦੇ ਖ਼ਤਰਿਆਂ ਤੋਂ ਬਚਾਇਆ ਜਾ ਸਕਦਾ ਹੈ। ਜਗਮੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਕੈਨੇਡਾ ਨੂੰ ਇਸ ਸਮੱਸਿਆ ਦਾ ਪੱਕਾ ਹੱਲ ਕੱਢਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕਿਹਾ ਕਿ ਕੈਨੇਡਾ ਸਰਕਾਰ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢ ਦਿੱਤਾ ਹੈ ਕਿਉਂਕਿ ਭਾਰਤ ਨੇ ਅਪਰਾਧਿਕ ਜਾਂਚ ਵਿਚ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਕੈਨੇਡਾ ਵਿੱਚ ਭਾਰਤੀ ਕਾਰਵਾਈਆਂ ਅਤੇ ਸਿੱਖ ਭਾਈਚਾਰੇ 'ਤੇ ਹੋ ਰਹੀਆਂ ਕਥਿਤ ਧੱਕੇਸ਼ਾਹੀ ਗਤੀਵਿਧੀਆਂ ਬਾਰੇ ਚਿੰਤਾਵਾਂ ਦੇ ਵਿੱਚ ਇਹ ਮੀਟਿੰਗ ਬਹੁਤ ਅਹਿਮ ਮੰਨੀ ਜਾ ਰਹੀ ਹੈ।

## ਕੈਨੇਡਾ ਨੇ ਛੇ ਭਾਰਤੀ ਡਿਪਲੋਮੈਟ ਕੀਤੇ ਬਰਖ਼ਾਸਤ

ਕੈਨੇਡਾ ਵਿੱਚ ਭਾਰਤੀ ਏਜੰਟਾਂ ਦੀ ਕਥਿਤ ਸ਼ਮੂਲੀਅਤ 'ਤੇ ਤਫ਼ਤੀਸ਼ ਦੇ ਮੱਦੇਨਜ਼ਰ, ਕੈਨੇਡੀਅਨ ਸਰਕਾਰ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਕੈਨੇਡਾ ਤੋਂ ਕੱਢ ਦਿੱਤਾ ਹੈ। ਪਰ ਸੂਤਰਾਂ ਮੁਤਾਬਕ ਇਹ ਡਿਪਲੋਮੈਟ ਆਖਰੀ ਨਹੀਂ ਹੋ ਸਕਦੇ ਜੋ ਕੈਨੇਡਾ ਛੱਡਣਗੇ। ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਭਾਰਤ ਦਾ ਇੱਕ ਵਿਸ਼ਾਲ ਨੈੱਟਵਰਕ ਅਜੇ ਵੀ ਕਾਇਮ ਹੈ, ਜਿਸ ਨੇ ਕਥਿਤ ਤੌਰ 'ਤੇ ਕਈ ਲੋਕਾਂ ਨੂੰ ਭਾਰਤੀ ਗੁਪਤ ਕਾਰਵਾਈਆਂ ਵਿੱਚ ਸ਼ਾਮਿਲ ਕੀਤਾ ਹੋਇਆ ਹੈ।

ਸੂਤਰਾਂ ਨੇ ਦੱਸਿਆ ਕਿ ਭਾਰਤ ਦੀ ਇਹ ਗੁਪਤ ਕਾਰਵਾਈ ਇੱਕ ਬਹੁ-ਪੱਧਰੀ ਅਤੇ ਬਹੁ-ਪੱਖੀ ਕਵਾਇਦ ਹੈ ਜਿਸ ਵਿੱਚ ਕਈ ਲੋਕ ਵੱਖ-ਵੱਖ ਭੂਮਿਕਾਵਾਂ ਵਿੱਚ ਸ਼ਾਮਿਲ ਹਨ। ਕੁਝ ਆਪਣੀ ਮਰਜ਼ੀ ਨਾਲ ਇਸ ਵਿਚ ਰੁਝੇ ਹੋਏ ਹਨ, ਜਦੋਂ ਕਿ ਕੁਝ ਲੋਕ ਭਾਰਤੀ ਡਿਪਲੋਮੈਟਾਂ ਵੱਲੋਂ ਦਬਾਅ ਹੇਠ ਮੁਖਬਰ ਬਣਨ 'ਤੇ ਮਜਬੂਰ ਹਨ। ਇਸ ਸਾਰੀ ਕਾਰਵਾਈ ਵਿੱਚ ਭਾਰਤੀ ਡਿਪਲੋਮੈਟਾਂ ਤੇ ਦੋਸ਼ ਲੱਗ ਰਹੇ ਹਨ ਕਿ ਉਹ ਖੁਦ ਵੀ ਗੁਪਤ ਗਤੀਵਿਧੀਆਂ ਵਿੱਚ ਸਹਿਯੋਗੀ ਰਹੇ ਹਨ ਅਤੇ ਉਨ੍ਹਾਂ ਨੇ ਕੈਨੇਡਾ ਵਿੱਚ ਰਹਿ ਰਹੇ ਇੰਡੋ-ਕੈਨੇਡੀਅਨਾਂ ਤੋਂ ਜਾਣਕਾਰੀ ਲੈਣ ਲਈ ਉਨ੍ਹਾਂ 'ਤੇ ਦਬਾਅ ਪਾਇਆ ਹੈ।

ਇਸ ਤੋਂ ਇਲਾਵਾ, ਇੱਕ ਹੋਰ ਗੱਲ ਜ਼ਿਕਰ ਯੋਗ ਹੈ ਕਿ ਭਾਰਤ ਨੇ 1955 ਤੋਂ ਬਾਅਦ ਆਪਣੀ ਨਾਗਰਿਕਤਾ ਨੂੰ ਛੱਡਣ ਵਾਲੇ ਸਾਰੇ ਲੋਕਾਂ ਲਈ ਆਪਣੀ ਨਾਗਰਿਕਤਾ ਵਾਪਸ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਕੈਨੇਡਾ ਵਿੱਚ ਰਹਿ ਰਹੇ ਇੰਡੋ-ਕੈਨੇਡੀਅਨਜ਼ ਨੂੰ ਭਾਰਤ ਜਾਣ ਲਈ ਓਸੀਆਈ ਵੀਜ਼ਾ ਦੀ ਲੋੜ ਹੁੰਦੀ ਹੈ। ਭਾਰਤੀ ਕੌਂਸੁਲਰ ਅਧਿਕਾਰੀਆਂ ਵੱਲੋਂ ਵੀਜ਼ਾ ਰੋਕਣ ਜਾਂ ਜਾਰੀ ਕਰਨ ਦੀ ਪਾਵਰ ਵਰਤ ਕੇ ਕੁਝ ਲੋਕਾਂ ਨੂੰ ਮੁਖ਼ਬਰ ਬਣਨ ਲਈ ਦਬਾਅ ਪਾਇਆ ਗਿਆ ਹੈ।

ਤੱਫਤੀਸ਼ ਨਾਲ ਜੁੜੇ ਇੱਕ ਅਧਿਕਾਰੀ ਨੇ ਦੱਸਿਆ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਭਾਰਤ ਦੇ ਵੱਡੇ ਪੱਧਰ ਦੀ ਕਾਰਵਾਈ ਦਾ ਇੱਕ ਛੋਟਾ ਹਿੱਸਾ ਸੀ। ਇਹ ਇਕ ਅਪਰਾਧਕ ਕਾਰਵਾਈ ਸੀ ਅਤੇ ਕੈਨੇਡਾ ਦੀ ਸਰਵਭੌਮਤਾ ਦੀ ਉਲੰਘਣਾ। ਭਾਰਤ ਦੀ ਇਸ ਕਾਰਵਾਈ ਦਾ ਇੱਕ ਮੁੱਖ ਮਕਸਦ ਇਹ ਸੀ ਕਿ ਇੰਡੋ-ਕੈਨੇਡੀਅਨਜ਼ ਨੂੰ ਇਹ ਯਕੀਨ ਦਿਵਾਇਆ ਜਾਵੇ ਕਿ ਕੈਨੇਡਾ ਵਿੱਚ ਹਿੰਸਾ ਅਤੇ ਅਰਾਜਕਤਾ ਵਿਆਪਕ ਹੈ। ਇਸ ਨਾਲ ਭਾਰਤ ਇਹ ਦਰਸਾਉਣਾ ਚਾਹੁੰਦਾ ਸੀ ਕਿ ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਅਤੇ ਅਪਰਾਧਕ ਗਤੀਵਿਧੀਆਂ ਦਾ ਕਾਬੂ ਨਹੀਂ ਕੀਤਾ ਗਿਆ, ਜਿਸ ਕਾਰਨ ਇੰਡੋ-ਕੈਨੇਡੀਅਨਾਂ ਨੂੰ ਖ਼ਤਰਾ ਹੈ।

ਤੱਫਤੀਸ਼ੀ ਸੂਤਰਾਂ ਨੇ ਦੱਸਿਆ ਕਿ ਨਿੱਝਰ ਦੀ ਹੱਤਿਆ ਤੋਂ ਪਹਿਲਾਂ ਹੀ ਕੈਨੇਡਾ ਵਿੱਚ ਭਾਰਤ ਦੀਆਂ ਕਥਿਤ ਗੁਪਤ ਕਾਰਵਾਈਆਂ ਦੀ ਜਾਂਚ ਚੱਲ ਰਹੀ ਸੀ। ਨਿੱਝਰ ਨੂੰ 18 ਜੂਨ 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪਾਰਕਿੰਗ ਲਾਟ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਕੈਨੇਡੀਅਨ ਤੱਫਤੀਸ਼ ਦੇ ਰੁਖ ਨੂੰ ਹੋਰ ਗੰਭੀਰਤਾ ਨਾਲ ਲਿਆ ਗਿਆ ਅਤੇ ਸਬੂਤ ਇੱਕਠੇ ਕੀਤੇ ਗਏ। ਕੈਨੇਡਾ ਦੀ ਗੁਪਤ ਏਜੰਸੀ ਨੇ ਦੱਸਿਆ ਕਿ ਭਾਰਤ ਦੇ ਸਰਕਾਰੀ ਅਧਿਕਾਰੀਆਂ ਨਾਲ ਸੰਬੰਧਤ ਐਲੈਕਟ੍ਰਾਨਿਕ ਇੰਟਰਸੈਪਟਸ ਨੇ ਦਰਸਾਇਆ ਕਿ ਹੱਤਿਆ ਨੂੰ ਭਾਰਤ ਦੇ ਉੱਚ ਪੱਧਰ ਦੇ ਅਧਿਕਾਰੀਆਂ ਨੇ ਮਨਜ਼ੂਰੀ ਦਿੱਤੀ ਸੀ।

ਭਾਰਤ ਨੇ ਸਾਰਿਆਂ ਦੋਸ਼ਾਂ ਨੂੰ ਸਿ੍ਰੇ ਤੋਂ ਨਕਾਰ ਦਿੱਤਾ ਹੈ ਅਤੇ ਕਹਿੰਦਾ ਹੈ ਕਿ ਕੈਨੇਡਾ ਨੇ ਹਾਲੇ ਤੱਕ ਇਸ ਸਬੰਧੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ।

# ਚੋਣ ਪ੍ਰਚਾਰ ਦੇ ਅੰਤਮ ਦੌਰ ਦੌਰਾਨ ਬੀ.ਸੀ. ਕੰਜ਼ਰਵੇਟਿਵ ਵਲੋਂ ਨਵੇਂ ਬੱਚਿਆਂ ਦੇ ਹਸਪਤਾਲ ਅਤੇ ਬੀ.ਸੀ. ਐਨ.ਡੀ.ਪੀ. ਵਲੋਂ ਆਈ.ਸੀ.ਬੀ.ਸੀ. 'ਤੇ ਚਰਚਾ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀਆਂ ਚੋਣਾਂ ਅੰਤਮ ਦੌਰ ਵਿੱਚ ਦਾਖਲ ਹੋ ਚੁੱਕੀਆਂ ਹਨ, ਅਤੇ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਆਪਣੇ ਪ੍ਰਚਾਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਛੁੱਟੀ ਦੇ ਦਿਨ ਵੀ, ਚੋਣਾਂ ਲਈ ਮੁਹਿੰਮ ਰੁਕੀ ਨਹੀਂ ਹੈ, ਜਦੋਂ ਬੀ.ਸੀ. Conservaitve ਪਾਰਟੀ ਦੇ ਨੇਤਾ ਜੌਨ ਰਸਟੈਡ ਨੇ ਸਰੀ ਵਿੱਚ ਇਕ ਵੱਡਾ ਐਲਾਨ ਕੀਤਾ, ਜਦਕਿ ਬੀ.ਸੀ. NDP ਦੇ ਨੇਤਾ ਡੇਵਿਡ ਈਬੀ ਨੇ Conservaitve ਪਾਰਟੀ ਦੀ ਆਟੋ ਇੰਸ਼ੋਰੈਂਸ ਨੀਤੀ 'ਤੇ ਸਵਾਲ ਚੁੱਕੇ। This report was written by Simranjit Singh as part of the Local Journalism Initiative.

## ਜੌਨ ਰਸਟੈਡ ਵਲੋਂ ਨਵੇਂ ਬੱਚਿਆਂ ਦੇ ਹਸਪਤਾਲ ਦੇ ਨਿਰਮਾਣ ਦਾ ਐਲਾਨ




ਚੋਣ ਪ੍ਰਚਾਰ ਦੇ ਅੰਤਰ ਦੌਰ ਦੌਰਾਨ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਕੰਮ ਜਾਰੀ ਰੱਖਿਆ। ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਨੇਤਾ, ਜੌਨ ਰਸਟੈਡ ਬੀਤੇ ਦਿਨੀਂ ਸਰੀ ਵਿੱਚ ਰਹੇ ਜਿੱਥੇ ਉਨ੍ਹਾਂ ਨੇ ਪਾਰਟੀ ਦੇ ਚੋਣਾਂ ਤੋਂ ਪਹਿਲਾਂ ਦੇ ਆਖਰੀ ਵੱਡੇ ਨੀਤੀ ਐਲਾਨ ਦੀ ਘੋਸ਼ਣਾ ਕੀਤੀ: ਸਰੀ ਵਿੱਚ ਇੱਕ ਨਵੇਂ ਬੱਚਿਆਂ ਦੇ ਹਸਪਤਾਲ ਦੀ ਨਿਰਮਾਣ ਯੋਜਨਾ ਐਲਾਨੀ।

ਰਸਟੈਡ ਨੇ ਕਿਹਾ, "ਸਰੀ ਨੂੰ ਹਮੇਸ਼ਾ ਦੂਜੇ ਦਰਜੇ ਦਾ ਸ਼ਹਿਰ ਮੰਨਿਆ ਗਿਆ ਹੈ ਅਤੇ ਇਸ ਗਲਤਫ਼ਹਿਮੀ ਨੂੰ ਖਤਮ ਕਰਨ ਦੀ ਜ਼ਰੂਰਤ ਹੈ। ਸਾਨੂੰ ਸਿਰਫ਼ ਅੱਜ ਨਹੀਂ, ਭਵਿੱਖ ਬਾਰੇ ਵੀ ਸੋਚਣ ਦੀ ਲੋੜ ਹੈ।"

ਉਹਨਾਂ ਕਿਹਾ ਕਿ ਸਰੀ ਮੈਮੋਰਿਅਲ ਹਸਪਤਾਲ ਇਸ ਵੇਲੇ ਲਗਭਗ 50,000 ਬੱਚਿਆਂ ਦਾ ਇਲਾਜ ਕਰ ਰਿਹਾ ਹੈ, ਹਾਲਾਂਕਿ ਇਸ ਦੀ ਸਹੂਲਤ ਸਿਰਫ਼ 20,000 ਲਈ ਬਣਾਈ ਗਈ ਸੀ। ਹਰ ਸਾਲ ਲਗਭਗ 1,000 ਬੱਚੇ ਫਰੇਜ਼ਰ ਹੈਲਥ ਸੇਵਾਵਾਂ ਤੋਂ ਬਾਹਰ ਇਲਾਜ ਲਈ ਮਜਬੂਰ ਹੋ ਰਹੇ ਹਨ। ਇਸ ਲਈ ਰਸਟੈਡ ਦੇ ਨਵੇਂ ਹਸਪਤਾਲ ਵਿੱਚ ਪੀਡੀਆਟ੍ਰਿਕ ਐਮਰਜੈਂਸੀ, ਪੀਡੀਆਟ੍ਰਿਕ ਆਈ.ਸੀ.ਯੂ., ਮਾਤਾ-ਬਾਲ ਵਿਭਾਗ ਅਤੇ ਮਹਿਲਾਵਾਂ ਦੇ ਸਿਹਤ ਸੈਂਟਰ ਦੀ ਸਥਾਪਨਾ ਕਰਨ ਦੀ ਯੋਜਨਾ ਹੈ।

ਰਸਟੈਡ ਨੇ ਹਸਪਤਾਲ ਦੀ ਲਾਗਤ ਬਾਰੇ ਸਪੱਸ਼ਟ ਨਹੀਂ ਕੀਤਾ, ਪਰ ਇਹ ਕਿਹਾ ਕਿ ਇਹ ਇੱਕ "ਕਾਫ਼ੀ ਮਹਿੰਗਾ ਪ੍ਰੋਜੈਕਟ" ਹੋਵੇਗਾ ਅਤੇ "ਮਹੱਤਵਪੂਰਨ ਨਿਵੇਸ਼" ਸਾਬਤ ਹੋਵੇਗਾ।

## ਡੇਵਿਡ ਈਬੀ ਨੇ ICBC ਦੀ ਬਜਾਏ ਪ੍ਰਾਈਵੇਟ ਇੰਸ਼ੁਰੈਂਸ ਕੰਪਨੀਆਂ ਨੂੰ ਲਿਆਉਣ ਦੀ ਯੋਜਨਾ 'ਤੇ ਚੁੱਕੇ ਸਵਾਲ




ਦੂਜੇ ਪਾਸੇ ਬੀ.ਸੀ. ਐਨ.ਡੀ.ਪੀ. ਦੇ ਨੇਤਾ ਡੇਵਿਡ ਈਬੀ ਵੀ ਬੀਤੇ ਦਿਨੀਂ ਸਰੀ ਵਿੱਚ ਸਨ, ਜਿੱਥੇ ਉਨ੍ਹਾਂ ਨੇ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ICBC ਦੀ ਬਜਾਏ ਪ੍ਰਾਈਵੇਟ ਇੰਸ਼ੁਰੈਂਸ ਕੰਪਨੀਆਂ ਨੂੰ ਲਿਆਉਣ ਦੇ ਪਲਾਨ 'ਤੇ ਸਵਾਲ ਚੁੱਕੇ। ਈਬੀ ਨੇ ਕਿਹਾ, "ਅਸੀਂ ICBC ਸਿਸਟਮ 'ਚ ਸੋਧਾਂ ਨਾਲ ਡਰਾਈਵਰਾਂ ਦੀਆਂ ਪ੍ਰੀਮੀਅਮਾਂ ਨੂੰ $500 ਘਟਾਇਆ ਹੈ। ਇਹ ਸਿਰਫ਼ ਪ੍ਰੀਮੀਅਮਾਂ ਘਟਾਉਣ ਵਿੱਚ ਹੀ ਸਹਾਇਕ ਨਹੀਂ ਰਿਹਾ, ਸਗੋਂ ਹਾਲ ਹੀ ਵਿੱਚ $110 ਦਾ ਰਿਫੰਡ ਵੀ ਦਿੱਤਾ ਗਿਆ। ਦੋ ਸਾਲਾਂ ਤੱਕ ਰੇਟਾਂ ਵਿੱਚ ਕੋਈ ਵਾਧਾ ਨਹੀਂ ਹੋਵੇਗਾ।"

ਉਨ੍ਹਾਂ ਕਿਹਾ ਕਿ ਪ੍ਰਾਈਵੇਟ ਇੰਸ਼ੁਰੈਂਸ ਕੰਪਨੀਆਂ ਨੂੰ ਬੀ.ਸੀ. 'ਚ ਲਿਆਉਣਾ ਮਾਤਰ ਡਰਾਈਵਰਾਂ ਲਈ ਵਾਧੇ ਖਰਚੇ ਵੱਲ ਲੈ ਜਾਵੇਗਾ। ਈਬੀ ਨੇ ਵੋਟਰਾਂ ਨੂੰ ਸਲਾਹ ਦਿੱਤੀ ਕਿ ਉਹ ਅਲਬਰਟਾ ਜਾਂ ਓਨਟਾਰਿਓ ਵਿੱਚ ਰਹਿਣ ਵਾਲੇ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ ਕਰਕੇ ਪੁੱਛ ਸਕਦੇ ਹਨ ਕਿ ਉਹਨਾਂ ਨੂੰ ਕਿੰਨਾ ਭਾਰੀ ਬੀਮਾ ਭਰਨਾ ਪੈਂਦਾ ਹੈ।

# ਕੈਨੇਡਾ ਦੀ ਮਹਿੰਗਾਈ ਦਰ ਘੱਟ ਕੇ 1.6% ਹੋਈ, ਬੈਂਕ ਆਫ਼ ਕੈਨੇਡਾ ਦੀ ਮੀਟਿੰਗ 23 ਅਕਤੂਬਰ ਨੂੰ

**ਸਰੀ, (ਸਿਮਰਨਜੀਤ ਸਿੰਘ):** ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਨਵੇਂ ਅੰਕੜਿਆਂ ਅਨੁਸਾਰ ਸਾਲਾਨਾ ਮਹਿੰਗਾਈ ਦੀ ਦਰ ਸਤੰਬਰ ਵਿਚ ਤੀਬਰਤਾ ਨਾਲ ਘਟ ਕੇ 1.6% 'ਤੇ ਪਹੁੰਚ ਗਈ ਹੈ, ਜੋ ਬੈਂਕ ਆਫ ਕੈਨੇਡਾ ਦੇ 2 ਪ੍ਰਤੀਸ਼ਤ ਦੇ ਟੀਚੇ ਤੋਂ ਵੀ ਘੱਟ ਹੋ ਗਈ ਹੈ।



ਸਟੈਟਿਸਟਿਕਸ ਕੈਨੇਡਾ ਦੇ ਅਨੁਸਾਰ, ਸਤੰਬਰ ਵਿੱਚ ਸਾਲਾਨਾ ਮੰਹਗਾਈ ਦੀ ਦਰ 1.6 ਪ੍ਰਤੀਸ਼ਤ ਰਹੀ, ਜੋ ਅਗਸਤ ਵਿੱਚ 2 ਪ੍ਰਤੀਸ਼ਤ ਸੀ।

ਗੈਸੋਲੀਨ ਦੀਆਂ ਕੀਮਤਾਂ ਵਿੱਚ 10.7% ਦੀ ਗਿਰਾਵਟ ਨੇ ਮਹਿੰਗਾਈ ਦਰ ਨੂੰ ਘੱਟ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਜੇਕਰ ਗੈਸੋਲੀਨ ਦੀਆਂ ਕੀਮਤਾਂ ਨੂੰ ਦਖਲ ਦੇਣ ਦੇ ਤੌਰ 'ਤੇ ਹਟਾ ਦਿੱਤਾ ਜਾਵੇ, ਤਾਂ ਮਹਿੰਗਾਈ ਦਰ 2.2% ਦੇ ਪੱਧਰ 'ਤੇ ਆ ਜਾਂਦੀ, ਜੋ ਕਿ ਅਗਸਤ ਦੇ ਅੰਕੜਿਆਂ ਦੇ ਤਕਰੀਬਨ ਬਰਾਬਰ ਹੈ।

ਪਰ ਦੂਜੇ ਪਾਸੇ ਦੀ ਤਸਵੀਰ ਇਹ ਹੈ ਕਿ ਮਹਿੰਗਾਈ ਦਰ ਘਟਨ ਦੇ ਬਾਵਜੂਦ ਕਿਰਾਏ ਅਤੇ ਗ੍ਰੋਸਰੀ ਦੇ ਖਰਚੇ ਵਧੇ ਹਨ। ਪਿਛਲੇ ਦੋ ਮਹੀਨਿਆਂ ਵਿੱਚ ਭੋਜਨ ਦੀਆਂ ਕੀਮਤਾਂ ਮੁੱਖ ਮਹਿੰਗਾਈ ਦਰ ਨਾਲੋਂ ਤੇਜ਼ ਰਫਤਾਰ ਨਾਲ ਵਧ ਰਹੀਆਂ ਹਨ। ਸਲਾਨਾ ਅਧਾਰ 'ਤੇ, ਸਮੁੰਦਰੀ ਭੋਜਨ ਅਤੇ ਬੀਜ ਦੀਆਂ ਕੀਮਤਾਂ ਵਿੱਚ ਕੁਝ ਗਿਰਾਵਟ ਦੇਖੀ ਗਈ ਪਰ ਪਰ ਤਾਜ਼ਾ ਬੀਫ ਅਤੇ ਅੰਡਿਆਂ ਦੀਆਂ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਸਤੰਬਰ ਦੌਰਾਨ, ਕਿਰਾਏ ਦੀ ਵਾਧਾ ਦਰ ਵਿੱਚ ਮਾਮੂਲੀ ਗਿਰਾਵਟ ਆਈ ਹੈ। ਸਾਲਾਨਾ ਦਰ ਸਾਲ ਦੇ ਮੁਕਾਬਲੇ ਅਗਸਤ ਵਿੱਚ 8.9% ਸੀ, ਜੋ ਸਤੰਬਰ ਵਿੱਚ 8.2% ਤੇ ਆ ਗਈ। ਨਿਊਫੰਡਲੈਂਡ ਐਂਡ ਲੈਬਰਾਡੋਰ, ਨਿਊ ਬ੍ਰੰਜ਼ਵਿਕ ਅਤੇ ਬੀਸੀ ਵਿੱਚ ਕਿਰਾਏ ਦੀਆਂ ਕੀਮਤਾਂ ਦੀ ਰਫਤਾਰ ਵੀ ਘਟੀ ਹੈ।

ਕਈ ਮਾਹਰਾਂ ਨੇ ਮੰਨਿਆ ਹੈ ਕਿ ਇਹ ਨਵੇਂ ਅੰਕੜੇ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰ ਵਿੱਚ 50 ਅੰਕਾਂ ਦੀ ਕਟੌਤੀ ਦੇ ਫੈਸਲੇ ਲਈ ਮੌਕਾ ਬਣਾ ਸਕਦੇ ਹਨ। ਬੈਂਕ ਇਸ ਸਾਲ ਵਿੱਚ ਹੁਣ ਤੱਕ ਤਿੰਨ ਵਾਰ ਵਿਆਜ ਦਰਾਂ ਵਿੱਚ ਕਟੌਤੀ ਕਰ ਚੁੱਕਾ ਹੈ। ਅਗਲੀ ਵਿਆਜ ਦਰ ਬਾਰੇ ਮੀਟਿੰਗ 23 ਅਕਤੂਬਰ ਨੂੰ ਹੋਣੀ ਹੈ, ਜਿੱਥੇ ਮਾਹਿਰਾਂ ਨੂੰ ਉਮੀਦ ਹੈ ਕਿ ਬੈਂਕ ਵਿਆਜ ਦਰਾਂ ਵਿੱਚ ਕਟੌਤੀ ਦੀ ਸੰਭਾਵਨਾ ਕਾਫੀ ਮਜ਼ਬੂਤ ਹੈ।

ਹਵਾਈ ਯਾਤਰਾ ਦੀ ਕੀਮਤ ਸਤੰਬਰ ਵਿੱਚ 4.4 ਪ੍ਰਤੀਸ਼ਤ ਅਤੇ ਮਹੀਨਾਵਾਰ ਆਧਾਰ 'ਤੇ 14.3 ਪ੍ਰਤੀਸ਼ਤ ਘਟੀ ਹੈ, ਜੋ ਸਾਲਾਨਾ ਰੁਝਾਨਾਂ ਦੇ ਮਤਾਬਕ ਆਮ ਹੈ। This report was written by Simranjit Singh as part of the Local Journalism Initiative.

# ਐਬਟਸਫੋਰਡ ਦੇ ਇੱਕ-ਚੌਥਾਈ ਵੋਟਰਾਂ ਨੇ ਕੀਤੀ ਐਡਵਾਂਸ ਵੋਟਿੰਗ

ਮਿਸ਼ਨ, (ਪਰਮਜੀਤ ਸਿੰਘ): ਐਬਟਸਫੋਰਡ ਨਾਲ ਸਬੰਧਤ ਰਿਡਿੰਗਜ਼ ਵਿੱਚ ਰਜਿਸਟਰਡ ਵੋਟਰਾਂ ਦੇ ਲਗਭਗ ਇੱਕ-ਚੌਥਾਈ ਹਿੱਸੇ ਨੇ ਪਹਿਲਾਂ ਹੀ ਨਿਰਣਯ ਲੈ ਲਿਆ ਹੈ ਕਿ ਉਹ ਆਪਣੇ ਐਮ.ਐਲ.ਏ. ਲਈ ਕਿਸਨੂੰ ਚੁਣਨਗੇ। ਐਡਵਾਂਸ ਵੋਟਿੰਗ 10 ਅਕਤੂਬਰ ਤੋਂ 16 ਅਕਤੂਬਰ ਤੱਕ ਚਲੀ - ਪੋਲ ਦਿਵਸ ਦੇ ਦਿਨ, ਅਰਥਾਤ ਥੈਂਕਸਗਿਵਿੰਗ ਦਿਵਸ 'ਤੇ ਪੋਲ ਬੰਦ ਹੋ ਗਏ -ਸੂਬਾਈ ਚੋਣਾਂ 19 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ।

ਇਲੈਕਸ਼ਨਜ਼ ਬੀ.ਸੀ. ਦੁਆਰਾ 17 ਅਕਤੂਬਰ ਨੂੰ ਜਾਰੀ ਕੀਤੇ ਗਿਣਤੀਆਂ ਦੇ ਅੰਕੜਿਆਂ ਦੇ ਮੁਤਾਬਕ, ਐਬੋਟਸਫੋਰਡ-ਮੀਸ਼ਨ ਰਿਡਿੰਗ ਵਿੱਚ 27.5 ਪ੍ਰਤੀਸ਼ਤ ਦੇ ਨਾਲ ਸਭ ਤੋਂ ਵੱਧ ਮਹਿਲਾਵਾਂ ਨੇ ਐਡਵਾਂਸ ਪੋਲਿੰਗ ਵਿੱਚ ਭਾਗ ਲਿਆ।

ਇਸ ਰਿਡਿੰਗ ਦੇ 42,054 ਰਜਿਸਟਰਡ ਵੋਟਰਾਂ ਵਿੱਚੋਂ ਕੁੱਲ 11,563 ਵੋਟਰਾਂ ਨੇ ਵੋਟ ਪਾਈ।



ਦੂਜਾ ਵੱਧ ਭਾਗੀਦਾਰੀ ਲੈਂਗਲੀ-ਐਬਟਸਫੋਰਡ ਅਤੇ ਚਿੱਲੀਵੈਕ ਨੌਰਥ ਵਿੱਚ ਸੀ, ਜਿੱਥੇ ਦੋਹਾਂ ਦੀ ਭਾਗੀਦਾਰੀ 26 ਪ੍ਰਤੀਸ਼ਤ ਰਹੀ। ਲੈਂਗਲੀ-ਐਬਟਸਫੋਰਡ ਵਿੱਚ, 42,788 ਰਜਿਸਟਰਡ ਵੋਟਰਾਂ ਵਿੱਚੋਂ 11,051 ਨੇ ਆਪਣਾ ਫੈਸਲਾ ਲਿਆ, ਜਦਕਿ ਚਿੱਲੀਵੈਕ ਨੌਰਥ ਨੇ 38,497 ਵਿੱਚੋਂ 10,128 ਵੋਟਾਂ ਗਿਣੀਆਂ।

ਹੋਰ ਦੋ ਲੋਕਲ ਰਿਡਿੰਗਜ਼ - ਐਬਟਸਫੋਰਡ ਵੈਸਟ ਅਤੇ ਐਬੋਟਸਫੋਰਡ ਸਾਊਥ - ਦੋਹਾਂ ਨੇ 24 ਪ੍ਰਤੀਸ਼ਤ ਦੀ ਐਡਵਾਂਸ ਵੋਟਿੰਗ ਦਰ ਦਰਜ ਕੀਤੀ।

ਐਬਟਸਫੋਰਡ ਵੈਸਟ ਵਿੱਚ 37,515 ਰਜਿਸਟਰਡ ਵੋਟਰਾਂ ਵਿਚੋਂ 9,163 ਨੇ ਵੋਟਾਂ ਪਾਈਆਂ ਜਦਕਿ ਐਬੋਟਸਫੋਰਡ ਸਾਊਥ ਵਿੱਚ 40,575 ਵਿੱਚੋਂ 9,897 ਨੇ ਭਾਗ ਲਿਆ।

ਪੰਜ ਰਿਡਿੰਗਜ਼ ਨੂੰ ਮਿਲਾ ਕੇ, 201,429 ਰਜਿਸਟਰਡ ਵੋਟਰਾਂ ਵਿੱਚੋਂ 51,082 ਵੋਟਾਂ ਪਹਿਲਾਂ ਹੀ ਵੋਟਾਂ ਪਾ ਦਿੱਤੀਆਂ ਹਨ ਜੋ ਕੁੱਲ ਲਗਭਗ 26 ਪ੍ਰਤੀਸ਼ਤ ਬਣਦੀ ਹੈ।

ਇਲੈਕਸ਼ਨਜ਼ ਬੀ.ਸੀ. ਨੇ ਇਹ ਵੀ ਰਿਪੋਰਟ ਕੀਤਾ ਕਿ ਇਸ ਸਾਲ ਪ੍ਰਾਂਤ ਨੇ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ, ਜਿੱਥੇ ਪਹਿਲਾਂ ਹੀ ਇਕ ਮਿਲਿਅਨ ਤੋਂ ਵੱਧ ਵੋਟਾਂ ਐਡਵਾਂਸ ਪੋਲਿੰਗ ਵਿੱਚ ਗਿਣੀਆਂ ਗਈਆਂ।



Happy Karva Chauth
Happy Diwali
SABZI MANDI SUPERMARKET
Serving our Community since 2003
All Karva Chauth items in store now!
Diwali Tent Sale starting soon! Largest Diwali Tent Sale in the Lower Mainland
HOT PRICE #1 YELLOW ONIONS #1 ਪੀਲੇ ਗੰਢੇ 50lb 13.99 ea
HOT PRICE SIZE 9 JUMBO CAULIFLOWER ਗੋਭੀ 2.49 ea
HOT PRICE FRESH CILANTRO ਧਨੀਆਂ Bunch 2 for 99¢
HOT PRICE FRESH TOMATOES ਟਮਾਟਰ 99¢ /lb
ALMOND OIL ਬਦਾਮ ਤੇਲ 1L 12.99 ea
UNBEATABLE DEAL
ALOKOZAY CANOLA OIL ਕੈਨੋਲਾ ਤੇਲ 3L 9.99 ea
PEELED GARLIC ਲਸਣ 5lb Jar 12.99 ea
AMBAY BESAN ਅੰਬੇ ਬੇਸਣ 4lb 3.99 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 1.29 /lb
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
SWARNA MULTIGRAIN FLOUR ਸਵਰਨਾ ਮਲਟੀਗਰੇਨ ਆਟਾ 20lb 11.99 ea
MDH SPICES ਐਮ. ਡੀ. ਐਚ. ਮਸਾਲੇ Select Varieties 1.99 ea
PUNJABI BY NATURE MILK RUSK ਪੰਜਾਬੀ ਬਾਈ ਨੇਚਰ ਮਿਲਕ ਰੱਸਕ 600g 4.99 ea
FRESH ZUCCHINI ਤੋਰੀ 79¢ /lb
AASHIRVAAD ATTA ਆਸ਼ਿਰਵਾਦ ਆਟਾ 20lb 14.99 ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 6.99 ea
MERI CHAI TEA ਮੇਰੀ ਚਾਹ 216's 5.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
BC GALA APPLES ਬੀ ਸੀ ਗੈਲਾ ਸੇਬ 99¢ /lb
GITS READY-TO-EAT ਗਿਟਸ ਰੈਡੀ-ਟੂ-ਈਟ 300g 2 for $6
BC GREEN CABBAGE ਪੱਤ ਗੋਭੀ 69¢ /lb
FRESH OPO ਲੌਕੀ 1.49 /lb
US #1 POTATOES ਆਲੂ 10lb 3.99 ea
EXTRA FANCY RED ONIONS ਲਾਲ ਗੰਢੇ 25lb 19.99 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. October 18, 2024 - Wed. October 23, 2024
MasterCard VISA
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com